ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ

# Nawi Dunia

Free

ਸਾਲ : 3 ਅੰਕ : 2 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਫਰਵਰੀ - 2012



ਕੌਮਾਂਤਰੀ ਮਾਂ ਬੋਲੀ ਦਿਵਸ : 21 ਫਰਵਰੀ

ਹੁਣ ਯੂਨੀਵਰਸਿਟੀ ਸਟਾਫ 'ਤੇ ਵੀ ਲੱਗਣਗੇ ਕੱਟ — ਪੰਨਾ-3



ਸ੍ਰੀ ਤੋਂ ਪਦਮਸ਼੍ਰੀ ਬਣੇ ਪਾਤਰ — ਪੰਨਾ-9





ਭਾਈ ਸੰਤੋਖ ਸਿੰਘ ਬਾਰੇ ਗੱਲਬਾਤ ਤੇਜਵੰਤ ਸਿੰਘ ਗਿੱਲ ਨਾਲ — ਪੰਨਾ-26

ਸ਼ਬਦੀ ਗੰਦ ਘੋਲਣ ਵਾਲੀ ਗਾਇਕੀ — ਪੰਨਾ-37



## ਇਹ ਕੇਹੀ ਅਣਖ ?

# ਸਾਫ਼ੀਆ ਕਤਲ ਕਾਂਡ : ਪਰਿਵਾਰ ਦੇ ਤਿੰਨ ਜੀਅ ਦੋਸ਼ੀ ਕਰਾਰ

ਟਰਾਂਟੋ (ਨਦਬ):-ਮਤਰੇਈ ਮਾਂ ਸਣੇ ਅਣਖ ਖਾਤਰ ਮਾਰੀਆਂ ਤਿੰਨ ਧੀਆਂ ਦੇ ਕਈ ਮਹੀਨਿਆਂ ਤੋਂ ਚੱਲਦੇ ਕੇਸ ਸਬੰਧੀ ਅਦਾਲਤ ਨੇ ਉਨ੍ਹਾਂ ਦੇ ਮਾਤਾ, ਪਿਤਾ ਅਤੇ ਭਰਾ ਨੂੰ ਢਾਈ ਵਰ੍ਹੇ ਪਹਿਲਾਂ ਕੀਤੇ ਇਸ ਕਾਰੇ ਲਈ ਦੋਸ਼ੀ ਕਰਾਰ ਦਿੰਦਿਆਂ 25 ਸਾਲ (ਉਮਰ) ਦੀ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਕੇਸ ਦੀ ਬੀਤੇ ਦਿਨ 15 ਘੰਟੇ ਚੱਲੀ ਜਿਰਾਹ ਤੋਂ ਬਾਅਦ 12 ਮੈਂਬਰੀ ਜਿਊਰੀ ਇਸ ਫੈਸਲੇ 'ਤੇ ਪਹੁੰਚੀ ਕਿ ਇਸ ਸਾਜ਼ਿਸ਼ ਵਿਚ 59 ਸਾਲਾ ਮੁਹੰਮਦ ਸ਼ਫੀਆ (ਮ੍ਰਿਤਕ ਕੁੜੀਆਂ ਦਾ ਪਿਤਾ), 42 ਸਾਲਾ ਤੂਬਾ ਮੁਹੰਮਦ ਯਾਹੀਆ (ਮਾਂ) ਅਤੇ 21 ਸਾਲਾ ਹਾਮਿਦ ਸ਼ਫ਼ੀਆ (ਭਰਾ) ਬਰਾਬਰ ਦੇ ਭਾਗੀਦਾਰ ਹਨ। ਜੱਜ ਰੌਬਰਟ ਮਾਰੈਂਗਰ ਨੇ ਤਿੰਨ ਭੈਣਾਂ ਜੈਨਬ, ਸਹਰ ਤੇ ਗੀਤੀ ਤੋਂ ਇਲਾਵਾ ਉਨ੍ਹਾਂ ਦੀ ਮਤਰੇਈ ਮਾਂ ਰੋਨਾ ਅਮੀਰ ਮੁਹੰਮਦ ਨੂੰ ਮਾਰ ਮੁਕਾਉਣ ਦੇ ਕੇਸ ਦੇ ਫੈਸਲੇ 'ਤੇ ਸਹੀ ਪਾਈ। ਤਿੰਨਾਂ ਦੋਸ਼ੀਆਂ ਨੂੰ ਬਗੈਰ ਕਿਸੇ ਪੈਰੋਲ ਦੇ ਉਮਰ ਕੈਦ ਸੁਣਾਈ। ਮਾਂਟਰੀਅਲ ਦੇ ਇਸ ਅਫਗਾਨੀ ਕਾਰੋਬਾਰੀ ਮੁਹੰਮਦ ਸ਼ਫੀਆ ਨੇ ਆਪਣੇ ਇਸ ਕਾਰੇ ਨੂੰ ਛੁਪਾਉਣ ਲਈ ਹਰ ਹਰਬਾ ਵਰਤਿਆ, ਪਰ ਜਾਂਚਕਾਰਾਂ ਨੇ ਉਸਦੇ ਇਰਾਦੇ ਨਾਕਾਮ ਕਰ ਦਿੱਤੇ।

ਟੋਰਾਂਟੋ ਤੋਂ 260 ਕਿਲੋਮੀਟਰ ਦੂਰ ਕਿੰਗਸਟਨ ਨੇੜੇ 2009 ਦੀ 30 ਜੂਨ ਦੀ ਸਵੇਰ ਰਿਡੂ ਨਹਿਰ ਵਿੱਚ ਡੁੱਬੀ ਕਾਰ ਵਿੱਚੋਂ 19 ਸਾਲਾ ਜੈਨਬ, 16 ਸਾਲਾ ਸਹਰ, 13 ਸਾਲਾ ਗੀਤੀ ਅਤੇ 52 ਸਾਲਾ ਰੋਨਾ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ। ਉਦੋਂ ਤੋਂ ਹੀ ਸ਼ਫੀਆ ਪਰਿਵਾਰ ਦੇ ਮੈਂਬਰਾਂ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰਕੇ ਜਾਂਚ ਕੀਤੀ ਜਾ ਰਹੀ ਸੀ। ਤਿੰਨ ਮਹੀਨੇ ਚੱਲੇ ਇਸ ਕੇਸ ਵਿਚ 58 ਗਵਾਹ ,158 ਸਬੂਤਾਂ, ਫੋਨ ਕਾਲਾਂ, ਲੈਪਟਾਪ ਜਾਂਚਾਂ ਅਤੇ ਬਹਿਸਾਂ ਨੂੰ ਆਧਾਰ ਬਣਾਕੇ ਤਿੰਨਾਂ ਨੂੰ ਦੋਸ਼ੀ ਪਾਇਆ ਗਿਆ ਹੈ। ਅਣਖ'ਖ਼ਾਤਰ ਕੀਤੇ ਕਤਲਾਂ ਵਜੋਂ ਵਾਚੇ ਗਏ ਇਸ ਕੇਸ ਸਬੰਧੀ ਮੁਲਜ਼ਮਾਂ ਦੇ ਵਕੀਲ ਨੇ ਬੇਸ਼ਕ ਇਸ ਨੂੰ ਕਾਰ ਦੁਰਘਟਨਾ ਸਾਬਤ ਕਰਨ ਦੀ ਪੂਰੀ ਵਾਹ ਲਾਈ ਪਰ ਕਾਮਯਾਬ ਨਹੀਂ ਹੋ ਸਕਿਆ। ਕਤਲ ਕਰਨ ਦੀ ਵਿਉਂਤਬੰਦੀ ਕੁੜੀਆਂ ਦੇ ਬਾਪ ਮੁਹੰਮਦ ਸ਼ਫੀਆ ਸਿਰ ਪਾਈ ਗਈ ਹੈ। ਪੁਲੀਸ ਮੁਤਾਬਕ ਕਤਲ ਦੀ ਜਗ੍ਹਾ ਲੱਭਣ ਲਈ ਇੰਟਰਨੈੱਟ ਦੀ ਮੱਦਦ ਲਈ ਗਈ ਅਤੇ ਨਾਇਗਰਾ ਫਾਲ ਤੋਂ ਮੁੜਦੇ ਵਕਤ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ। ਚਾਰਾਂ (ਮ੍ਰਿਤਕਾਂ) ਦੀ ਕਾਰ ਨੂੰ ਇੱਕ ਹੋਰ ਕਾਰ ਨਾਲ ਨਹਿਰ ਵਿੱਚ ਧੱਕ ਦਿਤਾ ਗਿਆ। ਕੈਨੇਡਾ ਦੇ ਮਾਂਟਰੀਆਲ ਇਲਾਕੇ ਵਿੱਚ 2007 ਵਿੱਚ ਅਫਗਾਨਿਸਤਾਨ ਤੋਂ ਆਕੇ ਵਸੇ ਇਸ ਪਰਿਵਾਰ ਵਿੱਚ ਕਲੇਸ਼ ਉਦੋਂ ਪਿਆ ਜਦੋਂ ਸਭ ਤੋਂ ਵੱਡੀ ਕੁੜੀ ਜੈਨਬ ਘਰੋਂ ਭੱਜ ਕੇ ਔਰਤ ਵਸੇਬਾ ਘਰ'ਵਿੱਚ ਚਲੀ ਗਈ। ਫਿਰ ਸਹਰ ਦੀ ਕਿਸੇ ਮੁੰਡੇ ਨਾਲ ਦੋਸਤੀ ਦੀਆਂ ਗੱਲਾਂ ਘਰਦਿਆਂ ਤੱਕ ਪੁੱਜੀਆਂ। ਤਿੰਨੇ ਕੁੜੀਆਂ ਬਾਗ਼ੀ ਹੋ ਗਈਆਂ ਅਤੇ ਪੱਛਮੀ ਕੱਪੜੇ ਪਾਉਂਦੀਆਂ।

ਇਸ ਤਰ੍ਹਾਂ ਬਾਪ/ਪਰਿਵਾਰ ਦੀਆਂ ਸਭਿਆਚਾਰਕ ਬੰਦਿਸ਼ਾਂ ਅਤੇ ਪੱਛਮੀ ਸਭਿਅਤਾ ਵਿਚ ਪਲੀਆਂ ਕੁੜੀਆਂ ਦਾ ਆਪਸੀ ਤਾਲਮੇਲ ਉੱਖੜ ਗਿਆ ਅਤੇ ਅਖੀਰ ਕੁੜੀਆਂ ਨੂੰ ਅਣਖ ਖ਼ਾਤਰ ਖ਼ਤਮ ਕਰ ਦਿੱਤਾ ਗਿਆ। ਮੁਹੰਮਦ ਸ਼ਫੀਆ 15 ਸਾਲ ਪਹਿਲਾਂ ਅਫਗਾਨਿਸਤਾਨ ਤੋਂ ਨਿਕਲਿਆ ਅਤੇ ਦੁਬਈ, ਆਸਟ੍ਰੇਲੀਆ ਹੁੰਦਾ ਹੋਇਆ ਕੈਨੇਡਾ ਆਇਆ। ਪਹਿਲੀ ਬੀਵੀ ਰੋਨਾ ਦੇ ਔਲਾਦ ਨਾ ਹੋਣ ਕਾਰਨ ਉਸਨੇ ਨੇ ਦੂਜੀ ਸ਼ਾਦੀ ਤੂਬਾ ਯਾਹੀਆ ਨਾਲ ਕਰ ਲਈ ਸੀ




# ਪੰਜਾਬ 'ਚ ਪਈਆਂ ਰਿਕਾਰਡ ਤੋੜ ਵੋਟਾਂ

## ਪੰਜਾਬ 'ਚ ਵੋਟਿੰਗ

77 %

2007 'ਚ 75.45%

117 ਸੀਟਾਂ

1078 ਉਮੀਦਵਾਰ

ਪੰਜਾਬ ਚੋਣਾਂ 'ਤੇ ਵਿਸ਼ੇਸ਼ ਰਿਪੋਰਟ ਸਫ਼ਾ 11, 14 ਅਤੇ 15 'ਤੇ ਪੜ੍ਹੋ

ਅਲਬਰਟਾ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਜਿਤਾਉਣ ਲਈ ਹਲਕਾ ਵਾਸੀਆਂ, ਸਮੂਹ ਭਾਈਚਾਰਿਆਂ ਅਤੇ ਸ਼ੁਭਚਿੰਤਕਾਂ ਦਾ ਤਹਿ ਦਿਲੋਂ ਧੰਨਵਾਦ



Sohail QUADRI
Thanks
Millwoods Constituents, All Communities, Friends & Well-Wishers For Supporting his Candidature For P.C. Party Of Alberta In Millwoods Constituency
Proven Track Record in Leadership & Entrepreneurship
To share your views and concerns please call me at 780.850.4080
squadri@shaw.ca
Righteous • Responsible • Reliable

Roof Trusses
Floor Systems
Lumber - Stairs
ZyTech BUILDING SYSTEMS INC.
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers




Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB
LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessi Singh





Now More Locations To Serve You Better
Preparing you for a safe & healthy journey
Offering National & International Travel Vaccines
ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।
Atlas Immunization Services
Phone: 780 465 5150
www.atlasimmunization.com
Suite 104, 7633-50 St. Edmonton (Meridian Place)

STP ELECTRIC LTD.

stpelectric@hotmail.com
Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ



POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੇਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.



Kuldip S. Powar
Ranjit S. Powar

Fax: 780-406-6797
Email: ranjit_pawar@hotmail.com

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Contact At:
Ph: 780-695-6595

WILDROSE MASONARY & STONE WORKS



Commertial & Residential
Ph: 780 340 1400
Off: 780 450 1413
Fax: 780 490 4888
Dave Johal



ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4



Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Try Us Tonight For Best Deal
In Town
3 For 1
Any 3 Toppings
12" Medium - 14" Large

Menisa Plaza (on Millwood Road) 1079 Knottwood Road East NW Edmonton
780 485 1213 or 780 485 1231
ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

✪ Paneer Pizza ✪ Vegetarian ✪ Supreme Special ✪ Chicken Special ✪ The Pasta Niche

HARRY'S EXCAVATING
Ph 780-918-2252

Specialist in : Digging Basements
& All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

C.J. Auto
& Transmission Repair Ltd.
& Body Shop

Specialize in Propane Repair & Body Shop
Nindy Rao (Manager)



Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

EAGLE ROCK GOLF COURSE



50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
❖ Do Service on remote locations including Weighing Scales.
❖ Vehicle Inspection by Certified Mechanic.
Enough Parking Space
Call: Manjit S.Khosa, Garry Dhaliwal
Ph: 780-298-1114, 780-993-4441
6609 34 st. , Edmonton, Alberta.

MILLWOODS PIZZA
& INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
780 462 4313
Cell: 780 504 5600
Out door Catering at reasonable rates
www.millwoodspizza.com

Take Out
Buffets
starting from
$ 7.99



Faryad Pannu

ALPHA
Tent Rentals
All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354





# ਸੁਹੇਲ ਕਾਦਰੀ ਨੇ ਜਿੱਤੀ ਪੀ.ਸੀ. ਪਾਰਟੀ ਆਫ਼ ਅਲਬਰਟਾ ਦੀ ਮਿਲਵੂਡਜ਼ ਹਲਕੇ ਦੀ ਨੌਮੀਨੇਸ਼ਨ- ਕਾਰਲ ਤੇ ਰੌਨ ਪਛੜੇ





ਐਡਮਿੰਟਨ (ਨਦਬ):- ਸੁਹੇਲ ਕਾਦਰੀ ਨੇ ਮਿਲਵੂਡਜ਼ ਹਲਕੇ ਦੇ ਸ਼ੁਰੂ ਤੋਂ ਹੀ ਵਿਵਾਦਾ 'ਚ ਘਿਰੇ ਰਹੇ ਵਿਧਾਇਕ ਕਾਰਲ ਬਨੀਟੋ ਨੂੰ ਪੀ.ਸੀ. ਪਾਰਟੀ ਆਫ਼ ਅਲਬਰਟਾ ਦੀ ਨੌਮੀਨੇਸ਼ਨ 'ਚ ਹਾਰ ਦਿੱਤੀ। ਕੁੱਲ ਪਈਆਂ 1363 ਵੋਟਾਂ ਵਿੱਚੋਂ ਸੁਹੇਲ ਨੇ 617 ਵੋਟਾਂ ਲੈ ਕੇ ਨੌਮੀਨੇਸ਼ਨ 'ਚ ਜਿੱਤ ਪ੍ਰਾਪਤ ਕੀਤੀ। 467 ਵੋਟਾਂ ਲੈ ਕੇ ਰੌਨ ਰੰਧਾਵਾ ਦੂਸਰੇ ਸਥਾਨ ਅਤੇ 268 ਵੋਟਾਂ ਲੈ ਕੇ ਕਾਰਲ ਬਨੀਟੋ ਤੀਸਰੇ ਸਥਾਨ 'ਤੇ ਰਹੇ।

ਨੌਮੀਨੇਸ਼ਨ ਜਿੱਤਣ ਉਪਰੰਤ 'ਨਵੀਂ ਦੁਨੀਆਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਸੁਹੇਲ ਕਾਦਰੀ ਨੇ ਕਿਹਾ ਕਿ ਨੌਮੀਨੇਸ਼ਨ ਜਿਤਾਉਣ ਦਾ ਸਿਹਰਾ ਉਹ ਹਲਕਾ ਵਾਸੀਆਂ, ਸਮੂਹ ਭਾਈਚਾਰਿਆਂ, ਸ਼ੁਭਚਿੰਤਕਾਂ, ਸਰਗਰਮ ਵਰਕਰਾਂ ਦੇ ਸਿਰ ਬੰਨਦੇ ਹਨ ਅਤੇ ਸਭ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਕਾਦਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਇਸ ਲਈ ਬਹੁਤ ਮਿਹਨਤ ਕੀਤੀ ਅਤੇ ਹਰੇਕ ਭਾਈਚਾਰੇ ਦੇ ਲੋਕਾਂ ਤੱਕ ਪੁੰਹਚ ਕੀਤੀ। ਸੋਹੇਲ ਨੇ ਕਿਹਾ ਕਿ ਉਨ੍ਹਾਂ ਨੌਮੀਨੇਸ਼ਨ ਦੀ ਪ੍ਰਕ੍ਰਿਆ ਦੌਰਾਨ ਲੋਕਾਂ ਨਾਲ ਪਾਰਟੀ ਦੀਆਂ ਨੀਤੀਆਂ ਦੀ ਚਰਚਾ ਕਰਨ ਦੀ ਬਜਾਏ 'ਆਪਣੇ ਆਪ ਨੂੰ' ਲੋਕਾਂ ਵਿੱਚ ਇੱਕ ਉਮੀਦਵਾਰ ਦੇ ਤੌਰ 'ਤੇ ਪੇਸ਼ ਕੀਤਾ।

# ਰਸ਼ੀਦ ਮੁਹੰਮਦ ਨੇ ਮੈਕਾਲ ਹਲਕੇ ਤੋਂ ਪੀ.ਸੀ. ਦੀ ਨੌਮੀਨੇਸ਼ਨ ਜਿੱਤੀ



ਕੈਲਗਰੀ (ਨਦਬ):- ਮੈਕਾਲ ਹਲਕੇ ਤੋਂ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਲਈ ਕਸ਼ਮਕਸ਼ 'ਤੇ ਰਸ਼ੀਦ ਮੁਹੰਮਦ ਨੇ ਰੋਕ ਲਾਉਦਿਆਂ ਜਿੱਤ ਪ੍ਰਾਪਤ ਕੀਤੀ। 709 ਵੋਟਾਂ ਲੈ ਕੇ ਉਨ੍ਹਾਂ ਨੂੰ ਜ਼ਬਰਦਸਤ ਟੱਕਰ ਦੇ ਰਹੇ ਐਡਵੋਕੇਟ ਜਗਦੀਪ ਕੌਰ ਸਹੋਤਾ ਨੂੰ 58 ਵੋਟਾਂ ਦੇ ਫ਼ਰਕ ਨਾਲ ਹਾਰਇਆ । ਪ੍ਰਾਪਤ ਜਾਣਕਾਰੀ ਅਨੁਸਾਰ ਰਸ਼ੀਦ ਨੂੰ ਕੁੱਲ ਵਿੱਚੋ 709, ਐਡਵੋਕੇਟ ਜਗਦੀਪ ਕੌਰ ਸਹੋਤਾ ਨੂੰ 651, ਜੈਮੀ ਲ਼ੱ ਨੂੰ 351, ਡਾ. ਜੰਗ ਬਹਾਦਰ ਸਿੱਧੂ ਨੂੰ 292 ਅਤੇ ਦੀਪ ਸ਼ਿਖਾ ਬਰਾੜ ਨੂੰ 123 ਵੋਟਾਂ ਪ੍ਰਾਪਤ ਹੋਈਆਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਕਤ ਉਮੀਦਵਾਰਾਂ ਤੋਂ ਇਲਾਵਾ ਮੈਕਾਲ ਹਲਕੇ ਤੋਂ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਜਿੱਤਣ ਲਈ ਅਮਤਲ ਖਾਨ, ਅਸਲਾਮ ਮਲਕ, ਆਲਮ ਖੰਤੇਕਰ, ਅਫ਼ਜ਼ਲ ਹਮੀਦ ਤੇ ਰਵੀ ਪ੍ਰਸ਼ਾਦ ਵੀ ਦੌੜ ਵਿੱਚ ਸ਼ਾਮਲ ਸਨ।




## ਸਹੋਤਾ, ਜੰਗ ਬਹਾਦਰ, ਸ਼ਿਖਾ ਬਰਾੜ ਸਮੇਤ ਕਈ ਹਾਰੇ

# ਬਰਗੀਜ਼ ਦੀ ਮੌਤ ਕਾਰਨ ਸਕੂਲ ਹਾਲੇ ਵੀ ਦੁੱਖ ਤੇ ਨਿਰਾਸ਼ਾ ਦੇ ਆਲਮ ਵਿਚ

ਕੈਨੇਡਾ (ਨਦਬ) : ਮੈਟਰੋ ਵੈਨਕੂਵਰ ਹਾਈ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹਾਲੇ ਤਕ ਦੁੱਖ ਤੇ ਨਿਰਾਸ਼ਾ ਦੇ ਆਲਮ ਵਿਚ ਹਨ ਕਿਉਂਕਿ ਮਹੀਨਾ ਪਹਿਲਾਂ ਇਥੋਂ ਦੇ ਵਿਦਿਆਰਥੀ ਕਾਟੋ ਬਰਗੀਜ਼ (16) ਦੀ ਐਕਸਟੈਸੀ (ਨਸ਼ਾ ਉਤੇਜਤ ਕਰਨ ਵਾਲੀ ਦਵਾਈ) ਲੈਣ ਨਾਲ ਮੌਤ ਹੋ ਗਈ ਸੀ। ਉਹ ਕਲੋਵਰਡੇਲਜ਼ ਲਾਰਡ ਟਵੀਡਜ਼ਮੁਈਰ ਸੈਕੰਡਰੀ ਦਾ ਵਿਦਿਆਰਥੀ ਸੀ।

ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਕਾਉਸਲਰ ਇੱਕਠੇ ਹੋਏ ਹਨ। ਫੇਸਬੁੱਕ 'ਤੇ ਵੀ ਇਸ ਘਟਨਾ ਉਪਰ ਟਿੱਪਣੀ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਕ ਸੰਦੇਸ਼ ਵਿਚ ਲਿਖਿਆ ਹੈ, 'ਮੈਂ ਯਕੀਨ ਨਹੀਂ ਕਰ ਸਕਦੀ ਕਿ ਤੂੰ ਚਲਾ ਗਿਆ ਹੈਂ।' ਇਕ ਹੋਰ ਸੰਦੇਸ਼ ਵਿਚ ਲਿਖਿਆ ਹੈ, 'ਮੇਰੇ ਲਈ ਸੱਚ ਮੰਨਣਾ ਮੁਸ਼ਕਲ ਹੈ।'

ਇਸ ਮਾਮਲੇ ਦੀਆਂ ਭਾਵੇਂ ਹਾਲੇ ਜਾਂਚ ਰਿਪੋਰਟਾਂ ਨਹੀਂ ਆਈਆਂ ਪਰ ਬੀ.ਸੀ. ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਬਰਗੀਜ਼ ਦੀ ਮੌਤ ਐਕਸਟੈਸੀ ਕਾਰਨ ਹੋਈਆਂ ਮੌਤਾਂ ਦੀ ਲੜੀ ਵਿਚ ਸ਼ਾਮਲ ਹੋ ਸਕਦੀ ਹੈ। ਪੀ.ਐਮ.ਐਮ.ਏ. ਨਾਂ ਦਾ ਨਮੂਨਾ ਉਨ੍ਹਾਂ 18 ਵਿਅਕਤੀਆਂ ਦੇ ਸ਼ਰੀਰ ਵਿਚੋਂ ਮਿਲਿਆ ਸੀ ਜਿਨ੍ਹਾਂ ਦੀ ਪਿਛਲੇ ਛੇ ਮਹੀਨਿਆਂ ਦੌਰਾਨ ਮੌਤ ਹੋ ਚੁੱਕੀ ਹੈ। ਪੀ.ਐਮ.ਐਮ.ਏ. ਅਜਿਹਾ ਰਸਾਇਣ ਹੈ ਜੋ ਡਰੱਗ ਦੇ ਅਸਰ ਨੂੰ ਹੋਰ ਵਧਾਉਣ ਲਈ ਐਕਸਟੈਸੀ ਗੋਲੀਆਂ ਵਿਚ ਮਿਲਾਇਆ ਹੁੰਦਾ ਹੈ। ਕੈਲਗਰੀ ਵਿਚ ਵੀ ਐਕਸਟੈਸੀ ਲੈਣ ਨਾਲ ਪੰਜ ਜਣਿਆਂ ਦੀ ਮੌਤ ਹੋ ਗਈ ਸੀ। ਲੋਕਾਂ ਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਹੈ ਕਿ ਇਸ ਮਾਰੂ ਦਵਾਈ ਦੇ ਸੇਵਨ ਨਾਲ ਮੌਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਇਥੋਂ ਦੇ ਇਕ ਵਿਦਿਆਰਥੀ ਨੇ ਕਿਹਾ ਕਿ ਕੁਝ ਵੀ ਬਦਲਿਆ ਨਹੀਂ ਜਾ ਸਕਦਾ। ਲੋਕ ਬੱਸ ਉਂਝ ਹੀ ਇਸ ਦਾ ਸੇਵਨ ਕਰਦੇ ਹਨ। ਸਾਨੂੰ ਪਤਾ ਹੈ ਕਿ ਇਹ ਘਾਤਕ ਹੈ ਪਰ ਲੋਕ ਫਿਰ ਵੀ ਇਸ ਦੀ ਵਰਤੋਂ ਕਰਦੇ ਹਨ। ਸਾਨੂੰ ਪਤਾ ਹੈ ਕਿ ਕੋਈ ਵੀ ਡਰੱਗ ਸੁਰੱਖਿਅਤ ਨਹੀਂ ਹੁੰਦਾ, ਫੇਰ ਵੀ ਲੋਕ ਇਸ ਨੂੰ ਲੈਣੋਂ ਨਹੀਂ ਹਟਦੇ। ਇਕ ਹੋਰ ਵਿਦਿਆਰਥੀ ਨੇ ਇਸ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਬਾਲਗ ਨਾਸਮਝ ਹਨ। ਉਹ ਬਿਲਕੁਲ ਵੀ ਇਸ ਦੇ ਨੁਕਸਾਨ ਬਾਰੇ ਨਹੀਂ ਸੋਚਦੇ। ਇਕ ਹੋਰ ਵਿਦਿਆਰਥੀ ਨੇ ਕਿਹਾ, 'ਲੋਕਾਂ ਨੂੰ ਪਤਾ ਹੈ ਕਿ ਜਦ ਇਹ ਘਾਤਕ ਹੈ ਤਾਂ ਉਹ ਫੇਰ ਵੀ ਲੈਂਦੇ ਹਨ ਤਾਂ ਮੈਨੂੰ ਇਸ ਨਾਲ ਕੋਈ ਹੈਰਾਨੀ ਨਹੀਂ ਹੁੰਦੀ। ਡਰੱਗ ਕਾਉਂਸਲਰ ਮੈਕਗਿਰ ਮਹਿਸੂਸ ਕਰਦੇ ਹਨ ਕਿ ਬਹੁਗਿਣਤੀ ਬੱਚੇ ਇਸਦੀ ਵਰਤੋਂ ਕਰ ਰਹੇ ਹਨ।

# ਵਿਆਹ ਕੇ ਕਨੇਡਾ ਆਏ ਲਾੜਾ-ਲਾੜੀ ਹੁਣ ਦੋ ਸਾਲਾਂ ਤੱਕ ਨਹੀਂ ਹੋ ਸਕਣਗੇ ਪੱਕੇ?



ਕੈਮਲੂਪਸ (ਨਦਬ):- ਵਿਆਹ ਕਰਵਾਕੇ ਕੈਨੇਡਾ ਪੁੱਜਣ ਵਾਲੇ ਲਾੜੇ-ਲਾੜੀਆਂ ਦੇ ਏਅਰਪੋਰਟ ਤੋਂ ਦੌੜਨ, ਧੋਖੇਬਾਜ਼ੀ ਕਰਨ, ਜਾਣ ਸਾਰ ਜੀਵਨ ਸਾਥੀ ਤੋਂ ਵੱਖ ਹੋ ਜਾਣ ਤੇ ਜਾਅਲੀ ਵਿਆਹ ਕਰਵਾਉਣ ਦੀਆਂ ਘਟਨਾਵਾਂ 'ਚ ਹੋਏ ਲਗਾਤਾਰ ਵਾਧੇ ਦੀਆਂ ਸ਼ਿਕਾਇਤਾਂ ਤੇ ਪਟੀਸ਼ਨਾਂ 'ਤੇ ਅਹਿਮ ਫੈਸਲਾ ਲੈਂਦਿਆਂ, ਕੈਨੇਡਾ ਦੀ ਵਿਆਹ ਇੰਮੀਗਰੇਸ਼ਨ ਨੀਤੀ 'ਚ ਵੱਡੀ ਤਬਦੀਲੀ ਕੀਤੀ ਜਾ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪਸ ਵਿਖੇ ਇਸ ਦਾ ਖੁਲਾਸਾ ਕਰਦਿਆਂ, ਇੰਮੀਗ੍ਰੇਸ਼ਨ ਤੇ ਮਲਟੀ ਕਲਚਰਲਿਜ਼ਮ ਮੰਤਰੀ ਜੇਸਨ ਕੈਨੀ ਨੇ ਕਿਹਾ ਕਿ ਕੈਨੇਡਾ ਸਰਕਾਰ ਜਲਦੀ ਹੀ ਅਜਿਹੀ ਨੀਤੀ ਬਣਾ ਰਹੀ ਹੈ, ਜਿਸ ਅਧੀਨ ਵਿਦੇਸ਼ਾਂ 'ਚੋਂ ਵਿਆਹ ਕਰਵਾ ਕੇ ਕੈਨੇਡਾ ਆਉਣ ਵਾਲੇ ਲਾੜੇ ਲਾੜੀਆਂ ਨੂੰ ਦੋ ਸਾਲ ਤੱਕ 'ਕੰਡੀਸ਼ਨਜ਼ ਰੈਜੀਡੈਂਸੀ' ਮਿਲੇਗੀ ਤੇ ਉਹ ਪੱਕੇ ਨਹੀਂ ਹੋ ਸਕਣਗੇ। ਉਨ੍ਹਾਂ ਕਿਹਾ ਕਿ ਜੇਕਰ ਦੋ ਸਾਲਾਂ 'ਚ ਅਜਿਹੇ ਵਿਆਂਦੜ ਦੀ ਸ਼ਾਦੀ ਦੇ ਧੋਖੇ ਬਾਰੇ ਸਰਕਾਰ ਨੂੰ ਜਾਣਕਾਰੀ ਮਿਲਦੀ ਹੈ ਤਾਂ ਅਜਿਹੀ ਹਾਲਤ 'ਚ ਉਸ ਨੂੰ ਕੈਨੇਡਾ ਤੋਂ ਵਾਪਿਸ ਮੋੜਆ ਜਾ ਸਕਦਾ ਹੈ। ਕੈਨੇਡਾ ਦੇ ਮੰਤਰੀ ਨੇ ਕਿਹਾ ਕਿ ਵਿਆਹ ਦੇ ਨਾਂਅ 'ਤੇ ਠੱਗੀਆਂ ਨੂੰ ਰੋਕਣ ਲਈ ਇਹ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਹੁਣ ਤੱਕ ਕੈਨੇਡਾ 'ਚ ਵਿਆਹ ਕਰਵਾ ਕੇ ਪੁੱਜੇ ਲੋਕ, ਪੱਕੇ ਅਵਾਸੀ ਹੀ ਬਣਦੇ ਰਹੇ ਹਨ, ਜਦਕਿ ਭਵਿੱਖ 'ਚ ਅਜਿਹਾ ਨਹੀਂ ਹੋਵੇਗਾ।

# ਬੀ.ਸੀ. ਵਲੋਂ ਅਧਿਆਪਕਾਂ ਦੀਆਂ ਮੰਗਾਂ ਰੱਦ



ਕੈਨੇਡਾ (ਨਦਬ) : ਬੀ.ਸੀ. ਦੇ ਸਿੱਖਿਆ ਮੰਤਰੀ ਜਾਰਜ ਐਬੋਟ ਨੇ ਅਧਿਆਪਕਾਂ ਦੀਆਂ ਤਨਖਾਹਾਂ ਵਧਾਉਣ ਦੀਆਂ ਮੰਗਾਂ ਦਾ ਨਵਾਂ ਪ੍ਰਸਤਾਵ ਰੱਦ ਕਰ ਦਿੱਤਾ ਹੈ। ਸੂਬੇ ਦੀ ਟੀਚਰਜ਼ ਯੂਨੀਅਨ ਅਧਵਾਟੇ ਟੁੱਟੀ ਗੱਲਬਾਤ ਵਿਚੋਂ ਨਵੀਂ ਜ਼ਿੰਦਗੀ ਦੇ ਸੁਪਨੇ ਦੇਖ ਰਹੀ ਸੀ। ਬੀ.ਸੀ. ਟੀਚਰਜ਼ ਫੈਡਰੇਸ਼ਨ ਨੇ ਦਾਅਵਾ ਕੀਤਾ ਹੈ ਕਿ ਇਹ ਖੜੋਤ ਤੋੜਨ ਦੇ ਯਤਨਾਂ ਤਹਿਤ ਉਸ ਦੀਆਂ ਮੰਗਾਂ ਨੂੰ ਮੰਨ ਲਿਆ ਜਾਣਾ ਚਾਹੀਦਾ ਹੈ ਪਰ ਅਬੋਟ ਇਸ ਗੱਲ ਨਾਲ ਸਹਿਮਤ ਨਾ ਹੋਏ। ਉਨ੍ਹਾਂ ਕਿਹਾ, 'ਮੇਰੀ ਅਸੀਮਤ ਆਸ਼ਾਵਾਦੀ ਸੋਚ ਵੀ ਇਸ ਦੀ ਆਗਿਆ ਨਹੀਂ ਦਿੰਦੀ।'

ਜ਼ਿਕਰਯੋਗ ਹੈ ਕਿ ਟੀਚਰ ਇਸ ਸਾਲ ਤਿੰਨ ਫੀਸਦੀ ਦੇ ਵਾਧੇ, ਅਗਲੇ ਹਰੇਕ ਦੋ ਸਾਲ ਬਾਅਦ ਛੇ ਫੀਸਦੀ ਦੀ ਮੰਗ ਕਰ ਰਹੇ ਹਨ। ਜੇਕਰ ਇਹ ਮੰਗਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਇਕੱਲੇ ਸਾਲ ਵਿਚ ਹੀ ਵਿਭਾਗ ਉਪਰ 300 ਮਿਲੀਅਨ ਡਾਲਰ ਦਾ ਬੋਝ ਪਏਗਾ।

ਇਸ ਤੋਂ ਪਹਿਲਾਂ ਸਰਕਾਰ ਨੇ ਕਿਹਾ ਸੀ ਕਿ ਅਧਿਆਪਕਾਂ ਸਮੇਤ ਸਾਰੇ ਜਨਤਕ ਖੇਤਰ ਦੇ ਕੰਟਰੈਕਟ 'ਨੈਟ ਜ਼ੀਰੋ' ਹੋਣਗੇ, ਭਾਵ ਕੰਮ ਹਾਲਤਾਂ ਵਿਚ ਕਿਸੇ ਤਰ੍ਹਾਂ ਦਾ ਵਾਧਾ ਜਾਂ ਤਬਦੀਲੀ ਨਹੀਂ ਹੋਵੇਗੀ। ਸਾਂਝੇ ਸਮਝੌਤੇ ਦੇ ਕੁੱਲ ਖਰਚੇ ਨੂੰ ਵਧਾਏ ਬਿਨਾਂ ਕੋਈ ਆਪਸੀ ਸਾਂਝ ਕਾਇਮ ਹੋਣੀ ਚਾਹੀਦੀ ਹੈ। ਅਬੋਟ ਨੇ ਅਧਿਆਪਕਾਂ ਦਾ ਪ੍ਰਸਤਾਵ ਸਿਰੇ ਤੋਂ ਖਾਰਜ ਕਰ ਦਿੱਤਾ ਕਿਉਂਕਿ ਇਹ ਨੈਟ ਜ਼ੀਰੋ ਦੀ ਅਸਲੀਅਤ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਉਨ੍ਹਾਂ ਕਿਹਾ ਕਿ 'ਨੈਟ ਜ਼ੀਰੋ (ਕੁੱਲ ਸਿਫ਼ਰ) ਉਹ ਹੈ ਜੋ ਸਾਡੇ ਲਈ ਕਰਨਾ ਮੁਸ਼ਕਲ ਨਹੀਂ। ਉਧਰ ਅਧਿਆਪਕਾਂ ਨੇ ਨੈਟ ਜ਼ੀਰੋ ਨੂੰ ਰੱਦ ਕਰ ਦਿੱਤਾ। ਇਸੇ ਦੌਰਾਨ ਬੀ.ਸੀ.ਟੀ.ਐਫ. ਦੇ ਸੁਸਾਨ ਲੈਂਬਰਟ ਨੇ ਕਿਹਾ ਕਿ ਅਦਿਆਪਕਾਂ ਦਾ ਨਵਾਂ ਪ੍ਰਸਤਾਵ ਮਹੱਤਵਪੂਰਨ ਰਿਆਇਤਾਂ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਨੈਟ ਜ਼ੀਰੋ ਜਾਇਜ਼ ਨਹੀਂ ਕਿਉਂਕਿ ਇਸ ਦਾ ਮਤਲਬ ਉਨ੍ਹਾਂ ਦੇ ਮੈਂਬਰਾਂ ਦੀ ਤਨਖ਼ਾਹ ਵਿਚ ਕਟੌਤੀ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਨੈਟ ਜ਼ੀਰੋ ਦਾ ਫਤਵਾ ਖ਼ਤਮ ਕਰਨ ਦੀ ਅਪੀਲ ਕਰਨਗੇ।

ਇਸੇ ਦੌਰਾਨ ਬੀ.ਸੀ. ਪਬਲਿਕ ਸਕੂਲ ਇੰਪਲਾਇਰ ਐਸੋਸੀਏਸ਼ਨ ਨੇ ਬੀ.ਸੀ.ਟੀ.ਐਫ. ਤੇ ਉਨ੍ਹਾਂ ਵਿਚਾਲੇ ਗੱਲਬਾਤ ਮਹੀਨੇ ਲਈ ਰੋਕ ਦਿੱਤੀ ਹੈ ਤੇ ਅਬੋਟ ਦਾ ਕਹਿਣਾ ਹੈ ਕਿ ਕਾਨੂੰਨੀ ਸਮਝੌਤੇ ਮੁਤਾਬਕ 40,000 ਅਧਿਆਪਕਾਂ ਖਿਲਾਫ਼ ਕਾਰਵਾਈ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਬੀ.ਸੀ. ਦੇ ਅਧਿਆਪਕ ਸਤੰਬਰ ਵਿਚ ਸਕੂਲ ਸੈਸ਼ਨ ਸ਼ੁਰੂ ਹੋਣ ਤੋਂ ਹੀ ਵਿਰੋਧ ਕਰਦੇ ਆ ਰਹੇ ਹਨ ਤੇ ਕਿਉਂਕਿ ਜੂਨ ਵਿਚ ਹੀ ਉਨ੍ਹਾਂ ਦਾ ਕੰਟਰੈਕਟ ਖ਼ਤਮ ਹੋ ਗਿਆ ਸੀ ਪਰ ਪਿਛਲੇ ਦਿਨੀਂ ਪਹਿਲੀ ਵਾਰ ਉਨ੍ਹਾਂ ਨੇ ਆਪਣੀਆਂ ਮੰਗਾਂ ਦਾ ਵਿਸਥਾਰ ਵਿਚ ਖੁਲਾਸਾ ਕੀਤਾ। ਲੈਂਬਰਟ ਦਾ ਕਹਿਣਾ ਹੈ ਕਿ ਇਸ ਮਹਿੰਗਾਈ ਵਿਚ ਉਨ੍ਹਾਂ ਦੀਆਂ ਤਨਖ਼ਾਹਾਂ ਵਿਚ ਵਾਧਾ ਕੀਤਾ ਜਾਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਐਲਬਰਟਾ ਤੇ ਓਂਟਾਰੀਓ ਵਿਚ ਵੀ ਉਨ੍ਹਾਂ ਦੇ ਹਮਰੁਤਬਾ ਅਧਿਆਪਕਾਂ ਦੀਆਂ ਤਨਖ਼ਾਹਾਂ ਉਨ੍ਹਾਂ ਨਾਲੋਂ ਕਿਤੇ ਜ਼ਿਆਦਾ ਹਨ।


Great rates. Low fees. Expert advice.

- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca



servus credit union

feel good about your money.

Canada's Best Managed Companies

# ਸਮਰੱਥਾ ਤੋਂ ਵੱਧ ਮਰੀਜ਼ਾਂ ਨੇ ਵਧਾਈਆਂ ਰੀਜਾਈਨਾ ਹਸਪਤਾਲ ਦੀਆਂ ਮੁਸ਼ਕਲਾਂ

ਰੀਜਾਈਨਾ (ਨਦਬ) : ਰੀਜਾਈਨਾ ਦਾ ਹਸਪਤਾਲ ਮਰੀਜ਼ਾਂ ਦੀ ਤਾਦਾਦ ਵਧਣ ਕਾਰਨ ਇਸ ਸਮੇਂ ਕਾਫੀ ਮੁਸ਼ਕਲਾਂ ਨਾਲ ਜੂਝ ਰਿਹਾ ਹੈ, ਜਿਸ ਕਾਰਨ ਇਸ ਦੇ ਕੰਮ-ਕਾਜ 'ਤੇ ਅਸਰ ਪੈ ਰਿਹਾ ਹੈ ਤੇ ਮਰੀਜ਼ਾਂ ਨੂੰ ਵੀ ਮੁਸ਼ਕਲ ਪੇਸ਼ ਆ ਰਹੀ ਹੈ। ਰੀਜਾਈਨਾ ਕਿਊ ਐਪਲੇ ਹੈਲਥ ਰੀਜਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਹ ਮਰੀਜ਼ਾਂ ਦੇ ਬੇਮਿਸਾਲ ਵਾਧੇ ਨਾਲ ਸਿੱਝਣ ਦਾ ਯਤਨ ਕਰ ਰਹੇ ਹਨ, ਕਿਉਂਕਿ ਇਸ ਨਾਲ ਸਾਰੇ ਵਿਭਾਗਾਂ ਉਪਰ ਕਾਫੀ ਤਣਾਅ ਵਧ ਗਿਆ ਹੈ।

ਰੀਜਨ ਅਨੁਸਾਰ ਰੀਜਾਈਨਾ ਦੇ ਦੋ ਹਸਪਤਾਲਾਂ ਵਿਚ ਬੈੱਡਾਂ ਦੀ ਸਮਰੱਥਾ 85 ਫੀਸਦੀ ਹੈ। ਕਿਸੇ ਵੀ ਤਰ੍ਹਾਂ ਸੌ ਫੀਸਦੀ ਤਕ ਪਹੁੰਚ ਕਰਨਾ ਬਹੁਤ ਮੁਸ਼ਕਲ ਹੈ। ਪਿਛਲੇ ਕੁਝ ਦਿਨਾਂ ਤੋਂ ਇਹ ਹਸਪਤਾਲ ਸੌ ਫੀਸਦੀ ਤੋਂ ਕਿਤੇ ਉਪਰ ਚੱਲ ਰਹੇ ਹਨ। ਕਈ ਮਰੀਜ਼ਾਂ ਨੂੰ ਤਾਂ ਗਲ੍ਹੀ ਵਿਚ ਹੀ ਰੱਖਣਾ ਪੈ ਰਿਹਾ ਹੈ। ਇਥੋਂ ਦੇ ਇਕ ਡਾਕਟਰ ਨੇ ਕਿਹਾ ਕਿ ਇਸ ਤਰ੍ਹਾਂ ਮਰੀਜ਼ਾਂ ਦੀ ਦੇਖ ਭਾਲ ਕਰਨ ਵਿਚ ਦਿਕਤਾਂ ਆਉਂਦੀਆਂ ਹਨ। ਉਨ੍ਹਾਂ ਨੂੰ ਲੋੜੀਂਦੀਆਂ ਸੇਵਾਵਾਂ ਦੇਣਾ ਮੁਸ਼ਕਲ ਬਣ ਜਾਂਦਾ ਹੈ। ਹਰੇਕ ਮਰੀਜ਼ ਨੂੰ ਸੇਵਾਵਾਂ ਦੇਰੀ ਨਾਲ ਮਿਲ ਰਹੀਆਂ ਹਨ। ਡਾ. ਜੋਏ ਡੋਬਸਨ ਨੇ ਕਿਹਾ ਕਿ ਉਹ ਹਰ ਸੰਭਵ ਯਤਨ ਕਰ ਰਹੇ ਹਨ ਕਿ ਮਰੀਜ਼ਾਂ ਨੂੰ ਜਲਦੀ ਜਲਦੀ ਠੀਕ ਕਰ ਕੇ ਘਰ ਭੇਜਿਆ ਜਾਵੇ। ਉਹ ਮਰੀਜ਼ਾਂ ਦੇ ਟੈਸਟਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿਚ ਲੱਗੇ ਹੋਏ ਹਨ ਤੇ ਇਥੋਂ ਤਕ ਕਿ ਨਿੱਜੀ ਸੰਭਾਲ ਘਰਾਂ ਵਿਚ ਬੈੱਡ ਲਭ ਕੇ ਮਰੀਜ਼ਾਂ ਨੂੰ ਉਥੇ ਤਬਦੀਲ ਕਰ ਰਹੇ ਹਨ। ਡੋਬਸਨ ਨੇ ਕਿਹਾ ਕਿ ਰੀਜਨ ਹਫ਼ਤੇ ਦੇ ਅਖ਼ੀਰ ਤੱਕ ਆਪਣੀ ਰਣਨੀਤੀ ਨਵਿਆਉਣ ਦੀ ਯੋਜਨਾ ਬਣਾ ਰਿਹਾ ਹੈ।

# ਪਾਰਕਲੈਂਡ ਦੇ ਮੋਢੀ ਡਾਇਰੈਕਟਰ ਲੈਕਸਰ ਨੂੰ ਨਿੱਘੀ ਵਿਦਾਇਗੀ



ਅਲਬਰਟਾ (ਨਦਬ) : ਲੰਘੀ 6 ਜਨਵਰੀ, 2012 ਨੂੰ ਯੂਨੀਵਰਸਿਟੀ ਆਫ ਅਲਬਰਟਾ ਕੈਂਪਸ ਦੇ ਫੈਕਲਟੀ ਕਲੱਬ ਵਿਖੇ ਪਾਰਕਲੈਂਡ ਇੰਸਟੀਚਿਊਟ ਦੇ ਦੋਸਤਾਂ, ਮੈਂਬਰਾਂ ਤੇ ਸਮਰਥਕਾਂ ਨੇ 31 ਦਸੰਬਰ 2011 ਨੂੰ ਸੇਵਾ ਮੁਕਤ ਹੋਏ ਨਿਰਦੇਸ਼ਕ ਗੋਰਡਨ ਲੈਕਸਰ ਨੂੰ ਵਿਦਾਇਗੀ ਪਾਰਟੀ ਦਿੱਤੀ। ਲੈਕਸਰ ਨੇ ਜਿਥੇ 1996 'ਚ ਪਾਰਕਲੈਂਡ ਇੰਸਟੀਚਿਊਟ ਦੀ ਸਥਾਪਤੀ ਵਿਚ ਅਹਿਮ ਰੋਲ ਅਦਾ ਕੀਤਾ ਅਤੇ ਸ਼ੁਰੂ ਤੋਂ ਹੀ ਉਹ ਇਸ ਦੇ ਮੋਢੀ ਡਾਇਰੈਕਟਰ ਸਨ। ਯੂਨੀਵਰਸਿਟੀ ਆਫ ਲੈਥਬਰਿੱਜ ਤੋਂ ਸਮਾਜ ਸ਼ਾਸ਼ਤਰੀ ਡਾ. ਟਰੈਵਰ ਹੈਰੀਸਨ ਇਸ ਇੰਸਟੀਚਿਊਟ ਵਿਚ ਲੈਕਸਰ ਦੀ ਥਾਂ ਲੈਣਗੇ। ਇੰਸਟੀਚਿਊਟ ਦੇ ਸਟਾਫ, ਬੋਰਡ ਮੈਂਬਰਾਂ, ਯੂਨੀਵਰਸਿਟੀ ਆਫ ਅਲਬਰਟਾ ਦੇ ਕਈ ਪ੍ਰੋਫੈਸਰਾਂ ਨੇ ਹੀ ਨਹੀਂ ਸਗੋ ਜਾਣ-ਪਛਾਣੇ ਅਗਾਂਹ-ਵਧੂ ਚਿੰਤਕਾਂ ਜਿਨ੍ਹਾਂ 'ਚ ਸਾਬਕਾ ਐਨ ਡੀ ਪੀ ਆਗੂ ਅਤੇ ਵਿਧਾਇਕ ਡਾ. ਰਾਜ ਪੰਨੂ, ਸਾਬਕਾ ਲਿਬਰਲ ਆਗੂ ਤੇ ਵਿਧਾਇਕ ਕੈਵਿਨ ਟਾਫਟ, ਅਲਬਰਟਾ ਫੈਡਰੇਸ਼ਨ ਆਫ ਲੇਬਰ ਦੇ ਮੁਖੀ ਗਿਲ ਮੈਗੋਵਨ, ਲੇਖਕ ਡੰਕਨ ਕੈਮਰੌਨ ਤੇ ਲੋਕ ਹਿਤ 'ਚ ਕੰਮ ਕਰਨ ਵਾਲੀ ਸੰਸਥਾ 'ਪਬਲਿਕ ਇੰਟਰੈਸਟ ਅਲਬਰਟਾ' ਦੇ ਨੁਮਾਇੰਦੇ ਬਿੱਲ ਮੂਰ ਅਤੇ 'ਨਵੀਂ ਦੁਨੀਆ' ਵਲੋਂ ਦਲਬੀਰ ਸਾਂਗਿਆਣ, ਜਸਵੀਰ ਦਿਓਲ, ਨਵਤੇਜ, ਕਿਰਤਮੀਤ ਕੁਹਾੜ ਨੇ ਗੋਰਡਨ ਲੈਕਸਰ ਨੂੰ ਸ਼ੁਭ ਇਛਾਵਾਂ ਦਿਤੀਆਂ। ਗੋਰਡਨ ਲੈਕਸਰ ਨੇ ਆਪਣੇ ਭਾਸ਼ਨ 'ਚ ਕਿਹਾ ਕਿ ਸਿਆਸੀ ਤੇ ਪ੍ਰਬੰਧਕੀ ਦਬਾਵਾਂ ਦੇ ਬਾਵਜੂਦ ਵੀ ਉਨ੍ਹਾਂ ਨੂੰ ਅਲਬਰਟਾ ਦੀ ਰਾਜਨੀਤੀ 'ਚ ਲੋਕ ਹਿੱਤਾਂ ਲਈ ਆਪਣੀਆਂ ਟਿਪਣੀਆਂ ਕਰਕੇ ਵਿਰੋਧੀ ਧਿਰ ਵਾਂਗ ਜਾਣੇ ਜਾਂਦੇ ਪਾਰਕਲੈਂਡ ਇੰਸਟੀਚਿਊਟ ਦੇ ਨਾਲ ਜੁੜੇ ਹੋਣ ਦਾ ਹਮੇਸ਼ਾਂ ਮਾਣ ਰਹੇਗਾ। ਹਾਜ਼ਰ ਸਭ ਨੇ ਗੋਰਡਨ ਲੈਕਸਰ ਤੋਂ ਹਮੇਸ਼ਾਂ ਵਾਂਗ ਲੋਕ ਹਿੱਤਾਂ ਲਈ ਕੰਮ ਕਰਦੇ ਰਹਿਣ ਦੀ ਆਸ ਪ੍ਰਗਟਾਈ।

# ਭਾਰਤੀ ਮੂਲ ਦੇ ਅਨੀਸ਼ ਚੋਪੜਾ ਨਹੀਂ ਕਰਨਗੇ ਵ੍ਹਾਈਟ ਹਾਊਸ ਦੀ ਨੌਕਰੀ

ਵਾਸ਼ਿੰਗਟਨ, (ਨਦਬ): ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਪਹਿਲੇ ਮੁੱਖ ਤਕਨੀਕੀ ਅਧਿਕਾਰੀ (ਸੀ.ਟੀ.ਓ.) ਅਤੇ ਵ੍ਹਾਈਟ ਹਾਊਸ ਵਿਚ ਭਾਰਤੀ ਮੂਲ ਦੇ ਸੀਨੀਅਰ ਅਧਿਕਾਰੀ ਅਨੀਸ਼ ਚੋਪੜਾ ਤਿੰਨ ਸਾਲ ਕੰਮ ਕਰਨ ਮਗਰੋਂ ਆਪਣਾ ਅਹੁਦਾ ਛੱਡ ਰਹੇ ਹਨ। ਅਮਰੀਕੀ ਸਰਕਾਰ ਦੇ ਤਕਨੀਕੀ ਏਜੰਡੇ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੇ ਚੋਪੜਾ ਨੇ ਇਨ੍ਹਾਂ ਖ਼ਬਰਾਂ ਦੌਰਾਨ ਅਹੁਦਾ ਛੱਡ ਰਹੇ ਹਨ ਕਿ ਉਹ ਸਿਆਸਤ ਵਿਚ ਆ ਸਕਦੇ ਹਨ। ਓਬਾਮਾ ਨੇ ਇਕ ਬਿਆਨ ਵਿਚ ਕਿਹਾ, "ਅਨੀਸ਼ ਨੇ ਅਮਰੀਕੀਆਂ ਵਲੋਂ ਤਕਨੀਕੀ ਇਸਤੇਮਾਲ ਕਰਨ ਲਈ ਅਣਗਿਣਤ ਤਰੀਕੇ ਕੱਢੇ, ਜਿਸ ਵਿਚ ਬਜ਼ੁਰਗਾਂ ਲਈ ਇਲਕੈਟ੍ਰਾਨਿਕ ਸਿਹਤ ਰਿਕਾਰਡ, ਪੇਂਡੂ ਭਾਈਚਾਰੇ ਤੱਕ ਬ੍ਰਾਡਬੈਂਡ ਪਹੁੰਚਾਉਣਾ ਅਤੇ ਸਰਕਾਰੀ ਰਿਕਾਰਡਾਂ ਦਾ ਆਧੁਨਿਕੀਕਰਨ ਸ਼ਾਮਲ ਹੈ।"

ਉਨ੍ਹਾਂ ਕਿਹਾ ਕਿ 39 ਸਾਲਾ ਚੋਪੜਾ ਨੇ ਸੂਚਨਾ ਤਕਨੀਕੀ ਦੇ ਤਾਜ਼ਾ ਘਟਨਾਕ੍ਰਮਾਂ ਰਾਹੀਂ ਨਵੀਨਤਮ ਸਾਸ਼ਨ ਨੂੰ ਜਨਤਾ ਦੇ ਕਰੀਬ ਲਿਆਉਣ ਵਿਚ ਮੁੱਖ ਭੂਮਿਕਾ ਨਿਭਾਈ ਹੈ ਅਤੇ ਉਹ ਵਰਜੀਨੀਆ ਸਥਿਤ ਆਪਣੇ ਘਰ ਵਾਪਸ ਜਾ ਰਹੇ ਹਨ। ਅਨੀਸ਼ ਚੋਪੜਾ 8 ਫਰਵਰੀ ਨੂੰ ਰਸਮੀ ਤੌਰ 'ਤੇ ਵ੍ਹਾਈਟ ਹਾਊਸ ਛੱਡ ਦੇਣਗੇ। ਚੋਪੜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਦੇਸ਼ ਦੇ ਮੁਖ ਤਕਨੀਕੀ ਅਧਿਕਾਰੀ ਵਜੋਂ ਤਿੰਨ ਸਾਲ ਕੰਮ ਕਰਨ ਮਗਰੋਂ ਮੈਂ ਹੁਣ ਵਰਜੀਨੀਆ ਸਥਿਤ ਆਪਣੇ ਘਰ ਪਰਤ ਰਿਹਾ ਹਾਂ ਤਾਂ ਕਿ ਮੈਂ ਨਵੀਂਆਂ ਤਕਨੀਕਾਂ ਦਾ ਇਸਤੇਮਾਲ ਕਰ ਕੇ ਆਪਣਾ ਕੰਮ ਜਾਰੀ ਰੱਖ ਸਕਾਂ। ਮੈਂ ਇਨ੍ਹਾਂ ਮੰਚਾਂ ਦਾ ਇਸਤੇਮਾਲ ਸਿਹਤ ਦੇਖਭਾਲ, ਸਿੱਖਿਆ ਅਤੇ ਊਰਜਾ ਦੇ ਖੇਤਰਾਂ ਵਿਚ ਸੁਧਾਰ ਦੇ ਨਾਲ ਹੀ ਭਵਿੱਖ ਵਿਚ ਨਵੇਂ ਰੁਜ਼ਗਾਰ ਅਤੇ ਉਗਯੋਗ ਸਥਾਪਤ ਕਰਨ ਲਈ ਕਰਾਂਗਾ।"



ਉਨ੍ਹਾਂ ਕਿਹਾ, "ਮੈਂ ਰਾਸ਼ਟਰਪਤੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਰਕਾਰ ਵਿਚ ਨਵੀਨਤਾ ਦੇ ਸੱਭਿਆਚਾਰ ਨੂੰ ਹੁਲਾਰਾ ਦੇਣ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਅਤੇ ਅਮਰੀਕੀਆਂ ਦੀ ਬਿਹਤਰੀ ਲਈ ਤਕਨੀਕ ਦਾ ਇਸਤੇਮਾਲ ਕਰਨ ਲਈ ਮੇਰੀ ਨਿਯੁਕਤੀ ਕੀਤੀ ਅਤੇ ਇਸ ਵਿਚ ਮੇਰੀ ਅਗਵਾਈ ਕੀਤੀ।" ਚੋਪੜਾ ਵਲੋਂ ਇਹ ਟਿੱਪਣੀ ਉਸ ਵੇਲੇ ਆਈ ਹੈ ਜਦੋਂ ਅਮਰੀਕਾ ਦੇ ਇਕ ਅਖ਼ਬਾਰ ਵਿਚ ਇਹ ਖ਼ਬਰ ਪ੍ਰਕਾਸ਼ਿਤ ਹੋਈ ਕਿ ਸੰਭਾਵਨਾ ਹੈ ਕਿ ਅਨੀਸ਼ ਚੋਪੜਾ ਵਰਜੀਨੀਆ ਸੂਬੇ ਦੇ ਲੈਫ਼ਟੀਨੈਂਟ ਗਵਰਨਰ ਦੇ ਅਹੁਦੇ ਲਈ ਚੋਣ ਲੜ ਸਕਦੇ ਹਨ। ਓਬਾਮਾ ਨੇ ਚੋਪੜਾ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿਚ ਵਿਰਾਸਤ ਅਤੇ ਕੰਮਾਂ ਕਾਰਨ ਅਗਲੇ ਕਈ ਸਾਲਾਂ ਤੱਕ ਅਮਰੀਕੀਆਂ ਨੂੰ ਲਾਭ ਮਿਲਦਾ ਰਹੇ। ਉਨ੍ਹਾਂ ਕਿਹਾ, "ਇੰਨੀ ਸ਼ਾਨਦਾਰ ਸੇਵਾ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।'

# ਭਾਰਤ ਨੇ ਆਊਟਸੋਰਸਿੰਗ 'ਤੇ ਅਮਰੀਕਾ ਨੂੰ ਦਿੱਤੀ ਚੇਤਾਵਨੀ

ਸ਼ਿਕਾਗੋ, (ਨਦਬ): ਭਾਰਤ ਨੇ ਆਊਟਸੋਰਸਿੰਗ ਬੰਦ ਕਰਨ ਨੂੰ ਲੈ ਕੇ ਅਮਰੀਕਾ ਨੂੰ ਚੇਤਾਵਨੀ ਦਿੰਦੇ ਹੋਏ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਜੇਕਰ ਅਮਰੀਕਾ ਭਾਰਤ ਵਿਚ ਕੰਮਕਾਜ ਬੰਦ ਕਰਦਾ ਹੈ ਤਾਂ ਉਸ ਨੂੰ ਪਛਤਾਉਣਾ ਪਵੇਗਾ। ਪ੍ਰਣਬ ਨੇ ਕਿਹਾ ਕਿ ਇਸ ਨਾਲ ਦੋਵੇਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨੂੰ ਲਾਭ ਕਮਾਉਣ ਦੀ ਸਮਰਥਾ ਨੂੰ ਨੁਕਸਾਨ ਪਹੁੰਚੇਗਾ। ਸ੍ਰੀ ਮੁਖਰਜੀ ਨੇ ਸ਼ਿਕਾਗੋ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੋਈ ਵੀ ਦੇਸ਼ ਆਪਣੀਆਂ ਲੋੜਾਂ ਦੇ ਮੁਤਾਬਿਕ ਨੀਤੀਆਂ ਅਪਣਾਉਣ ਲਈ ਆਜ਼ਾਦ ਹੈ ਪਰ ਇਹ ਨੀਤੀਆਂ ਪਿਛਾਂਹ ਖਿੱਚੂ ਨਹੀਂ ਹੋਣੀਆਂ ਚਾਹੀਦੀਆਂ।

# ਓਮਨੀ ਟੀ.ਵੀ ਨੇ ਜਰਨੈਲ ਬਸੋਤਾ ਨੂੰ ਪੰਜਾਬੀ ਖ਼ਬਰਾਂ ਦੀ ਜ਼ਿੰਮੇਵਾਰੀ ਸੌਂਪੀ



ਐਡਮਿੰਟਨ (ਨਦਬ) : ਅਲਬਰਟਾ 'ਚ ਛਪਦੇ ਅਖ਼ਬਾਰ 'ਲੋਕ ਆਵਾਜ਼' ਦੇ ਮੁੱਖ ਸੰਪਾਦਕ ਅਤੇ ਐਡਮਿੰਟਨ ਸਥਿਤ 'ਰੇਡੀਓ ਪੰਜਾਬ' ਦੇ ਹੋਸਟ ਜਰਨੈਲ ਬਸੋਤਾ ਨੂੰ ਓਮਨੀ ਟੀ. ਵੀ. ਵੱਲੋਂ ਪੰਜਾਬੀ ਦੀਆਂ ਖ਼ਬਰਾਂ ਲਈ ਐਡਮਿੰਟਨ ਤੋ ਜ਼ਿੰਮੇਵਾਰੀ ਸੌਂਪੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋ ਪਹਿਲਾਂ ਵੀ ਜਰਨੈਲ ਬਸੋਤਾ ਭਾਰਤ ਵਿਚ ਪੰਜਾਬੀ ਦੇ ਗਲੋਬਲ ਚੈਨਲ ਲਿਸ਼ਕਾਰਾ 'ਚ ਬਤੌਰ ਡਾਇਰੈਕਟਰ ਜ਼ਿੰਮੇਵਾਰੀ ਨਿਭਾਅ ਚੁੱਕੇ ਹਨ। ਸ. ਬਸੋਤਾ ਨੇ ਕਈ ਵਰ੍ਹੇ ਆਪਣੇ ਨਿਰਦੇਸ਼ਨ ਹੇਠ ਅਨੇਕਾਂ ਟਾਕ-ਸ਼ੋਅ, ਸੰਗੀਤਕ ਪ੍ਰੋਗਰਾਮ, ਇੰਟਰਵਿਊ ਆਧਾਰਿਤ ਪ੍ਰੋਗਰਾਮ, ਲਾਈਵ ਕਵਰੇਜ ਅਤੇ ਵਿਸ਼ੇਸ਼ ਮੌਕਿਆਂ ਤੇ ਪ੍ਰੋਗਰਾਮ ਬਣਾਏ ਅਤੇ ਨਿਰਦੇਸ਼ਨ ਕੀਤਾ ਜੋ ਵਿਸ਼ਵ ਭਰ 'ਚ ਮਕਬੂਲ ਹੋਏ ਜਿਨਾਂ ਵਿੱਚ 'ਵਿੱਚ ਕਟਹਿਰੇ ਦੇ', 'ਮੋਤੀ ਪੰਜਾਬ ਦੇ', 'ਰੌਣਕ ਮੇਲਾ' ਅਤੇ ਨਵੇਂਵਰੇ ਦੇ ਪ੍ਰੋਗਰਾਮ ਉਨਾਂ ਦੀਆਂ ਜ਼ਿਕਰਯੋਗ ਪੇਸ਼ਕਾਰੀਆਂ ਹਨ। ਐਡਮਿੰਟਨ ਤੋ ਓਮਨੀ ਚੈਨਲ ਤੇ ਖ਼ਬਰਾਂ ਦੇਣ ਲਈ ਜਰਨੈਲ ਬਸੋਤਾ ਨੂੰ 780-667-1786'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਕੂਲ ਸਮੇਂ ਸਬੰਧੀ ਗੁਪਤ ਗੱਲਬਾਤ

ਕੈਲਗਰੀ (ਨਦਬ) : ਅਧਿਆਪਕਾਂ ਦਾ ਕੰਮ ਸਮਾਂ ਘਟਾਉਣ ਜਾਂ ਸੀਮਤ ਕਰਨ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ ਕਿਉਂਕਿ ਅਗਾਮੀ ਚੋਣਾਂ ਦੇ ਮੱਦੇਨਜ਼ਰ ਅਤੇ ਇਸ ਵਰ੍ਹੇ ਦੇ ਬੱਜਟ ਦੇ ਸਾਹਮਣੇ ਆਉਣ ਤੋਂ ਪਹਿਲਾਂ ਸੂਬਾਈ ਸਰਕਾਰ ਦੇ ਸਿਰ 'ਤੇ ਐਲਬਰਟਾ ਟੀਚਰਜ਼ ਯੂਨੀਅਨ ਨਾਲ ਨਵੇਂ ਸਮਝੌਤੇ ਦੀ ਤਲਵਾਰ ਲਟਕ ਰਹੀ ਹੈ।

ਪਰ ਕੁਝ ਸਕੂਲ ਬੋਰਡ 35,000 ਮੈਂਬਰ ਯੂਨੀਅਨ ਨਾਲ ਗੁਪਤ ਸਮਝੌਤਿਆਂ ਬਾਰੇ ਚਿੰਤਤ ਹਨ ਕਿ ਇਸ ਨਾਲ ਵਿਦਿਆਰਥੀਆਂ ਦਾ ਨੁਕਸਾਨ ਹੋਵੇਗਾ ਜੇਕਰ ਇਸ ਵਿਚ ਬਰਾਬਰ ਦੇ 30 ਘੰਟਿਆਂ ਦਾ ਕੰਮ ਹਫ਼ਤਾ ਸ਼ਾਮਲ ਹੋਇਆ। ਪੂਰਬੀ-ਕੇਂਦਰੀ ਐਲਬਰਟਾ ਵਿਚ ਕਲੀਅਰਵਿਊ ਸਕੂਲ ਡਿਵੀਜ਼ਨ ਦੇ ਚੇਅਰਮੈਨ ਕੇਨ ਚੈਕਲ ਨੇ ਕਿਹਾ ਕਿ ਕਈ ਛੋਟੇ ਸਕੂਲ ਬੋਰਡ ਇਸ ਡਰ ਵਿਚ ਹਨ ਕਿ ਉਨ੍ਹਾਂ ਨੂੰ ਸਕੂਲ ਦਾ ਦਿਨ ਛੋਟਾ ਕਰਨ ਜਾਂ ਕਲਾਸਾਂ ਦੀ ਸਮਰੱਥਾ ਵਧਾਉਣ ਲਈ ਕਿਹਾ ਜਾ ਸਕਦਾ ਹੈ। ਚੈਕਲ ਨੇ ਕਿਹਾ ਕਿ ਅਧਿਆਪਕ ਤੇ ਸੂਬਾਈ ਪ੍ਰਸ਼ਾਸਨ ਇਸ ਸਮੇਂ ਬਾਰੇ ਗੁਪਤ ਵਿਚ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਤਰੀਕਾ ਸਹੀ ਨਹੀਂ ਹੈ ਤੇ ਉਨ੍ਹਾਂ ਦੇ ਖਿਆਲ ਵਿਚ ਇਸ ਨੂੰ ਜਨਤਕ ਤੌਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ।

# 2011 ਦਾ ਯੰਗ ਵੈਟਰਨੇਰੀਅਨ ਪੁਰਸਕਾਰ ਡਾ. ਨਵਜੋਤ ਸਿੰਘ ਗੋਸਲ ਨੂੰ

ਐਡਮਿੰਟਨ (ਨਦਬ): 2008 'ਚ ਕੈਨੇਡਾ ਵਿਚ ਹਾਲ ਹੀ ਵਿਚ ਆਏ ਡਾ. ਨਵਜੋਤ ਸਿੰਘ ਗੋਸਲ ਨੇ ਐਲਬਰਟਾ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਵਲੋਂ ਦਿੱਤਾ ਜਾਂਦਾ ਸਾਲ 2011 ਦਾ ਵਕਾਰੀ 'ਯੰਗ ਵੈਟਰਨੇਰੀਅਨ ਪੁਰਸਕਾਰ' ਜਿੱਤਿਆ ਹੈ। ਪਟਿਆਲਾ ਜ਼ਿਲ੍ਹੇ ਦੇ ਮੱਲੋ ਮਾਜਰਾ ਪਿੰਡ ਵਿਚ ਇਕ ਕਿਸਾਨ ਪਰਿਵਾਰ 'ਚ ਜਨਮੇ ਡਾ. ਗੋਸਲ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ), ਲੁਧਿਆਣਾ ਤੋਂ 2003 ਵਿਚ ਵੈਟਰਨਰੀ ਦੀ ਡਿਗਰੀ ਉਪਰੰਤ 2005 ਵਿਚ ਪਸ਼ੂ ਵਿਗਿਆਨ ਦੀ ਬੇਹਤਰੀਨ ਸ਼ਾਖਾ ਵੈਟਰਨਰੀ ਫਰਮਾਕੋਲੋਜੀ ਐਂਡ ਟੋਕਸੀਕੋਲੋਜੀ 'ਚ ਮਾਸਟਰਜ਼ ਡਿਗਰੀ ਲਈ । ਪੜ੍ਹਾਈ ਦੇ ਨਾਲ ਨਾਲ ਪੀ.ਏ.ਯੂ. ਦੇ ਉਘੇ ਖਿਡਾਰੀ ਰਹੇ ਡਾ. ਗੋਸਲ ਸੰਗਰੂਰ ਜ਼ਿਲ੍ਹੇ 'ਚ ਰੂਰਲ ਵੈਟਰਨਰੀ ਅਫਸਰ ਦੀ ਸੇਵਾ ਵੀ ਨਿਭਾ ਚੁੱਕੇ ਹਨ। ਉਹ 2008 ਵਿਚ ਕੈਨੇਡਾ ਆਏ ਅਤੇ



ਉਤਰੀ ਅਮਰੀਕਾ ਵਿਚ ਪ੍ਰੈਕਟਿਸਿੰਗ ਵੈਟਰਨਰੀਅਨ ਲਈ ਨਾਮਜ਼ਦ ਹੋਣ ਵਾਸਤੇ ਇਮਤਿਹਾਨ ਪਾਸ ਕੀਤਾ ਅਤੇ ਐਡਮਿੰਟਨ ਇਲਾਕੇ ਵਿਚ ਪਸ਼ੂਆਂ ਦੇ ਡਾਕਟਰ ਵਜੋਂ ਸੇਵਾ ਨਿਭਾ ਚੁੱਕੇ ਹਨ। ਗੋਸਲ ਅਵਾਰਾ ਪਸ਼ੂਆਂ ਲਈ ਬਣਾਏ ਘਰਾਂ ਵਿਚ ਵੀ ਆਪਣੀਆਂ ਸੇਵਾਵਾਂ ਦਿੰਦੇ ਹਨ। ਪਸ਼ੂਆਂ ਸਬੰਧੀ ਖੋਜ ਬਾਰੇ ਉਨ੍ਹਾਂ ਦੇ ਕਈ ਲੇਖ ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਉਹ 'ਐਡਮਿੰਟਨ ਐਸੋਸੀਏਸ਼ਨ ਆਫ਼ ਸਮਾਲ ਐਨੀਮਲ ਵੈਟਰਨਰੀਅਰਨਜ਼' ਸੰਸਥਾ ਦੇ ਡਾਇਰੈਕਟਰ ਵੀ ਹਨ। ਇਹ ਉਹ ਸਮਾਂ ਹੈ ਜਦੋਂ ਭਾਰਤ ਦੇ ਨੌਜਵਾਨ ਆਪਣੀ ਪਛਾਣ ਤੇ ਸਭਿਆਚਾਰ ਪੱਛਮੀ ਰੰਗ ਵਿਚ ਭੁੱਲਦੇ ਜਾ ਰਹੇ ਹਨ ਪਰ ਡਾ. ਗੋਸਲ ਨੇ ਸਿੱਖ ਪੱਗੜੀਧਾਰੀ ਵਜੋਂ ਹਾਲੇ ਵੀ ਆਪਣੀ ਪਛਾਣ ਨੂੰ ਕਾਇਮ ਰੱਖਿਆ ਹੋਇਆ ਹੈ। ਐਲਬਰਟਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਏਨਾ ਵਕਾਰੀ ਪੁਰਸਕਾਰ ਕਿਸੇ ਸਿੱਖ ਵਿਅਕਤੀ ਨੂੰ ਮਿਲਿਆ ਹੋਵੇ। ਐਡਮਿੰਟਨ (ਐਲਬਰਟਾ) 'ਚ ਆਪਣੀ ਪਤਨੀ ਤੇ ਬੇਟੇ ਨਾਲ ਰਹਿ ਰਹੇ ਡਾ. ਗੋਸਲ ਨੇ ਭਾਰਤੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

# ਘਰ-ਘਰ ਕੈਮਰਾ ਪਹੁੰਚਾਉਣ ਵਾਲੀ ਕੋਡਕ ਹੋਈ ਦੀਵਾਲੀਆ

ਨਿਊਯਾਰਕ :- 120 ਸਾਲ ਪਹਿਲਾਂ ਅਮਰੀਕਾ ਦੀ ਜਿਸ ਕੋਡਕ ਕੰਪਨੀ ਨੇ ਫੋਟੋਗ੍ਰਾਫੀ ਨੂੰ ਸਭ ਦੇ ਹੱਥਾਂ ਵਿਚ ਪਹੁੰਚਾਇਆ, ਅੱਜ ਉਹ ਕੰਗਾਲ ਹੋ ਚੁੱਕੀ ਹੈ। ਡਿਜ਼ੀਟਲ ਟੈਕਨਾਲੌਜੀ ਦੀ ਰਫ਼ਤਾਰ ਤੋਂ ਹਾਰੀ ਕੋਡਕ ਨੇ ਆਪਣੇ-ਆਪ ਨੂੰ ਦੀਵਾਲੀਆ ਐਲਾਨ ਕੀਤੇ ਜਾਣ ਲਈ ਅਰਜ਼ੀ ਦਿੱਤੀ। ਸਾਲ 1969 ਵਿਚ ਚੰਦ ਉਤੇ ਪਹੁੰਚੇ ਨੀਲ ਆਰਮਸਟ੍ਰਾਂਗ ਨੇ ਚੰਦ ਦੀ ਫੋਟੋ ਕੋਡਕ ਕੈਮਰੇ ਨਾਲ ਹੀ ਖਿੱਚੀ ਸੀ। ਤਦ ਦੁਨੀਆਂ ਇਹ ਜਾਣ ਸਕੀ ਸੀ ਕਿ ਚੰਦ ਕਿੰਨਾ ਖੁਰਦਰਾ ਹੈ।

**ਭਾਰਤੀ ਯੂਨਿਟ ਬੇਅਸਰ :**

ਕੰਪਨੀ ਦੇ ਇਕ ਬਿਆਨ ਅਨੁਸਾਰ, ਹਾਲੇ ਸਿਰਫ ਅਮਰੀਕੀ ਯੂਨਿਟਾਂ ਨੂੰ ਦੀਵਾਲੀਆ ਐਲਾਨ ਕੀਤਾ ਜਾਵੇਗਾ। ਕੋਡਕ ਇੰਡੀਆ ਦੇ ਵਾਈਸ ਪ੍ਰੈਜ਼ੀਡੈਂਟ ਪੀ.ਐਨ ਰਘੁਵੀਰ ਨੇ ਕਿਹਾ ਕਿ ਕੰਪਨੀ ਦੇ ਫੈਸਲੇ ਨਾਲ ਭਾਰਤੀ ਯੂਨਿਟਾਂ ਪ੍ਰਭਾਵਿਤ ਨਹੀਂ ਹੋਣਗੀਆਂ ਅਤੇ ਇਥੇ ਪਹਿਲਾਂ ਦੀ ਤਰ੍ਹਾਂ ਹੀ ਕੰਮ ਚਲਦਾ ਰਹੇਗਾ।

**ਐਪਲ ਵਰਗੀ ਸੀ ਕੰਪਨੀ**




- ਜਾਰਜ ਈਸਟਮੈਨ ਨੇ 1883 ਵਿਚ ਪਹਿਲੀ ਵਾਰ ਰੋਲ ਵਾਲੀ ਫੋਟੋ ਫਿਲਮ ਦੀ ਖੋਜ ਕੀਤੀ ਸੀ ਅਤੇ 1888 ਵਿਚ ਆਪਣਾ ਕੈਮਰਾ ਬਾਜ਼ਾਰ ਵਿਚ ਉਤਾਰਿਆ ਸੀ।
- 1890 ਵਿਚ ਹੱਥ ਕੈਮਰਾ 'ਬ੍ਰਾਊਨੀ' ਲੈ ਕੇ ਆਏ। ਇਸ ਦੀ ਕੀਮਤ ਇਕ ਡਾਲਰ ਸੀ। ਦੁਨੀਆਂ ਦੀਆਂ ਅਗਲੀਆਂ ਤਿੰਨ ਪੀੜ੍ਹੀਆਂ ਬ੍ਰਾਊਨੀ ਕੈਮਰੇ ਦੀ ਵਰਤੋਂ ਕਰਦੀਆਂ ਰਹੀਆਂ। ਉਸ ਸਮੇਂ ਕੰਪਨੀ ਦਾ ਉਹੀ ਦੌਰ ਸੀ, ਜੋ ਅੱਜ ਐਪਲ ਅਤੇ ਗੂਗਲ ਦਾ ਹੈ।
- 1975 ਵਿਚ ਕੋਡਕ ਨੇ ਪਹਿਲੇ ਡਿਜ਼ੀਟਲ ਕੈਮਰੇ ਦੀ ਖੋਜ ਦਾ ਦਾਅਵਾ ਕੀਤਾ।
- 70 ਦੇ ਦਹਾਕੇ ਵਿਚ ਅਮਰੀਕਾ ਵਿਚ 90 ਫੀਸਦੀ ਫੋਟੋ ਫਿਲਮ ਅਤੇ 85 ਫੀਸਦੀ ਕੈਮਰੇ ਕੋਡਕ ਦੇ ਵੇਚੇ ਜਾਂਦੇ ਸਨ।

# ਟਾਰ ਸੈਂਡ: ਇਕ ਭੱਖਦਾ ਮੁੱਦਾ

ਜੌਸ਼ ਮਾਰਸਲਿਨ

ਅਲਬਰਟਾ ਵਿਚ ਟਾਰ ਸੈਂਡ ਦਾ ਵਿਕਾਸ ਅਤੇ ਵਾਤਾਵਰਣ ਉਤੇ ਇਸ ਦਾ ਮਾੜਾ ਪ੍ਰਭਾਵ ਭਖਦਾ ਮੁੱਦਾ ਹੈ ਅਤੇ ਇਸ ਉਤੇ ਚਰਚਾ ਦੀ ਕੋਈ ਕਮੀ ਨਹੀਂ। ਐਡਮਿੰਟਨ ਤੋਂ ਲੰਡਨ ਤੱਕ ਜਨਤਾ ਅਤੇ ਵਾਤਾਵਰਣ ਪ੍ਰੇਮੀ ਇਸ ਨੂੰ ਤਬਾਹਕੁਨ ਯੋਜਨਾ ਗਰਦਾਨ ਚੁੱਕੇ ਹਨ।

ਵਾਤਾਵਰਣ ਪ੍ਰੇਮੀਆਂ ਵੱਲੋਂ ਸੂਬਾਈ ਅਤੇ ਕੇਂਦਰੀ ਸਰਕਾਰਾਂ, ਕਾਰਪੋਰੇਟ ਪੱਖੀ ਗਰੁੱਪਾਂ ਵਿਰੁੱਧ ਜਨਮਤ ਲਈ ਚੱਲ ਰਹੇ ਸੰਘਰਸ਼ ਦੌਰਾਨ ਅਰਬਾਂ ਹੀ ਡਾਲਰ ਉਤਰ ਪੂਰਬੀ ਅਲਬਰਟਾ ਦੀ ਜ਼ਰਖੇਜ਼ ਧਰਤੀ ਵਿਚੋਂ ਕੱਢੇ ਜਾ ਚੁੱਕੇ ਹਨ। ਸਾਲ 2008 ਦੌਰਾਨ ਅਲਬਰਟਾ ਦੀ ਕੁੱਲ ਘਰੇਲੂ ਆਮਦਨ ਦਾ 30.8 ਫੀਸਦੀ ਇਕੱਲਾ ਤੇਲ ਅਤੇ ਗੈਸ ਤੋਂ ਹੀ ਪ੍ਰਾਪਤ ਕੀਤਾ ਗਿਆ।

ਅਲਬਰਟਾ ਵਿਚ ਇਸ ਸਮੇਂ 60 ਤੋਂ ਵੱਧ ਕੰਪਨੀਆਂ ਬਹੁਤ ਹੀ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਇਨ੍ਹਾਂ ਵਿਚ ਕੁਝ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਜਿਵੇਂ ਕਿ ਐਕਸੋਨ ਮੋਬਾਈਲ, ਚੈਵਰੋਨ, ਸ਼ੈਲ ਅਤੇ ਬੀ.ਵੀ ਸ਼ਾਮਲ ਹਨ। ਇਹ ਸਭ ਅਲਬਰਟਾ ਅੰਦਰ 100 ਤੋਂ ਵਧੇਰੇ ਵੱਖ-ਵੱਖ ਯੋਜਨਾਵਾਂ ਉਪਰ ਕੰਮ ਕਰ ਰਹੀਆਂ ਹਨ। ਇਨ੍ਹਾਂ ਚਾਰੋ ਵੱਡੀਆਂ ਕੰਪਨੀਆਂ ਦਾ ਸਾਲ 2011 ਜੁਲਾਈ-ਸਤੰਬਰ (ਚਾਰ ਮਹੀਨੇ) ਦਾ ਕੁੱਲ ਮੁਨਾਫਾ 30 ਅਰਬ ਡਾਲਰ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਇਨ੍ਹਾਂ ਬਹੁਕੌਮੀ ਕੰਪਨੀਆਂ ਦਾ ਇਹ ਮੁਨਾਫਾ ਉਨ੍ਹਾਂ ਨੂੰ ਟਾਰ ਅਤੇ ਸੈਂਡਸ ਤੋਂ ਹੋਣ ਵਾਲੀ ਕੁਲ ਆਮਦਨ ਦਾ ਬਹੁਤ ਮਾਮੂਲੀ ਜਿਹਾ ਹਿੱਸਾ ਹੈ। ਪਰ ਇਹ ਨੰਬਰ ਅਲਬਰਟਾ ਟਾਰ ਸੈਂਡ ਵਿਚ ਸ਼ਾਮਲ ਪੈਸੇ ਦੀ ਸਥਿਤੀ ਜ਼ਾਹਰ ਕਰਦੇ ਹਨ।

(ਸੀ.ਏ.ਪੀ.ਪੀ) ਕੈਨੇਡੀਅਨ ਐਸੋਸੀਏਸ਼ਨ ਆਫ ਪੈਟਰੋਲੀਅਮ ਪ੍ਰੋਡੂਸਰਜ਼ ਦੇ ਬੁਲਾਰੇ ਟਰੈਵਿਸ ਡੇਵਿਸ ਕਹਿੰਦੇ ਹਨ ਕਿ ਟਾਰ ਅਤੇ ਸੇਂਡ ਦੇ ਲਗਾਤਾਰ ਵਧਣ ਨਾਲ ਵਿੱਤੀ ਖਰਚਿਆਂ ਵਿਚ ਵਾਧਾ ਹੋ ਰਿਹਾ ਹੈ। ਸਾਲ 2009 ਅਲਬਰਟਾ ਅੰਦਰ 169.9 ਅਰਬ ਬੈਰਲ ਦੇ ਭੰਡਾਰ ਸਨ, ਜੋ ਕਿ ਸੰਸਾਰ ਦੇ ਕੁੱਲ ਭੰਡਾਰ ਦਾ 13 ਫੀਸਦੀ ਬਣਦੇ ਹਨ। ਸਾਲ 2011 ਦੌਰਾਨ ਅਲਬਰਟਾ ਟਾਰ ਐਂਡ ਸੈਂਡ ਵਿਚ 19 ਅਰਬ ਡਾਲਰ ਦਾ ਨਿਵੇਸ਼ ਹੋਇਆ ਜਿਸ ਦੇ ਇਸ ਸਾਲ ਵਧਕੇ 20 ਅਰਬ ਡਾਲਰ ਹੋ ਜਾਣ ਦੀ ਆਸ ਹੈ।

ਅਲਬਰਟਾ ਐਨਰਜੀ ਦੇ ਬੁਲਾਰੇ ਟਿਮ ਮਾਈਕਲ ਦੱਸਦੇ ਹਨ ਕਿ ਇਸ ਸਾਲ 2009-10 ਦੌਰਾਨ ਅਲਬਰਟਾ ਟਾਰ ਅਤੇ ਸੈਂਡ ਤੋਂ 3.2 ਅਰਬ ਡਾਲਰ ਦੀ ਆਮਦਨ ਹੋਈ ਅਤੇ ਇਸ ਸਾਲ ਇਸ ਦੇ ਵਧ ਕੇ 3.9 ਅਰਬ ਡਾਲਰ ਹੋ ਜਾਣ ਦੀ ਆਸ ਹੈ ਅਤੇ ਇਹ ਰਾਇਲਟੀ, ਟੈਕਸ, ਨਿਰਮਾਣ ਅਤੇ ਹੋਰ ਭਲਾਈ ਯੋਜਨਾਵਾਂ ਲਈ ਵਿਆਪਕ ਪ੍ਰਭਾਵਸ਼ਾਲੀ ਹੋਵੇਗਾ। ਮਾਈਕਲ ਆਖਦਾ ਹੈ ਕਿ ਟਾਰ ਅਤੇ ਸੈਂਡ ਤੋਂ ਹੋਣ ਵਾਲੀ ਆਮਦਨ ਸਕੂਲਾਂ, ਹਸਪਤਾਲਾਂ ਅਤੇ ਹੋਰ ਵੱਡੀਆਂ ਯੋਜਨਾਵਾਂ ਲਈ ਖਰਚ ਪ੍ਰਦਾਨ ਕਰਦੀ ਹੈ। ਉਸ ਦਾ ਅਨੁਮਾਨ ਹੈ ਕਿ ਉਤਪਾਦਨ ਅਗਲੇ ਤਿੰਨ ਸਾਲਾਂ ਭਾਵ 2015 ਤੱਕ ਅਜੋਕੇ 1.6 ਮਿਲੀਅਨ ਬੈਰਲ ਤੋਂ ਵਧਕੇ 3 ਮਿਲੀਅਨ ਬੈਰਲ ਪ੍ਰਤੀ ਦਿਨ ਪਹੁੰਚ ਜਾਵੇਗਾ। ਰਾਇਲਟੀ ਉਤਪਾਦਨ ਨਾਲ ਸਿੱਧਾ ਸਬੰਧ ਹੋਣ ਕਰਕੇ ਇਸ ਤਰ੍ਹਾਂ ਅਗਲੇ ਤਿੰਨ ਸਾਲਾਂ ਵਿਚ ਦੁੱਗਣੀ ਹੋ ਜਾਵੇਗੀ। ਮਾਈਕਲ ਕਹਿੰਦਾ ਹੈ ਕਿ ਅਲਬਰਟਾ ਟਾਰ ਅਤੇ ਸੈਂਡ ਯੋਜਨਾਵਾਂ ਲਈ ਅਰਬ ਡਾਲਰ ਦੇ ਨਿਵੇਸ਼ ਦੀ ਲੋੜ ਹੁੰਦੀ ਹੈ ਅਤੇ ਇਹ ਕੋਈ ਮਾਮੂਲੀ ਰਕਮ ਨਹੀਂ, ਇਸ ਲਈ ਰਾਇਲਟੀ ਦੇ ਨਾਲ-ਨਾਲ ਅਲਬਰਟਾ ਵਿਚ ਪੂੰਜੀ ਨਿਵੇਸ਼ ਦਾ ਧਿਆਨ ਰੱਖਣਾ ਪਵੇਗਾ।

ਫਿਰ ਵੀ ਅਲਬਰਟਾ ਸਰਕਾਰ ਮੰਨਦੀ ਹੈ ਕਿ ਇਕੱਲਾ ਟਾਰ ਅਤੇ ਸੈਂਡ ਵਿਚ ਨਿਵੇਸ਼ ਜੋ ਕਿ ਕੁੱਲ ਵਪਾਰਕ ਨਿਵੇਸ਼ ਦਾ ਅੱਧ ਤੋਂ ਵੱਧ ਬਣਦਾ ਇਸ ਨੂੰ ਵਿੱਤੀ ਖ਼ਤਰੇ ਵਿਚ ਪਾ ਸਕਦਾ ਹੈ।

ਆਉਂਦੇ ਬਜਟ ਦੀ ਆਰਥਿਕ ਦ੍ਰਿਸ਼ਟੀ ਤੋਂ ਇਹ ਗੱਲ ਪ੍ਰਤੱਖ ਹੈ ਕਿ ਅਲਬਰਟਾ ਆਰਥਿਕਤਾ ਦਾ ਵੱਡਾ ਹਿੱਸਾ ਤੇਲ ਨਾਲ ਸਬੰਧਤ ਅਤੇ ਖਾਸ ਤੌਰ 'ਤੇ ਆਇਲ ਸੈਂਡਸ ਸਰਗਰਮੀਆਂ ਤੋਂ ਆਉਂਦਾ ਹੈ। ਇਸ ਤਰ੍ਹਾਂ ਇਕ ਪਦਾਰਥ ਆਧਾਰਤ ਵੱਡੀਆਂ ਯੋਜਨਾਵਾਂ ਤੋਂ ਚਲਦਾ ਵਿਕਾਸ ਅਲਬਰਟਾ ਨੂੰ ਬਾਹਰੀ ਦਖ਼ਲ, ਪੂੰਜੀ ਅਤੇ ਬਾਜ਼ਾਰ ਉਪਰ ਨਿਰਭਰ ਹੋਣ ਕਾਰਨ ਅਸੁਰੱਖਿਅਤ ਹੈ।

ਵਾਤਾਵਰਣ ਪੱਖੀ ਸੰਸਥਾ ਗਰੀਨਪੀਸ ਦੇ ਮਾਈਕ ਹੁੰਡੇਮਾ ਜਿਰਾਹ ਕਰਦੇ ਹਨ ਕਿ ਗਰੀਨ ਆਰਥਿਕਤਾ ਵੱਲ ਬਦਲਾਅ ਹੀ ਸਾਨੂੰ ਤੇਲ ਆਧਾਰਤ ਉਤਾਰ-ਚੜਾਅ ਦੇ ਚੱਕਰ ਤੋਂ ਛੁਟਕਾਰਾ ਦਿਵਾ ਸਕਦਾ ਹੈ। ਹੁੰਡੇਮਾ ਦਾ ਕਹਿਣਾ ਹੈ ਕਿ ਅਲਬਰਟਾ ਕੈਨੇਡਾ ਦਾ ਇਕ ਸੁਚੱਜੀ ਪ੍ਰਾਵਿੰਸ ਹੋਣ ਕਰਕੇ ਅਤੇ ਦੱਖਣੀ ਅਲਬਰਟਾ ਦੀਆਂ ਹਵਾਵਾਂ ਇਸ ਨੂੰ ਸੂਰਜੀ ਊਰਜਾ ਮੁੱਖ ਸਰੋਤ ਹਨ। ਇਥੇ ਜਿਊਲਹਰਮਲ ਊਰਜਾ ਦੇ ਵਿਕਾਸ ਲਈ ਸਾਧਨ ਭਰਪੂਰ ਸੂਬਾ ਹੈ।

ਊਰਜਾ ਨੂੰ ਨਵਿਆਉਣਾ ਅਲਬਰਟਾ ਲਈ ਬਹੁਤ ਹੀ ਫਾਇਦੇਮੰਦ ਹੋਵੇਗਾ। ਇਥੇ ਤੇਲ ਦੇ ਸੀਮਤ ਭੰਡਾਰ ਹਨ। ਇਸ ਲਈ ਬਦਲਾਅ ਨੂੰ ਕੁਝ ਸਮਾਂ ਲੱਗ ਸਕਦਾ ਹੈ, ਪਰ ਇਹ ਠੀਕ ਹੈ। ਇਹ ਸਪਸ਼ਟ ਹੈ ਕਿ ਭਵਿੱਖ ਵਿਚ ਟਾਰ ਅਤੇ ਸੈਂਡ ਦਾ ਅਰਥ ਹੈ ਕਿ ਕੰਪਨੀਆਂ ਲਈ ਮੋਟੇ ਡਾਲਰ। ਤੁਸੀਂ ਇਸ ਨੂੰ ਆਮਦਨ ਕਹਿ ਲਵੋ, ਨਿਰੋਲ ਆਮਦਨ ਜਾਂ ਕੁਝ ਹੋਰ। ਇਨ੍ਹਾਂ ਸਭ ਦਾ ਇਕ ਹੀ ਅਰਥ ਹੈ ਮੁਨਾਫਾ।

| ਕੰਪਨੀ | ਦੇਸ਼ | ਪ੍ਰੋਜੈਕਟ | ਸਾਲ 2011 ਦੀ ਤੀਜੀ ਤਿਮਾਹੀ 'ਚ ਕਮਾਈ (ਮਿਲੀਅਨ ਡਾਲਰਾਂ 'ਚ) |
|---|---|---|---|
| ਬੀਪੀ | ਯੂ.ਕੇ. | ਸਨਰਾਈਜ਼ | 5297 |
| ਕਨੇਡੀਅਨ ਨੈਚੂਰਲ | ਕਨੇਡਾ | ਕਿਰਬੀ | 836 |
| ਕਨੇਡੀਅਨ ਔਇਲ ਸੈਂਡ | ਕਨੇਡਾ | ਸਿਨਕਰੂਡ | 242 |
| ਸੈਨੋਵਸ | ਕਨੇਡਾ | ਫੋਸਟਰ ਕਰੀਕ, ਕ੍ਰਿਸਟੀਨਾ ਲੇਕ | 510 |
| ਸ਼ੈਵਰਨ ਕਾਰਪੋਰੇਸ਼ਨ | ਅਮਰੀਕਾ | ਜੈਕਪਾਈਨ | 7829 |
| ਕੋਨੋਕੋ ਫਿਲਿਪਸ | ਅਮਰੀਕਾ | ਸਰਮੌਂਟ | 2616 |
| ਡੈਵਨ ਐਨਰਜੀ | ਅਮਰੀਕਾ | ਜੈਕਫਿਸ਼ 1 ਅਤੇ 2 | 1038 |
| ਐਨਬ੍ਰਿਜ ਇੰਕ | ਕਨੇਡਾ | ਐਥਾਬਾਸਕਾ ਪਾਈਪ ਲਾਈਨ | 241 |
| ਐਕਸੋਨ ਮੋਬਿਲ | ਅਮਰੀਕਾ | (ਐਸਓ, ਇੰਮਪੀਰੀਅਲ ਔਇਲ) ਕਰਲ | 10033 |
| ਹਸਕੀ ਐਨਰਜੀ ਇੰਕ. | ਕਨੇਡਾ | ਟੱਕਰ, ਸੰਨਰਾਈਜ਼ | 521 |
| ਰੌਇਲ ਡੱਚ ਸ਼ੈਲ | ਨੀਦਰਲੈਂਡ | ਮੱਸਕਿਗ ਰਿਵਰ, ਜੈਕਪਾਈਨ | 7001 |
| ਸਟੈਟਔਇਲ | ਨਾਰਵੇ | ਲੀਜ਼ਮਰ | 1750 |
| ਸਨਕੋਰ ਐਨਰਜੀ | ਕਨੇਡਾ | ਸਨਕਰੂਡ, ਫਾਇਰਬਾਗ | 1287 |
| ਟਰਾਂਸਕਨੇਡਾ | ਕਨੇਡਾ | ਕੀਸਟੋਨ | 384 |
| ਅਲਬਰਟਾ ਨੂੰਔਇਲ ਸੈਂਡ ਤੋਂ ਸਾਲ 2011 ਦੀ ਆਮਦਨ(ਅਨੁਮਾਨਿਤ) | | : | 3900 |

## ਟਵਿਟਰ ਚੋਣਵੀਂ ਸਮੱਗਰੀ ਸੈਂਸਰ ਕਰਨ ਲਈ ਰਾਜ਼ੀ

twitter

ਵਾਸ਼ਿੰਗਟਨ- ਸੋਸ਼ਲ ਨੈਟਵਰਕਿੰਗ ਵੈਬਸਾਈਟ ਟਵਿਟਰ ਨੇ ਕਿਹਾ ਹੈ ਕਿ ਉਹ ਸਾਈਟ ਵਿਚ ਪਾਈ ਗਈ ਸਮੱਗਰੀ ਨੂੰ ਚੋਣਵੇ ਤਰੀਕੇ ਨਾਲ ਅਲੱਗ-ਅਲੱਗ ਦੇਸ਼ਾਂ ਦੇ ਮੁਤਾਬਿਕ ਸੈਂਸਰ ਕਰਨ ਲਈ ਤਿਆਰ ਹੈ। ਟਵਿਟਰ ਦਾ ਇਹ ਬਿਆਨ ਭਾਰਤ ਲਈ ਚੰਗਾ ਕਿਹਾ ਜਾ ਸਕਦਾ ਹੈ ਕਿਉਂਕਿ ਦੇਸ਼ ਵਿਚ ਸੋਸ਼ਲ ਨੈਟਵਰਕਿੰਗ ਸਾਈਟ ਤੋਂ ਇਤਰਾਜ਼ਯੋਗ ਸਮੱਗਰੀ ਹਟਾਉਣ ਲਈ ਕਿਹਾ ਗਿਆ ਹੈ।

ਸੇਨ ਫਰਾਂਸਿਸਕੋ ਸਥਿਤ ਮਾਈਕਰੋ ਬਲਾਗਿੰਗ ਕੰਪਨੀ ਟਵਿਟਰ ਦੇ ਬਲਾਗ ਟਵੀਟ ਮਸਟ ਫਲੋ ਵਿਚ ਕਿਹਾ ਗਿਆ ਹੈ ਕਿ ਜੇਕਰ ਕਿਸੇ ਦੇਸ਼ ਵਿਚ ਕਾਨੂੰਨੀ ਤੌਰ 'ਤੇ ਜ਼ਰੂਰੀ ਹੋਵੇ ਤਾਂ ਯੂਜ਼ਰ ਦੁਆਰਾ ਪਾਈ ਗਈ ਸਮੱਗਰੀ ਨੂੰ ਉਸ ਦੇਸ਼ ਵਿਚ ਦੇਖਣ ਤੋਂ ਰੋਕਿਆ ਜਾ ਸਕਦਾ ਹੈ। ਚੇਤੇ ਰਹੇ ਕਿ ਭਾਰਤ ਵਿਚ ਸਰਕਾਰ ਅਤੇ ਵੱਡੀ ਗਲੋਬਲ ਇੰਟਰਨੈਟ ਕੰਪਨੀਆਂ ਵਿਚਾਲੇ ਵੈਬਸਾਈਟ 'ਤੇ ਪਾਈ ਗਈ ਸਮੱਗਰੀ ਦੀ ਸੈਂਸਰਸ਼ਿਪ ਦਾ ਵਿਵਾਦ ਚੱਲ ਰਿਹਾ ਹੈ।

## ਹੁਣ ਯੂਨੀਵਰਸਿਟੀ ਸਟਾਫ 'ਤੇ ਵੀ ਲੱਗਣਗੇ ਕੱਟ




ਐਡਮਿੰਟਨ (ਨਦਬ) ਕਲਾਸਾਂ ਦੀ ਵਧੇਰੇ ਸਮਰੱਥਾ ਦਾ ਸਾਹਮਣੇ ਕਰ ਰਹੇ ਵਿਦਿਆਰਥੀਆਂ ਨੂੰ ਹੁਣ ਪ੍ਰੋਫੈਸਰਾਂ ਦੀ ਕਮੀ ਵੀ ਝੱਲਣੀ ਪਏਗੀ ਕਿਉਂਕਿ ਐਲਬਰਟਾ ਯੂਨੀਵਰਸਿਟੀ ਕਈ ਸਾਲਾਂ ਤੋਂ ਘਾਟੇ ਵਾਲਾ ਬੱਜਟ ਝੱਲ ਰਹੀ ਹੈ।

ਯੂਨੀਵਰਸਿਟੀ ਦੇ ਅਧਿਕਾਰੀ ਕਾਰਲ ਅਮਰਹੇਨ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਲਈ ਇਹ ਬੇਹੱਦ ਫ਼ਿਕਰਮੰਦੀ ਵਾਲੀ ਗੱਲ ਹੈ ਕਿਉਂਕਿ ਟਿਊਸ਼ਨ ਤੇ ਸੂਬੇ ਦੋਵਾਂ ਤੋਂ ਇਕੱਤਰ ਹੋਣ ਵਾਲਾ ਪੈਸਾ ਇਕ ਸਾਲ ਹੋਰ ਘੱਟ ਰਹੇਗਾ ਅਤੇ ਨਿਵੇਸ਼ ਆਮਦਨ ਵੀ ਘਟੇਗੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਸਾਰੇ ਡੀਨਜ਼ ਨੂੰ ਖ਼ਤ ਭੇਜਿਆ ਹੈ ਕਿ 2012 ਵਿਚ ਉਹ ਇਕ ਹੋਰ ਘਾਟੇ ਵਾਲੇ ਬੱਜਟ ਦੀ ਯੋਜਨਾ ਤਿਆਰ ਕਰਨ ਕਿਉਂਕਿ ਅਗਲੇ ਮਹੀਨੇ ਸੂਬਾਈ ਬੱਜਟ ਪਹਿਲਾਂ ਵਾਂਗ ਹੀ ਰਹਿਣ ਦੀ ਉਮੀਦ ਹੈ। ਸੂਬੇ ਦਾ ਇਹ ਪੈਸਾ ਯੂਨੀਵਰਸਿਟੀ ਦੇ ਬੱਜਟ ਦਾ ਕਰੀਬ 65 ਫੀਸਦੀ ਹੈ। ਆਰਟਸ ਫੈਕਲਟੀ ਦੇ ਡੀਨ ਲੈਸਲੀ ਕੋਰਮੈਕ 2012 ਵਿਚ ਪ੍ਰੋਫੈਸਰਾਂ ਦੀ ਸੰਖਿਆ 7 ਤਕ ਘਟਾਉਣ ਲਈ ਤਿਆਰ ਹਨ। ਇਹ ਸਮੱਸਿਆ ਕੋਈ ਇਕ ਅੱਧ ਯੂਨੀਵਰਸਿਟੀ ਦੀ ਨਹੀਂ ਬਲਕਿ ਹੋਰਨਾਂ ਯੂਨੀਵਰਸਿਟੀਆਂ ਦੀ ਵੀ ਹੈ। ਯੂਨੀਵਰਸਿਟੀਆਂ ਲਈ ਘੱਟ ਬੱਜਟ ਹੋਣ ਕਾਰਨ ਇਸ ਦੀ ਮਾਰ ਸਟਾਫ ਮੈਂਬਰਾਂ ਨੂੰ ਪੈਂਦੀ ਹੈ। ਉਨ੍ਹਾਂ ਦੀਆਂ ਤਨਖਾਹਾਂ ਦਾ ਭਾਰ ਝੱਲਣਾ ਯੂਨੀਵਰਸਿਟੀਆਂ ਲਈ ਮੁਸ਼ਕਲ ਬਣ ਜਾਂਦਾ ਹੈ। ਇਸੇ ਲਈ ਉਹ ਸਟਾਫ ਵਿਚ ਕਟੌਤੀ ਕਰਨ ਲਈ ਮਜਬੂਰ ਹੋ ਰਹੇ ਹਨ।

ਇਸ ਸਥਿਤੀ ਵਿਚ ਪ੍ਰੋਫੈਸਰਾਂ ਦੀ ਸੰਖਿਆ ਘੱਟ ਰਹਿੰਦੀ ਹੈ ਤੇ ਵਿਦਿਆਰਥੀਆਂ ਦੀ ਵੱਧ ਜਾਂਦੀ ਹੈ। ਇਸ ਦਾ ਅਸਰ ਪੜ੍ਹਾਈ ਉਪਰ ਪੈਣਾ ਲਾਜ਼ਮੀ ਹੈ। ਉਧਰ ਵਿਦਿਆਰਥੀ ਜਥੇਬੰਦੀ ਦੇ ਮੁਖੀ ਰੋਰੀ ਟਾਇਘੀ ਨੇ ਕਿਹਾ ਕਿ 1975 ਵਿਚ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵਿਚਾਲੇ ਅਨੁਪਾਤ 15-1 ਦਾ ਸੀ ਤੇ ਟਿਊਸ਼ਨ 1620 ਡਾਲਰ ਦੇ ਕਰੀਬ ਸੀ। ਅੱਜ ਆਰਟਸ ਡਿਗਰੀ ਲਈ ਟਿਊਸ਼ਨ 5195 ਡਾਲਰ ਹੈ। ਜ਼ਾਹਰ ਹੈ ਕਿ ਵਿਦਿਆਰਥੀ ਹੇਠਲੇ ਪੱਧਰ ਦੀ ਸਿੱਖਿਆ ਲਈ ਵੱਧ ਕੀਮਤ ਅਦਾ ਕਰ ਰਹੇ ਹਨ ਤੇ ਟਿਊਸ਼ਨ ਫੀਸ ਵਿਚ ਹੋਰ ਵੀ ਵਾਧਾ ਹੋਣ ਦੀ ਸੰਭਾਵਨਾ ਹੈ।

## ਮਨੁੱਖਤਾ ਦੀ ਸੇਵਾ ਕਰਨਾ ਹੀ ਅਸਲੀ ਧਰਮ- ਡਾ. ਇੰਦਰਜੀਤ ਕੌਰ



ਐਡਮਿੰਟਨ (ਨਦਬ):- ਮਨੁੱਖਤਾ ਦੀ ਸੇਵਾ ਕਰਨਾ ਹੀ ਅਸਲੀ ਧਰਮ ਹੈ ਅਤੇ ਲੋੜਵੰਦ ਲੋਕਾਂ ਦੀ ਸੇਵਾ ਕਰਕੇ ਸਾਨੂੰ ਰੱਬ ਦੇ ਦਰਸ਼ਨ ਹੁੰਦੇ ਹਨ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਗਲਵਾੜਾ ਸੋਸਾਇਟੀ ਅੰਮ੍ਰਿਤਸਰ ਦੀ ਬਰੈਂਪਟਨ ਇਕਾਈ ਦੀ 25ਵੀਂ ਵਰ੍ਹੇਗੰਢ ਮਨਾਉਣ ਲਈ ਕਨੇਡਾ ਫੇਰੀ ਮੌਕੇ ਐਡਮਿੰਟਨ ਪੁੱਜੇ ਪਿੰਗਲਵਾੜਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਪ੍ਰੈਸ ਮਿਲਣੀ ਦੌਰਾਨ ਕੀਤਾ। ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਹੀ ਅਸਲੀ ਧਰਮ ਹੈ ਅਤੇ ਲੋੜਵੰਦ ਲੋਕਾਂ ਦੀ ਸੇਵਾ ਕਰਕੇ ਸਾਨੂੰ ਰੱਬ ਦੇ ਦਰਸ਼ਨ ਹੁੰਦੇ ਹਨ। ਉਨ੍ਹਾਂ ਵਿਦੇਸ਼ਾਂ 'ਚ ਬੈਠੇ ਪੰਜਾਬੀ ਹਮਦਰਦਾਂ ਦੀ ਪਿੰਗਲਵਾੜਾ ਨੂੰ ਦਿੱਤੇ ਜਾ ਰਹੇ ਆਰਥਿਕ ਸਹਿਯੋਗ ਲਈ ਧੰਨਵਾਦ ਕੀਤਾ।

ਉਨ੍ਹਾਂ ਪੱਤਰਕਾਰਾਂ ਨੂੰ ਅਗੇ ਦੱਸਿਆ ਕਿ 1934 ਵਿਚ ਸ਼ੁਰੂ ਹੋਏ ਪਿੰਗਲਵਾੜੇ ਦੇ ਸੰਸਥਾਪਕ ਭਗਤ ਪੂਰਨ ਸਿੰਘ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਕਾਰਜਾਂ ਨੂੰ ਉਨ੍ਹਾਂ (ਡਾ. ਇੰਦਰਜੀਤ ਕੌਰ) ਨੇ 1992 ਵਿਚ ਦੇਖਣਾ ਸ਼ੁਰੂ ਕੀਤਾ। ਵਿਦੇਸ਼ਾਂ ਵਿੱਚ ਵੀ ਇਸ ਦੀਆਂ ਇਕਾਈਆਂ ਕੰਮ ਕਰ ਰਹੀਆਂ ਹਨ।

ਪ੍ਰੈਸ ਮਿਲਣੀ ਮੌਕੇ ਓਨਟਾਰੀਓ ਪਿੰਗਲਵਾੜਾ ਸੁਸਾਇਟੀ ਦੀ ਪ੍ਰਧਾਨ ਬੀਬੀ ਅਬਨਾਸ਼ ਕੌਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ 25 ਸਾਲ ਪਹਿਲਾਂ ਉਨ੍ਹਾਂ 1100 ਰੁਪਏ ਦਾ ਪਹਿਲਾ ਚੈਕ ਪਿੰਗਲਵਾੜਾ ਨੂੰ ਭੇਜਿਆ ਸੀ ਅਤੇ ਇਹ ਰਾਸ਼ੀ ਹੁਣ ਸੰਗਤਾਂ ਦੇ ਸਹਿਯੋਗ ਨਾਲ 52000 ਡਾਲਰ ਮਹੀਨਾ ਤੱਕ ਪਹੁੰਚ ਗਈ ਹੈ। ਇਸ ਸਮੇਂ ਪਿੰਗਲਵਾੜਾ ਵਿਚ 1561 ਬੇਸਹਾਰਾ ਅਪਾਹਜ ਲੋਕਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਪਿੰਗਲਵਾੜਾ ਸੋਸਾਇਟੀ ਦੇ ਸੇਵਾਦਾਰ ਇਕਬਾਲ ਸਿੰਘ ਵੜਿੰਗ, ਸੁਰਿੰਦਰ ਸਿੰਘ ਵੜੈਚ, ਰਾਜ ਵੜੈਚ, ਰਜਿੰਦਰ ਸਿੰਘ ਭਿੰਡਰ ਵੀ ਮੌਜੂਦ ਸਨ।

## ਪੰਜਾਬ ਵਿਚ ਨਾਲੇਜ ਕਮਿਸ਼ਨ ਕਾਇਮ ਕਰਨ ਦਾ ਪ੍ਰਸਤਾਵ

ਚੰਡੀਗੜ੍ਹ (ਨਦਬ) ਅਪਰਵਾਸੀ ਭਾਰਤੀ ਪੰਜਾਬ ਵਿਚ ਗ੍ਰਾਮੀਣ ਢਾਂਚਾਗਤ ਵਿਕਾਸ ਲਈ ਫੰਡ ਦੀ ਵਿਵਸਥਾ ਕਰਨਗੇ। ਇਸ ਫੰਡ ਤਹਿਤ ਭੂਮੀਗਤ ਨਾਲੇ, ਮੀਂਹ ਦਾ ਪਾਣੀ ਇਕੱਠਾ ਕਰਨਾ, ਜਲ ਸਪਲਾਈ, ਜਨਤਕ ਪਖਾਨੇ, ਬਦਲਵੀਂ ਊਰਜਾ ਅਤੇ ਪੌਦੇ ਲਗਾਉਣ ਵਰਗੇ ਪ੍ਰਾਜੈਕਟ ਚਲਾਏ ਜਾਣਗੇ। ਫੰਡ ਦੀ ਨਿਗਰਾਨੀ ਲਈ ਕਮੇਟੀ ਕਾਇਮ ਹੋਵੇਗੀ। ਪੰਜਾਬ ਦੇ ਵਿਕਾਸ ਵਿਚ ਸਹਿਯੋਗ ਲਈ ਐਨ.ਆਰ.ਆਈ ਨਾਲੇਜ ਕਮਿਸ਼ਨ ਬਣਾਉਣ ਵਿਚ ਵੀ ਸਹਾਇਤਾ ਕਰਨਗੇ। ਇਸ ਵਿਚ ਵੱਖ-ਵੱਖ ਖੇਤਰਾਂ ਦੇ ਮਾਹਰ ਸ਼ਾਮਲ ਹੋਣਗੇ। ਸੈੱਲ ਦੇ ਚੇਅਰਮੈਨ ਇੰਦਰ ਦੇਵ ਸਿੰਘ ਮੁਸਾਫਿਰ ਨੇ ਇਹ ਜਾਣਕਾਰੀ ਦਿੱਤੀ।

# ਪੰਜਾਬ ਹੈਰੀਟੇਜ਼ ਫਾਊਂਡੇਸ਼ਨ ਵਲੋਂ ਧੂਮ ਧੜੱਕੇ ਨਾਲ ਮਨਾਇਆ ਗਿਆ 'ਲੋਹੜੀ ਮੇਲਾ-2012'


















ਐਡਮਿੰਟਨ, (ਨਦਬ) ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ 'ਲੋਹੜੀ ਮੇਲਾ-2012' ਫੈਸਟੀਵਲ ਪੈਲੇਸ, ਸ਼ੇਰਵੁੱਡ ਪਾਰਕ ਵਿਖੇ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਪੰਜਾਬ ਤੋਂ ਪੁੱਜੇ ਫਿਲਮੀ ਕਲਾਕਾਰ ਭੁਪਿੰਦਰ ਭੂਪੀ ਨੇ ਇਕ ਧਾਰਮਿਕ ਗੀਤ ਨਾਲ ਕੀਤੀ। ਇਸ ਉਪਰੰਤ ਪੰਜਾਬ ਤੋਂ ਪੁੱਜੀ ਪ੍ਰਸਿੱਧ ਕਲਾਕਾਰ ਮੈਡਮ ਰੂਬੀ ਨੇ ਵੱਖ-ਵੱਖ ਗੀਤਾਂ 'ਤੇ ਕੋਰੀਓਗ੍ਰਾਫੀ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਪੰਜਾਬ ਦੇ ਹਾਲਾਤ ਦਾ ਦੁਖਾਂਤ ਬਿਆਨ ਕਰਦਾ ਗੀਤ 'ਨਾਜਰਾ ਲਾ ਸੀਪ ਦੀ ਬਾਜ਼ੀ, ਸੱਥਾਂ ਖਾਲੀ ਹੋ ਚੱਲੀਆਂ' ਉਤੇ ਨੌਜਵਾਨਾਂ ਵੱਲੋਂ ਕੀਤੀ ਗਈ ਕੋਰੀਓਗ੍ਰਾਫੀ ਵੀ ਸਲਾਹੁਣਯੋਗ ਸੀ। ਇਸ ਮੌਕੇ ਉਭਰਦੇ ਨੌਜਵਾਨ ਕਲਾਕਾਰ ਅਮਨਦੀਪ ਰੰਧਾਵਾ, ਗੁਰਦੀਪ ਜੌਹਲ, ਜੈਜ਼ ਨੇ ਵੀ ਆਪਣੇ ਗੀਤਾਂ ਰਾਹੀਂ ਇਸ ਲੋਹੜੀ ਮੇਲੇ ਵਿਚ ਸਭਿਆਚਾਰ ਦੇ ਵਿਲੱਖਣ ਰੰਗ ਬਿਖੇਰੇ। ਬਜ਼ੁਰਗ ਮਾਤਾਵਾਂ ਵੱਲੋਂ ਗਾਈਆਂ ਘੋੜੀਆਂ ਤੇ ਗੀਤ, ਲੜਕੀਆਂ ਦੇ ਗਿੱਧੇ ਨੇ ਲੋਹੜੀ ਮੇਲੇ ਨੂੰ ਇਤਿਹਾਸਕ ਬਣਾ ਦਿੱਤਾ। ਇਸ ਪ੍ਰੋਗਰਾਮ ਨੂੰ ਤਿਆਰ ਕਰਾਉਣ ਲਈ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਅੰਤਰ-ਰਾਸ਼ਟਰੀ ਢੋਲੀ ਉਸਤਾਦ ਬਿੱਟੂ ਤੇ ਭੰਗੜਾ ਕੋਚ ਮਨਜੀਤ ਸਿੰਘ ਦੀ ਰਹਿਨੁਮਾਈ ਹੇਠ ਬੱਚਿਆਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਭੰਗੜਾ ਜੋਸ਼ੀਲਾ ਸੀ, ਜਿਸ ਨੇ ਇਹ ਸਾਬਿਤ ਕਰ ਦਿੱਤਾ ਕਿ ਸਭਿਆਚਾਰ ਨੂੰ ਸੰਭਾਲਣ ਲਈ ਹੁਣ ਵਿਦੇਸ਼ਾਂ ਵਿਚ ਵੀ ਭਾਈਚਾਰੇ ਵੱਲੋਂ ਪੰਜਾਬ ਤੋਂ ਵੀ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਇਸ ਗਿੱਧੇ ਭੰਗੜੇ ਦੇ ਸਾਹਮਣੇ ਬੈਠੇ ਦਰਸ਼ਕਾਂ ਪੁਰਾਤਨ ਪੰਜਾਬ ਦੇ ਤਿਉਹਾਰਾਂ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਸ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਰਾਜ ਮੰਤਰੀ ਨਰੇਸ਼ ਭਾਰਦਵਾਜ ਤੇ ਕੌਂਸਲਰ ਅਮਰਜੀਤ ਸੋਹੀ ਨੇ ਫਾਉਂਡੇਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਤੇ ਫਾਊਂਡੇਸ਼ਨ ਦੇ ਪ੍ਰਧਾਨ ਗੁਰਚਰਨ ਗਰਚਾ ਤੇ ਕਲਚਰਲ ਡਾਇਰੈਕਟਰ ਮਨਜੀਤ ਸਿੰਘ ਲੋਹੜੀ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਸਟੇਜ ਦੀ ਭੂਮਿਕਾ ਭੁਪਿੰਦਰ ਭੂਪੀ ਤੇ ਹਰਜੀਤ ਸੰਧੂ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਲਈ ਮੂੰਗਫਰੀ ਤੇ ਰਿਓੜੀਆਂ ਵੀ ਵੰਡੀਆਂ ਗਈਆਂ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵਤਨਦੀਪ ਗਰੇਵਾਲ, ਸੁਖਦੇਵ ਧੰਨੋਵਾ, ਹਰਪ੍ਰੀਤ ਗਰੇਵਾਲ, ਜਸਵਿੰਦਰ ਭਿੰਡਰ, ਰਣਜੀਤ ਪਵਾਰ, ਜਗਤਾਰ ਦਿਓਲ, ਮਨਪ੍ਰੀਤ ਸਿੱਧੂ, ਮਹਿੰਦਰ ਤੂਰ, ਜਸਵਿੰਦਰ ਢਿੱਲੋਂ, ਦਲਵਿੰਦਰ ਬਰਾੜ, ਗੁਰਪ੍ਰੀਤ ਵਿਰਕ, ਰਮਨਦੀਪ ਰੰਧਾਵਾ, ਸੁੱਖ ਢਿੱਲੋਂ, ਸੁੱਖ ਬੱਲ, ਅਮਰਜੀਤ ਸਹੋਤਾ, ਸਤਿੰਦਰ ਸੰਧੂ, ਬਲਕਰਨ ਸਿੱਧੂ, ਕੁਲਦੀਪ ਪਵਾਰ, ਰਵਿੰਦਰ ਖਿਆੜਾ ਦਾ ਵਿਸ਼ੇਸ਼ ਸਹਿਯੋਗ ਹੈ।













A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

EconoLodge BY CHOICE HOTELS

# Red Deer Econo Lodge Inn & Suites

www.choicehotels.com

Reservations 1-877-424-6423



403-346-4188
Fax: 403-346-8225
Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3


FREE ADMISSION FREE ADMISSION FREE ADMISSION

# COUNCIL OF INDIA SOCITIES OF EDMONTON

Heartily invites you to be a part of

# INDIA DAY 2012

## Republic Day Celebration

At

*Northern Alberta Jubilee Auditorium*
*11455-87 Avenue*
*Edmonton, Alberta*

On

Sunday, February 12, 2012 at 2:00 p.m. to 5:00 p.m.

*Please come with friends & family and enjoy*

An entertaining afternoon with colorful performances from different cultural groups.

Award presentations for outstanding academic and other activities.

The awards forms for 2012 are available on website www.indiacounciledmonton.com. The application with all documentation must reach office of the Council of India societies of Edmonton before 5:00p.m. January 6th, 2012.

For more information please contact council office:

Phone: 780-436-5367 OR Email: cise@telus.net


ADVANCED Roofing Systems Ltd.

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates




Gill Olson
(Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

*We do Art Work as well...*
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Gurkeerat Holding Ltd.



• We Build New Houses
• We Build Basements
• We do Renovations
• Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

# ਪੰਜਾਬ

# ਅੱਜ-ਕੱਲ੍ਹ

ਪੰਜਾਬ ਪਾਲ

## ਐਹੋ ਜਿਹਾ ਚੋਣ ਜ਼ਾਬਤਾ



ਭਾਰਤੀ ਚੋਣ ਕਮਿਸ਼ਨ ਨੇ ਅਸੈਂਬਲੀ ਚੋਣ-2012 ਵਿਚ ਚੋਣ ਜ਼ਾਬਤਾ ਸਖ਼ਤੀ ਨਾਲ ਲਾਗੂ ਕਰਕੇ ਇਕ ਨਵੀਂ ਮਿਸਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜ ਰਾਜਾਂ ਵਿਚ ਚੋਣਾਂ ਦਾ ਐਲਾਨ ਹੁੰਦਿਆਂ ਸਾਰ ਹੀ ਚੋਣ ਕਮਿਸ਼ਨ ਹਰਕਤ ਵਿਚ ਆ ਗਿਆ ਅਤੇ ਇਸ ਨੇ ਆਪਣੀਆਂ ਸਾਰੀਆਂ ਸ਼ਰਤਾਂ ਲਾਗੂ ਕਰਕੇ ਇਨ੍ਹਾਂ ਉਪਰ ਅਮਲ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਉਠਾ ਲਏ। ਪੰਜਾਬ ਵਾਸੀਆਂ ਨੇ ਅਜਿਹਾ ਚੋਣ ਜ਼ਾਬਤਾ ਪਹਿਲਾਂ ਕਿਸੇ ਚੋਣ ਵਿਚ ਨਹੀਂ ਸੀ ਦੇਖਿਆ। ਵਾਹਨਾਂ ਦੀ ਵੱਡੇ ਪੱਧਰ ’ਤੇ ਚੈਕਿੰਗ ਹੋਈ ਤਾਂ ਕਿ ਗ਼ੈਰ ਕਾਨੂੰਨੀ ਨਗਦੀ ਵੋਟਰਾਂ ਨੂੰ ਵੰਡਣ ਲਈ ਇੱਧਰ-ਉਧਰ ਨਾ ਜਾਵੇ। ਚੈਕਿੰਗ ਦੌਰਾਨ ਬਰਾਮਦ ਹੋਈ ਨਿਸ਼ਚਿਤ ਸੀਮਾ ਤੋਂ ਵੱਧ ਰਾਸ਼ੀ ਆਮਦਨ ਕਰ ਵਿਭਾਗ ਦੇ ਹਵਾਲੇ ਕੀਤੀ ਗਈ। ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ ਅਜਿਹੀ ਲਗਪਗ 31 ਕਰੋੜ ਦੀ ਰਾਸ਼ੀ ਚੈਕਿੰਗ ਦੌਰਾਨ ਫੜੀ ਗਈ। ਇਸੇ ਤਰ੍ਹਾਂ ਗ਼ੈਰ ਕਾਨੂੰਨੀ ਸ਼ਰਾਬ ਵੀ ਚੈਕਿੰਗ ਦੌਰਾਨ ਵੱਡੀ ਮਾਤਰਾ ਵਿਚ ਫੜੀ ਗਈ। ਵੋਟਾਂ ਖਰੀਦਣ ਦੇ ਰੁਝਾਨ ਵਿਰੁੱਧ ਕਮਿਸ਼ਨ ਨੇ ਵੱਖਰੀ ਮੁਹਿੰਮ ਵੀ ਚਲਾਈ। ਰਾਜਸੀ ਪਾਰਟੀਆਂ ਅਤੇ ਆਗੂਆਂ ਉਪਰ ਵੀ ਉਚੇਚਾ ਸ਼ਿਕੰਜਾ ਕੱਸਿਆ ਗਿਆ। ਪੰਜਾਬ ਦੀ ਗਠਜੋੜ ਸਰਕਾਰ ਦੀਆਂ ਕਈ ਲੋਕ ਲੁਭਾਊ ਸਕੀਮਾਂ ਦੇ ਨਾਅਰੇ ਮਿਟਾਏ ਗਏ। ਉਮੀਦਵਾਰਾਂ ਨੂੰ ਨਿਸ਼ਚਿਤ ਖਰਚੇ ਤੋਂ ਵੱਧ ਖਰਚਾ ਨਾ ਕਰਨ ਦੀ ਸਖ਼ਤ ਹਿਦਾਇਤ ਕੀਤੀ ਗਈ। ਝੰਡੀਆਂ, ਬੈਨਰਾਂ, ਚੋਣ ਜਲਸਿਆਂ ਆਦਿ ਸਭ ਦੇ ਖਰਚ ਉਪਰ ਨਜ਼ਰ ਰੱਖੀ ਗਈ। ਜਨਤਕ ਥਾਵਾਂ ਨੂੰ, ਧਾਰਮਿਕ ਸਥਾਨਾਂ ਆਦਿ ਨੂੰ ਚੋਣ ਪ੍ਰਚਾਰ ਲਈ ਵਰਤਣ ਦੀ ਕੋਈ ਖੁੱਲ੍ਹ ਨਹੀਂ ਦਿੱਤੀ ਗਈ। ਗੱਡੀਆਂ ਦੇ ਕਾਫ਼ਲਿਆਂ ਦਾ ਵਿਖਾਵਾ ਨਹੀਂ ਹੋਇਆ, ਸਪੀਕਰ ਗੱਡੀਆਂ ’ਤੇ ਬੰਨ੍ਹ ਕੇ ਪਿੰਡ-ਪਿੰਡ, ਗਲੀ-ਗਲੀ, ਸ਼ੋਰੀਲਾ ਕੰਨ ਪਾੜਵਾਂ ਪ੍ਰਚਾਰ ਨਹੀਂ ਹੋਇਆ। ਸ਼ਰਾਬ ਦੇ ਖੁੱਲ੍ਹੇਆਮ ਲੰਗਰ ਨਹੀਂ ਲੱਗੇ। ਬਾਜ਼ਾਰਾਂ ਵਿਚ ਬੇਲੋੜੇ ਝੰਡੀਆਂ, ਬੈਨਰ, ਹੋਰਡਿੰਗ ਨਜ਼ਰ ਨਹੀਂ ਆਏ। ਜਨਤਕ ਜੀਵਨ ਦਾ ਪ੍ਰਵਾਹ ਆਮ ਵਰਗਾ ਰਿਹਾ, ਭਾਵ ਇਸ ਵਾਰ ਚੋਣਾਂ ਕਾਰਨ ਅਜਿਹੀ ਕੋਈ ਖਲਬਲੀ ਨਜ਼ਰ ਨਹੀਂ ਆਈ, ਜਿਹੜੀ ਕਿ ਪਹਿਲੀਆਂ ਚੋਣਾਂ ਦੌਰਾਨ ਆਮ ਨਜ਼ਰ ਆਉਂਦੀ ਸੀ। ਚੋਣ ਜ਼ਾਬਤੇ ਦੀ ਇਸ ਮਿਸਾਲ ਨੇ ਸਾਬਿਤ ਕਰ ਦਿਖਾਇਆ ਕਿ ਜੇਕਰ ਕਾਨੂੰਨ ਅਤੇ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਨੀਅਤ ਵਿਚ ਖੋਟ ਨਾ ਹਵੇ ਤਾਂ ਕਾਨੂੰਨ ਤੇ ਵਿਵਸਥਾ ਦਾ ਰਾਜ ਸਥਾਪਿਤ ਕਰਨਾ ਔਖੀ ਗੱਲ ਨਹੀਂ ਹੈ। ਪੰਜਾਬ ਚੋਣ ਕਮਿਸ਼ਨ ਨੇ ਇਕ ਹੋਰ ਅਹਿਮ ਫੈਸਲਾ ਲੈਂਦਿਆਂ ਚੋਣਾਂ ਵਿਚ ਅਮਨ ਅਮਾਨ ਕਾਇਮ ਰੱਖਣ ਲਈ ਲਗਪਗ ਪੂਰੇ ਰਾਜ ਵਿਚ ਨੀਮ ਫੌਜੀ ਦਸਤੇ ਤਾਇਨਾਤ ਕਰ ਦਿੱਤੇ। ਇਹ ਸ਼ਾਇਦ ਪੰਜਾਬ ਪੁਲੀਸ ਦੀ ਪਿਛਲੀ ਕਾਰਗੁਜ਼ਾਰੀ ਅਤੇ ਇਸ ਦੇ ਚਰਿੱਤਰ ਨੂੰ ਧਿਆਨ ਵਿਚ ਰੱਖਦਿਆਂ ਕੀਤਾ ਗਿਆ। ਯਾਦ ਰਹੇ ਕਿ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਪੰਜਾਬ ਪੁਲੀਸ ਦੀ ਭੂਮਿਕਾ ਤਰਫ਼ਦਾਰੀ ਵਾਲੀ ਅਤੇ ਬੇਹੱਦ ਨਿੰਦਣਯੋਗ ਰਹੀ ਸੀ। ਇਕ ਹੋਰ ਅਹਿਮ ਫੈਸਲਾ ਲੈਂਦਿਆਂ ਪੰਜਾਬ ਚੋਣ ਕਮਿਸ਼ਨ ਨੇ ਸੌ ਦੇ ਕਰੀਬ ਅਜਿਹੇ ਪੋਲਿੰਗ ਸਟੇਸ਼ਨਾਂ ਦੀ ਨਿਸ਼ਾਨਦੇਹੀ ਕੀਤੀ, ਜਿਨ੍ਹਾਂ ਦੀ ਪੋਲਿੰਗ ਪ੍ਰਕਿਰਿਆ ਦਾ ਸਿੱਧਾ ਪ੍ਰਸਾਰਨ ਚੋਣ ਕਮਿਸ਼ਨ ਲਈ ਉਪਲਬਧ ਸੀ। ਚੋਣ ਕਮਿਸ਼ਨ ਦੁਆਰਾ ਲਗਾਏ ਗਏ ਚੋਣ ਜ਼ਾਬਤੇ ਦਾ ਵਪਾਰੀਆਂ ਦੇ ਇਕ ਛੋਟੇ ਜਿਹੇ ਵਰਗ ਵੱਲੋਂ ਵਿਰੋਧ ਹੋਇਆ ਜਾਂ ਫਿਰ ਇਸ ਉਪਰ ਸ਼੍ਰੋਮਣੀ ਅਕਾਲੀ ਦਲ (ਬ) ਨੇ ਨੁਕਤਾਚੀਨੀ ਕੀਤੀ। ਵਪਾਰੀ ਵਰਗ ਦੀ ਸਹੂਲਤ ਲਈ ਚੋਣ ਕਮਿਸ਼ਨ ਨੇ ਨਗਦੀ ਲਿਜਾਣ-ਲਿਆਉਣ ਦੀ ਸੀਮਾ ਵਿਚ ਵਾਧਾ ਕਰ ਦਿੱਤਾ, ਪਰ ਇਸ ਨਗਦੀ ਦੇ ਦਸਤਾਵੇਜ਼ੀ ਸਬੂਤਾਂ ਸਬੰਧੀ ਕੋਈ ਛੋਟ ਨਹੀਂ ਦਿੱਤੀ। ਅਕਾਲੀ ਸੁਪਰੀਮੋ ਨਾਲ ਚੋਣ ਕਮਿਸ਼ਨ ਕਿਸੇ ਵਿਵਾਦ ਵਿਚ ਨਹੀਂ ਪਿਆ ਅਤੇ ਇਸ ਨੇ ਆਪਣਾ ਕੰਮ ਪਹਿਲਾਂ ਵਾਲੀ ਦ੍ਰਿੜ੍ਹਤਾ ਨਾਲ ਜਾਰੀ ਰੱਖਿਆ। ਚੋਣ ਜ਼ਾਬਤੇ ਦੇ ਨਤੀਜੇ ਲੋਕਤੰਤਰ ਦੇ ਪੱਖ ਵਿਚ ਕਾਫੀ ਚੰਗੇ ਰਹਿਣ ਦੀ ਆਸ ਕੀਤੀ ਜਾ ਸਕਦੀ ਹੈ, ਹਾਲਾਂਕਿ ਅਜੇ ਵੀ ਕਾਫੀ ਕੁਝ ਕਰਨਾ ਬਾਕੀ ਹੈ। ਬਾਕੀ ਰਹਿੰਦੇ ਕੰਮ ਵੀ ਕੀਤੇ ਜਾਣਗੇ ਤਾਂ ਭਾਰਤੀ ਲੋਕਤੰਤਰ ਸਹੀ ਅਰਥਾਂ ਵਿਚ ਲੋਕਤੰਤਰ ਅਖਵਾ ਸਕੇਗਾ। ਹਾਲ ਦੀ ਘੜੀ ਇਸ ਵਾਰ ਦਾ ਚੋਣ ਜ਼ਾਬਤਾ ਹੀ ਕਾਫੀ ਸਮਝਣਾ ਚਾਹੀਦਾ ਹੈ। ਲੋਕ ਤਾਂ ਇਸ ਨੂੰ ਸਲਾਹੁੰਦੇ ਇਥੋਂ ਤੱਕ ਵੀ ਕਹਿ ਰਹੇ ਹਨ; ਵਾਹ! ਐਹੋ ਜਿਹਾ ਚੋਣ ਜ਼ਾਬਤਾ ਤਾਂ ਭਾਵੇਂ ਪੰਜ ਸਾਲ ਲੱਗਾ ਰਹੇ।

## ਚੋਣਾਂ ਦੌਰਾਨ ਮੀਡੀਆ

ਪੱਤਰਕਾਰਿਤਾ, ਪ੍ਰਿੰਟ ਹੋਵੇ ਜਾਂ ਇਲੈਕਟ੍ਰੌਨਿਕ, ਜੇਕਰ ਇਕ ਧਰਮ ਹੈ ਤਾਂ ਮੁੱਲ ਦੀਆਂ ਖ਼ਬਰਾਂ ਨੂੰ ਘੋਰ ਅਪਰਾਧ ਕਿਉਂ ਨਾ ਸਮਝਿਆ ਜਾਵੇ? ਨਿਰਸੰਦੇਹ, ਸਭ ਲੋਕ ਇਹੋ ਸਮਝਦੇ ਹਨ, ਪੱਤਰਕਾਰੀ ਨਾਲ ਜੁੜੇ ਲੋਕਾਂ ਨੂੰ ਅਸੀਂ ਅਕਸਰ ਇਹ ਕਹਿੰਦਿਆਂ ਸੁਣਦੇ ਹਾਂ ਕਿ ਪੱਤਰਕਾਰੀ ਦਾ ਵੀ ਇਕ ਧਰਮ ਹੁੰਦਾ ਹੈ। ਪਰ ਇਹ ਸਭ ਕਹਿਣ ਦੀਆਂ ਗੱਲਾਂ ਹਨ। ਕੁਝ ਗਿਣਤੀ ਦੇ ਹੀ ਲੋਕ ਅਜਿਹੇ ਹੋਣਗੇ ਜਿਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਕੋਈ ਫਰਕ ਨਾ ਹੋਵੇ। ਪੱਤਰਕਾਰੀ ਦਾ ਆਵਾ ਕਿਸ ਕਦਰ ਊਤਿਆ ਹੋਇਆ ਹੈ, ਚੋਣਾਂ ਦੌਰਾਨ ਇਸ ਦਾ ਖ਼ੂਬ ਪਤਾ ਚੱਲਿਆ। ਚੋਣਾਂ ਸਬੰਧੀ ਸਮਾਚਾਰ ਪੱਤਰਾਂ ਤੇ ਸਮਾਚਾਰ ਬੁਲੇਟਿਨਾਂ ਦੀਆਂ ਖ਼ਬਰਾਂ ਕਿਸੇ ਪਾਰਟੀ ਵਿਸ਼ੇਸ਼ ਜਾਂ ਉਮੀਦਵਾਰ ਵਿਸ਼ੇਸ਼ ਦੇ ਪੱਖ ਵਿਚ ਝੋਲ ਮਾਰ ਜਾਂਦੀਆਂ ਹਨ। ਜਦੋਂ ਖ਼ਬਰ ਅਥਵਾ ਰਿਪੋਰਟ ਵਿਚ ਅਜਿਹਾ ਵਾਪਰਦਾ ਦਿਖਾਈ ਦਿੰਦਾ ਸੀ ਤਾਂ ਸਾਫ ਪਤਾ ਚੱਲ ਜਾਂਦਾ ਸੀ ਇਸ ਤਰ੍ਹਾਂ ਦੀਆਂ ਖ਼ਬਰਾਂ ਦੇਣ ਵਾਲਾ ਅਖ਼ਬਾਰ, ਚੈਨਲਾਂ ਦੇ ਕਰਤਾ-ਧਰਤਾ ਵੋਟਰਾਂ ਨੂੰ ਆਪਣੀ ਵੋਟ ਨਾ ਵੇਚਣ ਦੀ ਨਸੀਅਤ ਜਾਰੀ ਕਰਦੇ ਹਨ, ਉਨ੍ਹਾਂ ਨੂੰ ਉਪਦੇਸ਼ ਦਿੰਦੇ ਹਨ ਕਿ ਉਹ ਨਿਰਭੈ ਹੋ ਕੇ ਬਿਨਾਂ ਕਿਸੇ ਲਾਲਚ ਦੇ ਆਪਣੀ ਵੋਟ ਦੇ ਹੱਕ ਦਾ ਪ੍ਰਯੋਗ ਕਰਨ। ਚੋਣਾਂ ਸਬੰਧੀ ਤਕਰੀਬਨ ਹਰ ਚੈਨਲ ਪੈਨਲ ਬਹਿਸ ਕਰਵਾਉਂਦਾ ਰਿਹਾ। ਨਿਰਪੱਖ ਦਿਖਾਈ ਦੇਣ ਲਈ ਵੱਖ-ਵੱਖ ਵਿਚਾਰਧਾਰਾ ਰੱਖਣ ਵਾਲੇ ਜਾਂ ਵੱਖ-ਵੱਖ ਰਾਜਸੀ ਪਾਰਟੀਆਂ ਦੇ ਪ੍ਰਤੀਨਿਧਾਂ ਨੂੰ ਪੈਨਲਾਂ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ।



ਬਹਿਸ-ਸੰਚਾਲਕ ਆਪਣੇ ਘੜੇ-ਪੜਾਏ ਤਰਜ਼ੀਹੀ ਸਵਾਲ ਪੁੱਛਦਾ ਅਤੇ ਪੈਨਲਿਸਟਾਂ ਤੋਂ ਤਰਜੀਹੀ ਜਵਾਬਾਂ ਦੀ ਹੀ ਤਵੱਕੋ ਰੱਖਦਾ ਤੇ ਬਹਿਸ ਵਿਚ ਖਾਹ-ਮਖਾਹ ਆਪਣੇ ਮੱਤ ਦੀ ਟੰਗ ਅੜਾਉਂਦਾ ਤਾਂ ਸਪਸ਼ਟ ਹੋ ਜਾਂਦਾ ਕਿ ਸੰਚਾਲਕ ਵਿਕਾਊ ਜ਼ਿਹਨੀਅਤ ਦਾ ਮਾਲਕ, ਇਕਪਾਸੜ ਪਹੁੰਚ ਵਾਲਾ ਅਤੇ ਗ਼ੈਰਦਿਆਨਤਦਾਰ ਹੈ। ਸੋ, ਅਜਿਹਾ ਸੰਚਾਲਕ ਤਾਂ ਮਾਤਰ ਇਸ਼ਤਿਹਾਰ ਹੁੰਦਾ ਹੈ। ਪੀ.ਟੀ.ਸੀ ਚੈਨਲ ਦੇ ਬਹਿਸ ਸੰਚਾਲਕ ਨੂੰ ਜਦ ਪੈਨਲ ਦੇ ਕਿਸੇ ਮੈਂਬਰ ਕੋਲੋਂ ਮਨਮਰਜ਼ੀ ਦਾ ਜਵਾਬ ਨਹੀਂ ਸੀ ਮਿਲਦਾ ਜਾਂ ਗਠਜੋੜ ਸਰਕਾਰ ਦੀ ਆਲੋਚਨਾ ਕਰਨ ਵਾਲਾ ਜਵਾਬ ਮਿਲ ਜਾਂਦਾ ਸੀ, ਜਿਸ ਦਾ ਕਿਸੇ ਸਰਕਾਰ ਸਮਰਥਕ ਪੈਨਲਿਸਟ ਕੋਲ ਜਵਾਬ ਹੀ ਨਹੀਂ ਸੀ ਹੁੰਦਾ ਤਾਂ ਉਹ ਲਗਪਗ ਰੋਣਹਾਕਾ ਜਿਹਾ ਹੀ ਹੋ ਜਾਂਦਾ ਸੀ। ਟੀ.ਵੀ ਚੈਨਲਾਂ ਵਿਚ ਵਿਕਾਊ ਪੱਤਰਕਾਰੀ ਖੁੱਲ੍ਹ ਕੇ ਸਾਹਮਣੇ ਆਈ, ਉਮੀਦਵਾਰਾਂ ਵਿਚੋਂ ਕਈਆਂ ਨੇ ਆਪਣੇ ਨਿੱਜੀ ਪੱਤਰਕਾਰ ਵੀ ਰੱਖ ਛੱਡੇ ਸਨ। ਟੀ.ਵੀ ਚੈਨਲਾਂ ਵਿਚ ਚੋਣ ਪ੍ਰਚਾਰ ਦਾ ਸ਼ੋਰ ਹਮਾਤੜ ਬੰਦੇ ਦੀ ਮੱਤ ਮਾਰਨ ਵਾਲਾ ਸੀ, ਇਹ ਵੋਟਰ ਨੂੰ ਕਿਸੇ ਤਣ-ਪੱਤਣ ਲਾਉਣ ਵਾਲਾ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੂੰ ਰਾਜਸੀ ਪੱਖੋਂ ਜਾਗ੍ਰਿਤ ਕਰਨ ਵਾਲਾ ਸੀ। ਇਕ ਟੀ.ਵੀ ਚੈਨਲ ਨੇ ਪੰਜਾਬ ਦੇ ਚੋਣ ਨਤੀਜਿਆਂ ਬਾਰੇ ਤਿੰਨ ਵਾਰ ਆਪਣੇ ਸਰਵੇਖਣ ਤਬਦੀਲ ਕੀਤੇ। ਸਾਫ਼ ਪਤਾ ਲੱਗਦਾ ਸੀ ਕਿ ਇਹ ਸਭ ਕੁਝ ਕਿਸੇ ਖਾਸ ਸੌਦੇਬਾਜ਼ੀ ਤਹਿਤ ਕੀਤੀ ਗਿਆ। ਜਾਪਦਾ ਇੰਝ ਹੈ ਕਿ ਚੋਣ ਜ਼ਾਬਤੇ ਨੂੰ ਬੇਅਸਰ ਕਰਨ ਵਿਚ ਪੱਤਰਕਾਰਿਤਾ ਨੇ ਵੱਡੀ ਹੱਦ ਤੱਕ ਨਕਾਰਾਤਮਿਕ ਭੂਮਿਕਾ ਨਿਭਾਈ। ਇਸ ਭੂਮਿਕਾ ਨੂੰ ਖ਼ਤਮ ਕਰਨ, ਸੀਮਤ ਕਰਨ ਲਈ ਵੀ ਲੋਕਤੰਤਰੀ ਤਾਕਤਾਂ ਨੂੰ ਅੱਗੇ ਆਉਣ ਦੀ ਲੋੜ ਹੈ। ਇਸ ਉਪਰ ਰਾਸ਼ਟਰੀ ਪੱਧਰ ਦੀ ਬਹਿਸ ਕਰਵਾਈ ਜਾਣੀ ਚਾਹੀਦੀ ਹੈ। ਆਖ਼ਰਕਾਰ ਲੋਕਤੰਤਰ ਇਕ ਰਾਜਨੀਤਿਕ ਪ੍ਰਣਾਲੀ ਹੈ, ਇਹ ਕੋਈ ਕੋਕਾ ਕੋਲਾ ਥੋੜ੍ਹਾ ਹੈ। ਲੋਕਤੰਤਰ ਨੂੰ ਚੋਣਾਂ ਦੌਰਾਨ ਮੀਡੀਆ ਇਸ਼ਤਿਹਾਰਬਾਜ਼ੀ ਵਾਂਗ ਕਿਸੇ ਉਤਪਾਦ ਵਾਂਗ ਹੀ ਦਿਖਾਇਆ ਗਿਆ ਜਾਂ ਫਿਰ ਅਜਿਹਾ ਦਿਖਾਉਣ ਦਾ ਵੱਧ ਤੋਂ ਵੱਧ ਯਤਨ ਕੀਤਾ ਗਿਆ।



## ਸ੍ਰੀ ਤੋਂ ਪਦਮਸ਼੍ਰੀ ਬਣੇ ਪਾਤਰ

‘ਹਵਾ ’ਚ ਲਿਖੇ ਹਰਫ਼’, ‘ਹਨ੍ਹੇਰੇ ’ਚ ਸੁਲਘਦੀ ਵਰਣਮਾਲਾ’, ‘ਬਿਰਖ਼ ਅਰਜ਼ ਕਰੇ’, ‘ਲਫਜ਼ਾਂ ਦੀ ਦਰਗਾਹ’, ‘ਸੂਰਜ ਮੰਦਰ ਦੀਆਂ ਪੌੜੀਆਂ’ ਕੁੱਲ ਪੰਜ ਕਾਵਿ-ਪੁਸਤਕਾਂ, ਪਰ ਇਨਾਮ-ਸਨਮਾਨ, ਕੀ ਸਰਕਾਰੀ ਤੇ ਕੀ ਗ਼ੈਰ ਸਰਕਾਰੀ, ਬੇਸ਼ੁਮਾਰ। ਸੂਬਾਈ ਤੇ ਰਾਸ਼ਟਰੀ ਪੱਧਰ ਦੇ ਲਗਪਗ ਸਾਰੇ, ਸਾਹਿਤ ਲਈ ਦਿੱਤੇ ਜਾਣ ਵਾਲੇ, ਪੁਰਸਕਾਰ ਸੁਰਜੀਤ ਪਾਤਰ ਨੂੰ ਮਿਲ ਚੁੱਕੇ ਹਨ। ਪਾਤਰ ਲਈ ਇਹ ਪੁਰਸਕਾਰ ਹੱਕੀ ਸਮਝੇ ਗਏ ਹਨ, ਸਮਝਿਆ ਗਿਆ ਹੈ ਕਿ ਸੱਚ ਹੀ ਪਾਤਰ ਦੀ ਪ੍ਰਤਿਭਾ ਇਨ੍ਹਾਂ ਸਨਮਾਨਾਂ ਨਾਲ ਬਰ ਮੇਚਦੀ ਹੈ। ਸਾਡੇ ਕਸਵੱਟੀ ਵੀ ਤਾਂ ਇਸ ਤਰ੍ਹਾਂ ਦੀ ਹੀ ਸਥਾਪਿਤ ਹੈ ਕਿ ਅਸੀਂ ਇਨ੍ਹਾਂ ਇਨਾਮਾਂ-ਸਨਮਾਨਾਂ ਨੂੰ ਬਹੁਤ ਉਚਾ ਦਰਜਾ ਦਿੱਤਾ ਹੋਇਆ ਹੈ ਤੇ ਸਾਹਿਤਕਾਰ ਅਕਸਰ ਇਨ੍ਹਾਂ ਪੁਰਸਕਾਰਾਂ ਨੂੰ ਆਪਣੇ ਲਈ ਚੁਣੌਤੀ ਸਮਝ ਲੈਂਦੇ ਹਨ ਤੇ ਫਿਰ ਉਹ ਆਪਣਾ ਕੱਦ ਪੁਰਸਕਾਰਾਂ ਜਿੰਨਾ ਉਚਾ ਕਰਨ ਲਈ ਯਤਨ ਕਰਦੇ ਹਨ। ਸਿਰਜਣਾਤਮਿਕ ਪ੍ਰਤੀਬੱਧਤਾ ਰੱਖਣ ਵਾਲੇ ਲੇਖਕ ਭਲੀਭਾਂਤ ਜਾਣਦੇ ਹਨ ਕਿ ਜਦੋਂ ਲੇਖਕ ਪੁਰਸਕਾਰਾਂ ਦੇ ਪੱਧਰ ਤੱਕ ਉਚਾ ਉਠਣ ਦਾ ਸਕਾਰਾਤਮਿਕ ਢੰਗ ਨਾਲ ਵੀ ਯਤਨ ਕਰ ਰਿਹਾ ਹੁੰਦਾ ਹੈ, ਉਦੋਂ ਵੀ ਉਹ ਆਪਣੀ ਸਿਰਜਣਾਤਮਿਕ ਊਰਜਾ ਨੂੰ ਜਾਇਆ ਹੀ ਕਰ ਰਿਹਾ ਹੁੰਦਾ ਹੈ। ਆਪਾਂ ਇਥੇ ਸੁਰਜੀਤ ਪਾਤਰ ਦੀ ਗੱਲ ਕਰ ਰਹੇ ਹਾਂ, ਉਨ੍ਹਾਂ ਦੀ ਤਾਂ ਗੱਲ ਹੀ ਵੱਖਰੀ ਹੈ। ਲੋਕ ਅੱਡੀਆਂ ਚੁੱਕ-ਚੁੱਕ ਆਪਣੇ ਆਪ ਨੂੰ ਪੁਰਸਕਾਰ ਦੇ ਬਰਾਬਰ ਦਾ ਕਰਨ ਦੇ ਯਤਨ ਕਰਦੇ ਹਨ। ਸੁਰਜੀਤ ਪਾਤਰ ਨੇ ਸ਼ਾਇਦ ਅਜਿਹਾ ਕਦੇ ਨਹੀਂ ਕੀਤਾ, ਉਂਝ ਇਹ ਵੀ ਸੱਚ ਹੈ ਕਿ ਪੁਰਸਕਾਰ ਦੇਣ ਵਾਲੀਆਂ ਬਹੁਤੀਆਂ ਸੰਸਥਾਵਾਂ ਤੱਕ ਉਸ ਦੀ ਸੌਖੀ ਹੀ ਰਸਾਈ ਹੈ। ਇਹ ਵੀ ਸੱਚ ਹੈ ਕਿ ਇਕ ਸਮੇਂ ਪੁਰਸਕਾਰ ਦੇਣ-ਦਿਵਾਉਣ ਲਈ ਵਿਵਾਦਾਂ ਵਿਚ ਰਹੀਆਂ ਸ਼ਖ਼ਸੀਅਤਾਂ ਦਾ ਜੋਟੀਦਾਰ ਵੀ ਰਿਹਾ ਹੈ। ਸੁਰਜੀਤ ਪਾਤਰ ਨੂੰ ਭਾਰਤ ਸਰਕਾਰ ਦਾ ਪਦਮਸ਼੍ਰੀ ਖ਼ਿਤਾਬ ਵੀ ਉਸ ਦੀ ਪ੍ਰਤਿਭਾ ਅਨੁਸਾਰ ਬਹੁਤ ਢੁਕਵਾਂ ਹੈ, ਇਸ ਦਾ ਭਰਵਾਂ ਸਵਾਗਤ ਕਰਨਾ ਬਣਦਾ ਹੈ, ਪਰ ਇਸ ਖ਼ਿਤਾਬ ਨਾਲ ਪਾਤਰ ਦੀ ਸ਼ਖ਼ਸੀਅਤ ਕਿਵੇਂ ਵਿਹਾਰ ਕਰੇਗੀ, ਇਹ ਸਮਝ ਵਿਚ ਨਾ ਆਉਣ ਵਾਲੀ ਅੜਾਉਣੀ ਹੈ। ਪਾਤਰ ਜਿਹੜਾ ਹਾਕਮਾਂ ਨੂੰ ‘ਹਾਊਮੈ ਦੇ ਪੁੱਤ’ ਆਖਦਾ ਹੈ ਤੇ ਸਥਾਪਤੀ ਨੂੰ ‘ਤਖ਼ਤ ’ਤੇ ਟਿਕੇ ਰਹਿਣ ਦੀ ਹਵਸ’ ਕਹਿੰਦਾ ਹੈ, ਹਾਕਮਾਂ ਦਾ ਪਦਮਸ਼੍ਰੀ ਕਿਵੇਂ ਅਖਵਾਇਆ ਕਰੇਗਾ? ਖ਼ੈਰ ਇਹ ਤਾਂ ਸਮਾਂ ਹੀ ਦੱਸੇਗਾ, ਕਿਉਂਕਿ ਇਤਿਹਾਸ ਕੋਲ ਕਹਿੰਦੇ ਹਨ ਕਿ ਹਰ ਸਵਾਲ ਦਾ ਜਵਾਬ ਹੁੰਦਾ ਹੈ।

## ਦੁੱਗਲ ਚੱਲ ਵਸੇ

ਪੰਜਾਬੀ ਦੇ ਨਾਮਵਰ ਕਹਾਣੀਕਾਰ ਸਿੰਘ ਕਰਤਾਰ ਸਿੰਘ ਦੁੱਗਲ 94 ਸਾਲ ਦੀ ਲੰਮੀ ਉਮਰ ਭੋਗ ਕੇ ਚੱਲ ਵਸੇ ਹਨ। ਸਮਝ ਲਓ ਕਿ ਪੰਜਾਬੀ ਕਹਾਣੀ ਦਾ ਇਕ ਯੁੱਗ ਬੀਤ ਗਿਆ ਹੈ। ਕਰਤਾਰ ਸਿੰਘ ਦੁੱਗਲ ਨੂੰ ਛੋਟੀ ਤੋਂ ਛੋਟੀ ਗੱਲ ’ਤੇ ਵੀ ਕਹਾਣੀ ਲਿਖਣ ’ਚ ਮੁਹਾਰਤ ਹਾਸਿਲ ਸੀ। ਉਨ੍ਹਾਂ ਨੇ ਪੰਜਾਬੀ ਵਿਚ ਬੇਸ਼ੁਮਾਰ ਕਹਾਣੀਆਂ ਅਤੇ ਰੇਡੀਓ ਅਫ਼ਸਾਨੇ ਲਿਖੇ। ਗਿਣਤੀ ਪੱਖੋਂ ਸ਼ਾਇਦ ਹੀ ਕੋਈ ਦੂਸਰਾ ਪੰਜਾਬੀ ਕਹਾਣੀਕਾਰ ਦੁੱਗਲ ਦਾ ਮੁਕਾਬਲਾ ਕਰ ਸਕਿਆ ਹੋਇਆ ਹੋਵੇ। ਕਰਤਾਰ ਸਿੰਘ ਦੁੱਗਲ ਦੁਆਰਾ ਲਿਖੀਆਂ ਕਹਾਣੀਆਂ ਦੀ ਗਿਣਤੀ ਨੂੰ ਮੁੱਖ ਰੱਖਦਿਆਂ ਸੰਤ ਸਿੰਘ ਸੇਖੋਂ ਨੇ ਦੁੱਗਲ ਨੂੰ ਪੰਜਾਬੀ ਦਾ ਸਭ ਤੋਂ ਵੱਡਾ ਕਹਾਣੀਕਾਰ ਕਿਹਾ ਸੀ।



ਦੁੱਗਲ ਦੀ ਕਹਾਣੀ ਉਪਰ ਕਿਤੇ-ਕਿਤੇ ਅਸ਼ਲੀਲ ਹੋਣ ਦੇ ਦੋਸ਼ ਵੀ ਲੱਗਦੇ ਰਹੇ, ਪਰ ਅੱਜ ਦੇ ਜ਼ਮਾਨੇ ਦੀ ਕਹਾਣੀ ਨਾਲ ਉਨ੍ਹਾਂ ਦੀ ਕਹਾਣੀ ਦੀ ਤੁਲਨਾ ਕੀਤੀ ਜਾਵੇ ਤਾਂ ਇਹ ਦੋਸ਼ ਬੇਬੁਨਿਆਦ ਹੀ ਜਾਪਦੇ ਹਨ। ਕਰਤਾਰ ਸਿੰਘ ਦੁੱਗਲ ਦੀ ਕਹਾਣੀ ਵੀ ਪਹਿਲੀ ਪੀੜ੍ਹੀ ਦੇ ਵੱਡੇ ਕਹਾਣੀਕਾਰਾਂ ਦੀ ਕਹਾਣੀ ਵਾਂਗ ਆਦਰਸ਼ਾਂ ਨੂੰ ਪ੍ਰਣਾਈ ਹੋਈ ਹੈ, ਜਿਨ੍ਹਾਂ ਨੇ ‘ਮਾਜ੍ਹਾ ਨਹੀਂ ਮੋਇਆ’ ਤੇ ‘ਕਰਾਮਾਤ’ ਵਰਗੀਆਂ ਦੁੱਗਲ ਦੀਆਂ ਕਹਾਣੀਆਂ ਪੜ੍ਹੀਆਂ ਹਨ, ਉਹ ਆਸਾਨੀ ਨਾਂਲ ਸਮਝ ਸਕਦੇ ਹਨ ਕਿ ਦੁੱਗਲ ਦੀਆਂ ਕਹਾਣੀਆਂ ਉਚੇਚੇ ਮਾਨਵੀ ਸੰਦੇਸ਼ ਵਾਲੀਆਂ ਹਨ। ਕਰਤਾਰ ਸਿੰਘ ਦੁੱਗਲ ਵੀ ਸਾਮੰਤਸ਼ਾਹੀ ਦੌਰ ਵਿਚ ਉਦਾਰਵਾਦੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਵਾਲੇ ਲੇਖਕ ਸਨ, ਇਕ ਤਰ੍ਹਾਂ ਉਹ ਵੀ ਮਨੁੱਖੀ ਆਜ਼ਾਦੀ ਦੇ ਅਗਰਦੂਤ ਸਨ। ਉਨ੍ਹਾਂ ਨੇ ਇਕ ਮੁਸਲਮਾਨ ਨਫ਼ੀਸ ਔਰਤ ਨੂੰ ਆਪਣੀ ਜੀਵਨ ਸਾਥਣ ਵਜੋਂ ਚੁਣ ਕੇ ਅੰਤਰ-ਜਾਤੀ ਵਿਆਹ ਲਈ ਪਹਿਲਕਦਮੀ ਕੀਤੀ। ਰੇਡੀਓ ਸਟੇਸ਼ਨ ਦੀ ਅਫ਼ਸਰੀ ਨੂੰ ਵੀ ਉਨ੍ਹਾਂ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਖ਼ੂਬ ਇਸਤੇਮਾਲ ਕੀਤਾ। ਕਰਤਾਰ ਸਿੰਘ ਦੁੱਗਲ ਦੇ ਚਲਾਣੇ ਨਾਲ ਪਹਿਲੀ ਪੀੜ੍ਹੀ ਦੇ ਪੰਜਾਬੀ ਲੇਖਕਾਂ ਦਾ ਪਿੜ ਸੁੰਨਾ ਹੋ ਗਿਆ ਪ੍ਰਤੀਤ ਹੁੰਦਾ ਹੈ, ਇਕ-ਇਕ ਕਰਕੇ ਸਾਰੇ ਤੁਰ ਗਏ ਹਨ . . .।

## ਛੇਕੜਲੀ ਗੱਲ

ਜ਼ਮਾਨਾ ਹੋਰ ਦਾ ਹੋਰ ਆ ਗਿਆ ਹੈ। ਪਹਿਲਾਂ ਇਉਂ ਨਹੀਂ ਸੀ ਹੁੰਦਾ। ਹੁਣ ਤਾਂ ਪੈਸੇ ਦਿਓ ਤੇ ਸਿਫ਼ਤ ਕਰਵਾ ਲਵੋ। ਬਸ ਇਹੋ ਇਕ ਮਿਆਰ ਰਹਿ ਗਿਆ ਹੈ। ਪਹਿਲਾਂ ਸਿਫ਼ਤ ਲਈ ਕਈ ਹੋਰ ਮਿਆਰ ਵੀ ਦੇਖੇ ਜਾਂਦੇ ਸਨ। ਹੋਇਆ ਇਹ ਕਿ ਕਿਸੇ ਨੇ ਵਿਆਹ ਦਾ ਸਿਹਰਾ ਲਿਖਵਾਉਣਾ ਸੀ, ਉਹ ਸਿਹਰੇ ਲਿਖਣ ਵਾਲੇ ਕੋਲ ਗਿਆ, ਸਿਹਰੇ ਵਾਲੇ ਲਾੜੇ ਨਾਲ ਸਬੰਧਿਤ ਵੇਰਵਾ ਦਿੱਤਾ, ਰਿਸ਼ਤੇਦਾਰਾਂ ਦੇ ਨਾਂ ਲਿਖਵਾਏ, ਚੰਗਾ ਸਿਹਰਾ ਲਿਖਣ ਦੀ ਤਾਕੀਦ ਕਰਦਿਆਂ ਪੰਜਾਬ ਰੁਪਏ ਪੇਸ਼ਗੀ ਦੇ ਦਿੱਤੇ। ਸਿਹਰਾ ਲੇਖਕ ਨੇ ਲਿਖਣ ਦੀ ਹਾਮੀ ਭਰਦਿਆਂ ਇਕ ਵਾਰ ਵਿਆਹ ਵਾਲੇ ਮੁੰਡੇ ਨੂੰ ਨਜ਼ਰ ਵਿਚੋਂ ਕੱਢਣ ਦੀ ਸ਼ਰਤ ਰੱਖੀ। ਅਗਲੇ ਦਿਨ ਮੁੰਡਾ ਸਿਹਰੇ ਲਈ ਸਾਈ ਫੜਾਉਣ ਵਾਲੇ ਦੇ ਨਾਲ ਸਿਹਰਾ-ਲੇਖਕ ਸਾਹਮਣੇ ਪੇਸ਼ ਹੋਇਆ। ਸਿਹਰਾ-ਲੇਖਕ ਨੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਨਿਹਾਰਿਆ, ਮੁੰਡਾ ਕਾਫੀ ਕਰੂਪ ਜਿਹਾ ਸੀ, ਸਿਹਰਾ-ਲੇਖਕ ਨੇ ਜੇਬ ਵਿਚੋਂ ਸਾਈ ਦੇ ਪੰਜਾਹ ਰੁਪਏ ਕੱਢ ਕੇ ਮੋੜਦਿਆਂ ਕਿਹਾ : ਮੈਂ ਸਿਹਰਾ ਨਹੀਂ ਲਿਖਾਂਗਾ।

ਸਿਹਰਾ ਲਿਖਵਾਉਣ ਵਾਲਾ : ਪਰ ਕਿਉਂ? ਅਸੀਂ ਸਾਈ ਫੜਾਈ ਐ।

ਸਿਹਰਾ ਲੇਖਕ : ਨਾ ਬਾਈ, ਮੈਥੋਂ ਤੁਹਾਡੇ ਪੰਜਾਹ ਰੁਪਇਆਂ ਖਾਤਰ ਐਨਾ ਝੂਠ ਨਹੀਂ ਬੋਲ ਹੋਣਾ।

# ਇਨਸਾਨਾਂ ਨੂੰ ਜਾਨਵਰਾਂ ਵਾਂਗ ਨਚਾਉਣ ਦੀ ਬੇਸ਼ਰਮੀ

ਯਾਦਵੇਂਦਰ

ਪੰਡਿਤ ਨਹਿਰੂ ਨੇ ਦੇਸ਼ ਦੇ ਆਦੀਵਾਸੀਆਂ ਨੂੰ ਜਦੋਂ ਮਨੁੱਖੀ ਚਿੜੀਆਘਰ ਵਿਚ ਪ੍ਰਦਰਸ਼ਨੀ ਜੀਵ ਦਾ ਨਾਮ ਦਿੱਤਾ ਸੀ, ਤਦ ਸ਼ਾਇਦ ਇੰਨਾ ਵਿਵਾਦ ਨਹੀਂ ਖੜ੍ਹਾ ਹੋਇਆ ਹੋਵੇਗਾ, ਜਿੰਨਾ ਹੁਣ ਹਾਲ ਹੀ ਵਿਚ ਬ੍ਰਿਟਿਸ਼ ਅਖ਼ਬਾਰ 'ਆਬਜ਼ਰਵਰ' ਵਿਚ ਛਪੀ ਇਕ ਰਿਪੋਰਟ ਅਤੇ ਉਸ ਦੇ ਨਾਲ ਨੱਥੀ ਵੀਡੀਓ ਫਿਲਮ ਨੂੰ ਲੈ ਕੇ ਪੈਦਾ ਹੋ ਰਿਹਾ ਹੈ। ਇਸ ਫਿਲਮ ਵਿਚ ਨੰਗੀਆਂ ਜਾਰਵਾ ਇਸਤਰੀਆਂ ਸੈਲਾਨੀਆਂ ਦਾ ਮਨੋਰੰਜਨ ਕਰਕੇ ਪੈਸੇ ਮੰਗਦੇ ਹੋਏ ਨ੍ਰਿਤ ਕਰਦੀਆਂ ਹੋਈਆਂ ਦਿਖਾਈਆਂ ਗਈਆਂ ਹਨ। ਭਾਰਤ ਸਰਕਾਰ ਕਥਿਤ ਤੌਰ 'ਤੇ ਕਈ ਸਾਲ ਪੁਰਾਣੀ ਫਿਲਮ ਨੂੰ ਆਪਣੀ ਸੱਤਾ ਵਿਚ ਨਾਫਰਮਾਨੀ ਮੰਨਦੀ ਹੈ ਕਿਉਂਕਿ ਅੰਡੇਮਾਨ-ਨਿਕੋਬਾਰ ਦੇ ਜਾਰਵਾ ਸੁਰੱਖਿਅਤ ਖੇਤਰ ਵਿਚ ਕਿਸੇ ਵੀ ਤਰ੍ਹਾਂ ਦੀ ਫੋਟੋਗ੍ਰਾਫੀ 'ਤੇ ਪਾਬੰਦੀ ਹੈ। ਇਸ ਖੇਤਰ ਤੋਂ ਲੰਘਦੇ ਅੰਡੇਮਾਨ ਰਾਜਮਾਰਗ 'ਤੇ ਜਗ੍ਹਾ-ਜਗ੍ਹਾ ਇਸ ਦੇ ਲਈ ਸੁਰੱਖਿਆ ਕਰਮੀ ਵੀ ਤਾਇਨਾਤ ਹਨ। ਸਰਕਾਰ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਆਦਿਵਾਸੀ ਸਮੂਹਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਕਈ ਸੰਗਠਨਾਂ ਨੇ ਸੁਰੱਖਿਅਤ ਖੇਤਰ ਤੋਂ ਲੰਘਣ ਵਾਲੇ ਰਾਜਮਾਰਗ ਨੂੰ ਬੰਦ ਕਰਨ ਤੱਕ ਦੀ ਮੰਗ ਕੀਤੀ ਹੈ। ਬ੍ਰਿਟਿਸ਼ ਪੱਤਰਕਾਰ ਦਾ ਕਹਿਣਾ ਹੈ ਕਿ ਵੈਬ 'ਤੇ ਜਾਰਵਾ ਜਨਜਾਤੀ ਨਾਲ ਸਬੰਧਿਤ ਸਿਰਫ਼ ਇਹੀ ਨਹੀਂ, ਕਈ ਵੀਡੀਓ ਉਪਲਬਧ ਹਨ ਅਤੇ ਇਨ੍ਹਾਂ ਨੂੰ ਫਿਲਮਾਉਣ ਲਈ ਸਥਾਨਕ ਦੁਕਾਨਦਾਰਾਂ ਦੇ ਕਹਿਣ 'ਤੇ ਤਾਇਨਾਤ ਪੁਲਿਸ ਵਾਲਿਆਂ ਨੂੰ ਰਿਸ਼ਵਤ ਦਿੱਤੀ ਗਈ ਸੀ। ਸੂਬੇ ਦੇ ਪੁਲਿਸ ਮੁਖੀ ਦਾ ਕਹਿਣਾ ਹੈ ਕਿ ਫਿਲਮ ਦਸ ਸਾਲ ਪਹਿਲਾਂ ਬਣਾਈ ਗਈ ਲੱਗਦੀ ਹੈ ਅਤੇ ਇਸ ਵਿਚ ਪੁਲਿਸ ਦਾ ਹੱਥ ਨਹੀਂ ਹੈ। ਇਨ੍ਹਾਂ ਦੁਆਰਾ ਦਿੱਤੀ ਗਈ ਸੂਚਨਾ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਕਰੀਬ ਇਕ ਹਜ਼ਾਰ ਸੈਲਾਨੀਆਂ ਲੂੰ ਇਸ ਜ਼ੁਰਮ 'ਚ ਫੜਿਆ ਗਿਆ ਹੈ ਕਿ ਉਹ ਪਾਬੰਦੀਆਂ ਦਾ ਉਲੰਘਣ ਕਰਕੇ ਜਾਰਵਾ ਲੋਕਾਂ ਦੇ ਨਾਲ ਮੇਲ-ਜੋਲ ਕਰਦੇ ਦਿਖਾਈ ਦਿੱਤੇ। ਅੰਡੇਮਾਨ ਦੀਪ ਸਮੂਹ ਦੀਆਂ ਪ੍ਰਮੁੱਖ ਜਨਜਾਤੀਆਂ ਵਿਚ ਜਾਰਵਾ ਹੁਣ ਤੱਕ ਆਪਣੀ ਵੱਖਰੀ ਪਹਿਚਾਣ ਬਣਾ ਕੇ ਸੰਘਣੇ ਜੰਗਲਾਂ ਵਿਚ ਰਹਿਣ ਵਾਲੀ, ਗੈਰ ਜਾਰਵਾ ਲੋਕਾਂ ਪ੍ਰਤੀ ਆਕ੍ਰਮਕ ਰੁਖ਼ ਦਿਖਾਉਣ ਵਾਲੀ ਅਤੇ ਖੁਦ ਆਪਣੇ ਜੀਵਨ ਬਿਤਾਉਣ ਲਈ ਕਿਸੇ ਤਰ੍ਹਾਂ ਦੇ ਸਰਕਾਰੀ ਸਾਧਨਾਂ 'ਤੇ ਨਿਰਭਰ ਨਾ ਰਹਿ ਕੇ ਜਾਨਵਰਾਂ ਅਤੇ ਮੱਛੀਆਂ ਦਾ ਸ਼ਿਕਾਰ ਕਰਕੇ ਕੱਚਾ ਮਾਸ ਖਾਣ ਵਾਲੀ ਜਨਜਾਤੀ ਹੈ, ਜਿਸ ਦਾ ਸਬੰਧ ਅਫਰੀਕਾ ਨਾਲ ਦੱਸਿਆ ਜਾਂਦਾ ਹੈ। ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਜਦੋਂ-ਜਦੋਂ ਇਨ੍ਹਾਂ ਦੇ ਕੋਲ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ, ਇਹ ਹਿੰਸਕ ਹਮਲਾ ਕਰਕੇ ਬਹੁਗਿਣਤੀ ਭਾਈਚਾਰੇ ਤੋਂ ਵੱਖ ਜਾ ਖੜ੍ਹੇ ਹੋਏ। ਵਾਰ-ਵਾਰ ਇਨ੍ਹਾਂ ਨੂੰ ਲੁਭਾਉਣ ਲਈ ਭੋਜਨ ਸਮੱਗਰੀ ਅਤੇ ਕੱਪੜਿਆਂ ਦੇ ਪੈਕੇਟ ਇਨ੍ਹਾਂ ਦੇ ਇਲਾਕਿਆਂ ਵਿਚ ਆਸਮਾਨ ਤੋਂ ਸੁੱਟੇ ਗਏ। ਇਨ੍ਹਾਂ ਲੋਕਾਂ ਨੂੰ ਫੜ ਕੇ ਸੁੱਖ-ਸਹੂਲਤਾਂ ਨਾਲ ਮਹੀਨਿਆਂ ਤੱਕ ਰੱਖਿਆ ਗਿਆ ਅਤੇ ਬੀਮਾਰ ਹੋਣ 'ਤੇ ਇਲਾਜ ਕੀਤਾ ਗਿਆ ਅਤੇ ਫਿਰ ਜੰਗਲਾਂ ਵਿਚ ਇਸ ਉਮੀਦ ਦੇ ਨਾਲ ਭੇਜਿਆ ਗਿਆ ਕਿ ਹੁਣ ਇਨ੍ਹਾਂ ਦਾ ਵਰਤਾਓ ਮਿੱਤਰਤਾ ਵਾਲਾ ਹੋ ਜਾਵੇਗਾ, ਪਰ ਉਸ ਵਿਚ ਸਫ਼ਲਤਾ ਹੱਥ ਨਹੀਂ ਲੱਗੀ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਜਨਜਾਤੀਆਂ ਲਈ ਜੋ ਨੀਤੀ ਬਣਾਈ ਗਈ, ਉਸ ਵਿਚ ਜ਼ੋਰ ਇਸ ਗੱਲ ਉਤੇ ਰਿਹਾ ਕਿ ਉਨ੍ਹਾਂ ਦੀ ਸੁਤੰਤਰ ਪਹਿਚਾਣ ਬਣਾਈ ਰੱਖਣ ਲਈ ਉਨ੍ਹਾਂ ਨੂੰ ਦੇਸ਼ ਦੀ ਆਮ ਜਨਤਾ ਦੇ ਨਾਲ ਮਿਲਣ-ਜੁਲਣ ਤੋਂ ਪ੍ਰਹੇਜ਼ ਕੀਤਾ ਜਾਵੇ। ਹੋਰ ਜਨਜਾਤੀਆਂ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਦੀ ਦਿਸ਼ਾ ਵਿਚ ਮੋਹਰੀ ਹੋਈਆਂ, ਪਰ ਜਾਰਵਾ ਅਲੱਗ-ਥਲੱਗ ਹੀ ਪਈਆਂ ਰਹੀਆਂ। ਕਿਸੇ ਵੀ ਸਰਕਾਰੀ ਕਲਿਆਣ ਯੋਜਨਾ ਦਾ ਇਨ੍ਹਾਂ ਉਤੇ ਕੋਈ ਅਸਰ ਨਹੀਂ ਪਿਆ। ਨਤੀਜੇ ਵਜੋਂ ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਨਿਰੰਤਰ ਘੱਟ ਹੁੰਦੀ ਚਲੀ ਗਈ।



ਸਾਲ 1991 ਵਿਚ ਜਾਰਵਾ ਲੋਕਾਂ ਦੇ ਗੁਜ਼ਰ-ਬਸਰ ਕਰਨ, ਸਿਹਤ ਅਤੇ ਸਭਿਆਚਾਰ ਨੂੰ ਕੇਂਦਰ ਵਿਚ ਰੱਖ ਕੇ ਇਕ ਤੀਹ ਸਾਲਾ ਮਾਸਟਰ ਪਲਾਨ ਲਾਗੂ ਕੀਤਾ ਗਿਆ, ਜਿਸ ਦੇ ਮੁੱਖ ਲੱਛਣ ਹਨ : ਜਾਰਵਾ ਜਨਜਾਤੀ ਵਿਚ ਅਸਿਥਰਤਾ ਦੇ ਕਾਰਕਾਂ ਉਤੇ ਪਾਬੰਦੀ ਲਾਉਣੀ, ਇਸ ਜਨਜਾਤੀ ਦੇ ਕੁਦਰਤੀ ਸਭਿਆਚਾਰਕ ਸੰਤੁਲਨ ਨੂੰ ਮੁੜ ਸਰਗਰਮ ਕਰਨਾ ਅਤੇ ਦੇਸ਼ ਦੀ ਮੁੱਖ ਸਭਿਆਚਾਰਕ ਧਾਰਾ ਨਾਲ ਇਨ੍ਹਾਂ ਦੀ ਸਹਿ-ਹੋਂਦ ਨੂੰ ਮੋਢਾ ਮਿਲਾ ਕੇ ਖੜ੍ਹਾ ਕਰਨ ਲਈ ਇਕ ਕਾਰਗਰ ਸਵੈ-ਸੁਰੱਖਿਆ ਵਿਵਸਥਾ ਦਾ ਨਿਰਮਾਣ ਕਰਨਾ। ਇਨ੍ਹਾਂ ਲਈ ਸੁਰੱਖਿਅਤ ਖੇਤਰ ਦੀ ਕਾਰਗਰ ਘੇਰਾਬੰਦੀ ਕਰਨਾ ਅਤੇ ਆਸਪਾਸ ਦੇ ਬਫਰ ਖੇਤਰ ਵਿਚ ਇਨ੍ਹਾਂ ਵਿਰੁਧ ਹੁੰਦੀਆਂ ਸਰਗਰਮੀਆਂ ਉਤੇ ਪਾਬੰਦੀ ਲਗਾਉਣਾ ਇਸੇ ਯੋਜਨਾ ਦਾ ਅੰਗ ਹੈ, ਪਰ ਬੰਗਲਾਦੇਸ਼ ਤੋਂ ਆ ਕੇ ਵਸੇ ਵੱਡੀ ਗਿਣਤੀ ਵਿਚ ਸ਼ਰਨਾਰਥੀਆਂ ਦੀ ਇਨ੍ਹਾਂ ਨਾਲ ਅਕਸਰ ਖਿੱਚੋਤਾਣ ਚਲਦੀ ਰਹਿੰਦੀ ਹੈ। ਜੀਵਿਕਾ ਲਈ ਜ਼ਿਆਦਾ ਤੋਂ ਜ਼ਿਆਦਾ ਜੰਗਲ, ਜ਼ਮੀਨ ਅਤੇ ਜਾਨਵਰ ਆਪਣੇ ਕਬਜ਼ੇ ਵਿਚ ਕਰ ਲੈਣ ਦੀ ਪ੍ਰਵਿਰਤੀ ਇਸ ਸੰਘਰਸ਼ ਦਾ ਮੁੱਖ ਕਾਰਨ ਹੁੰਦਾ ਹੈ। ਜਾਰਵਾ ਸਮੁਦਾਏ ਮਤਦਾਨ ਦਾ ਅਧਿਕਾਰੀ ਨਹੀਂ ਹੈ, ਇਸ ਲਈ ਇਸ ਦੀ ਆਵਾਜ਼ ਬੁਲੰਦ ਕਰਨ ਵਾਲਾ ਕੋਈ ਨਹੀਂ। ਜਾਰਵਾ ਲੋਕਾਂ ਦੀ ਭਾਸ਼ਾ ਵੀ ਸ਼ੋਸ਼ਣ ਦਾ ਖ਼ਾਤਮਾ ਕਰਨ ਵਿਚ ਅਸਫ਼ਲਤਾ ਦਾ ਵੱਡਾ ਕਾਰਨ ਕਹੀ ਜਾਂਦੀ ਹੈ।

ਸਰਕਾਰੀ ਸਕੂਲਾਂ ਦਾ ਪੀੜ੍ਹੀ ਦਰ ਪੀੜ੍ਹੀ ਮੂੰਹ ਤੱਕ ਨਾ ਦੇਖਣ ਵਾਲੇ ਜਾਰਵਾ 2004 ਦੇ ਸੁਨਾਮੀ ਦੌਰਾਨ ਸਿੱਖਿਅਤ ਸਮਾਜ ਦੀਆਂ ਅੱਖਾਂ ਵਿਚ ਉਂਗਲੀ ਪਾ ਕੇ ਇਹ ਦਿਖਾਉਣ ਵਿਚ ਕਾਮਯਾਬ ਹੋ ਗਏ ਕਿ ਉਨ੍ਹਾਂ ਨੂੰ ਸੁਨਾਮੀ ਦਾ ਪਹਿਲਾਂ ਹੀ ਅਨੁਮਾਨ ਲਗਾਉਣ ਅਤੇ ਉਸ ਤੋਂ ਬਚਣ ਦਾ ਹੁਨਰ ਪਤਾ ਸੀ। ਇਸ ਕੁਦਰਤੀ ਕਰੋਪੀ ਨੂੰ ਇਹ ਆਪਣੀਆਂ ਪੁਰਾਕਥਾਵਾਂ ਵਿਚ ਵਿਚ ਭੂਮੀ ਦੇ ਵੱਡੇ ਕਾਂਬੇ ਅਤੇ ਉਥਲ-ਪੁਥਲ ਤੋਂ ਬਾਅਦ ਪਾਣੀ ਦੀਆਂ ਉਚੀਆਂ-ਉਚੀਆਂ ਲਹਿਰਾਂ ਦੇ ਹਮਲੇ ਦੇ ਰੂਪ ਵਿਚ ਯਾਦ ਕਰਦੇ ਹਨ ਅਤੇ ਇਨ੍ਹਾਂ ਤੋਂ ਬਚਣ ਲਈ ਸਾਗਰ ਤਟ ਤੋਂ ਦੂਰ ਦੌੜ ਕੇ ਉਚੇ ਦਰਖਤਾਂ 'ਤੇ ਚੜ੍ਹਣ ਦਾ ਗਿਆਨ ਵੀ ਇਨ੍ਹਾਂ ਦੇ ਕੋਲ ਹੈ। 26 ਜਨਵਰੀ, 2004 ਤੋਂ ਕਰੀਬ ਦਸ ਦਿਨ ਬਾਅਦ ਜਦੋਂ ਇਹ ਦੁਨੀਆ ਭਰ ਦੇ ਪੱਤਰਕਾਰਾਂ ਦੇ ਸਾਹਮਣੇ ਆਪਣੇ ਲੋਕਾਂ ਦੀ ਸਲਾਮਤੀ ਦੀ ਖ਼ਬਰ ਲੈ ਕੇ ਸਹੀ-ਸਲਾਮਤ ਪ੍ਰਗਟ ਹੋਏ ਤਾਂ ਸਭ ਨੇ ਆਪਣੀਆਂ ਉਂਗਲੀਆਂ ਦੰਦਾਂ ਹੇਠ ਦਬਾ ਲਈਆਂ। ਪਰ ਸਰਕਾਰ ਅਤੇ ਮੀਡੀਆ ਦੀ ਮੁੱਖ ਧਾਰਾ ਅੱਜ ਵੀ ਇਨ੍ਹਾਂ ਨੂੰ ਸਜਾਵਟ ਦਾ ਜਗਿਆਸਾ ਭਰਿਆ ਸਾਜੋ-ਸਮਾਨ ਹੀ ਸਮਝਦੀ ਹੈ। ਪਰ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਤੂੰ-ਤੂੰ ਮੈਂ-ਮੈਂ ਵਿਚਾਲੇ ਇਸ ਵੀਡੀਓ ਮਾਮਲੇ ਨੇ ਕਾਂਗਰਸ ਤੇ ਭਾਜਪਾ ਵਿਚਾਲੇ ਇਹ ਬਹਿਸ ਪੈਦਾ ਕਰ ਦਿੱਤੀ ਹੈ ਕਿ ਜਾਰਵਾ ਵਰਗੇ ਬਾਕੀ ਜਨਜਾਤੀ ਭਾਈਚਾਰੇ ਪ੍ਰਤੀ ਸਾਨੂੰ ਆਪਣੇ ਨਜ਼ਰੀਏ 'ਤੇ ਖੁੱਲ੍ਹ ਕੇ ਬਹਿਸ ਕਰਨੀ ਚਾਹੀਦੀ ਹੈ।


Are you at RISK?

The Medicine Shoppe® PHARMACY

FACT: In Canada, it is estimated that about **25%** of men and **18%** of women have high blood pressure.

FACT: About **42%** of people with high blood pressure are unaware of it.

FACT: Heart disease is one of the leading causes of death world-wide.

FACT: High blood pressure is a major factor in heart and stroke disease.

FACT: Only **1 in 3 people** with high blood pressure receive adequate treatment to control their condition.

Don't be a STATISTIC.

Call or visit the pharmacy to book your appointment for a **FREE** Blood Pressure Test.



Jasbir Bhui
B.Sc. Pharm.
Pharmacist / Owner

780-461-8648
127 Millbourne Road East
Edmonton, AB
www.medicineshoppe.ca

WOW! $4.99
Offer expires February 29th, 2012.
Limit 2 per customer. While supplies last.

Rexall Brand
ASA Enteric Coated
Daily Low-Dose Tablets
81 mg • 120's




Your health. Our priority.

Transferring your prescription is easy.

With a simple exchange of information and no trouble at all, you can start to enjoy the one-on-one service and pharmacy-only focus that makes the move to The Medicine Shoppe Pharmacy a healthy one.



Call or visit us today for details.

# ਕਿਹਦੀ ਬਣੇਗੀ ਸਰਕਾਰ

## ਇਸ ਵਾਰ ਮੁਕਾਬਲਾ ਸਖ਼ਤ ਹੈ ਪੰਜਾਬ 'ਚ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਕਾਂਟੇ ਦੀ ਟੱਕਰ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਅਤੇ ਪ੍ਰਮੁੱਖ ਵਿਰੋਧੀ ਪਾਰਟੀ ਕਾਂਗਰਸ ਵਿਚਾਲੇ ਸਖ਼ਤ ਮੁਕਾਬਲਾ ਹੈ। ਹੁਣ ਤੱਕ ਪੰਜਾਬ ਦੀ ਪਰੰਪਰਾ ਰਹੀ ਹੈ ਕਿ ਪੰਜ ਸਾਲ ਬਾਅਦ ਲੋਕ ਸੱਤਾਧਾਰੀ ਪਾਰਟੀ ਨੂੰ ਬਦਲ ਦਿੰਦੇ ਹਨ। ਪਰ ਇਸ ਵਾਰੀ ਕਹਿਣਾ ਮੁਸ਼ਕਿਲ ਹੈ ਕਿ ਜਨਤਾ ਇਹ ਪਰੰਪਰਾ ਤੋੜਦੀ ਹੈ ਜਾਂ ਨਹੀਂ। 117 ਸੀਟਾਂ ਵਿਚੋਂ ਜ਼ਿਆਦਾਤਰ 'ਤੇ ਸਖ਼ਤ ਮੁਕਾਬਲਾ ਹੈ। ਤਿੰਨ ਭੂਗੋਲਿਕ ਹਿੱਸਿਆਂ ਵਾਲੇ ਪੰਜਾਬ ਵਿਚ ਸਭ ਤੋਂ ਵੱਡਾ ਮਾਲਵਾ ਹੈ। ਹੁਣ ਤੱਕ ਲਗਪਗ ਸਾਰੇ ਮੁੱਖ ਮੰਤਰੀ ਮਾਲਵਾ ਖੇਤਰ ਦੇ ਰਹੇ ਹਨ, ਇਸ ਲਈ ਸਿਆਸੀ ਤੌਰ 'ਤੇ ਮਾਲਵਾ ਅਹਿਮ ਹੈ। ਬੀਤੀਆਂ ਚੋਣਾਂ ਵਿਚ ਕਾਂਗਰਸ ਨੇ ਮਾਲਵੇ ਵਿਚ ਬਿਹਤਰ ਪ੍ਰਦਰਸ਼ ਕੀਤਾ ਸੀ, ਪਰ ਮਾਝਾ ਅਤੇ ਦੋਆਬਾ ਵਿਚ ਅਕਾਲੀ-ਭਾਜਪਾ ਨੇ ਬਾਜ਼ੀ ਮਾਰੀ ਸੀ। ਕਾਂਗਰਸ 68 ਸੀਟਾਂ ਵਾਲੇ ਮਾਲਵਾ ਵਿਚ ਜਿਥੇ ਦਬਦਬਾ ਬਰਕਰਾਰ ਰੱਖਣ ਵਿਚ ਜੁਟੀ ਹੈ, ਉਥੇ ਅਕਾਲੀ ਗਠਜੋੜ ਆਪਣੀ ਸਥਿਤੀ ਬਿਹਤਰ ਬਣਾਉਣ ਲਈ ਜੱਦੋਜਹਿਦ ਕਰ ਰਿਹਾ ਹੈ। ਇਸ ਵਾਰ ਚੋਣਾਂ ਵਿਚ ਮਾਝਾ ਅਤੇ ਦੋਆਬਾ ਦੀ ਭੂਮਿਕਾ ਅਹਿਮ ਹੋਵੇਗੀ। ਦੋਨਾਂ ਇਲਾਕਿਆਂ ਦੀਆਂ 49 ਸੀਟਾਂ ਦੇ ਨਤੀਜੇ ਨਿਸ਼ਚਿਤ ਤੌਰ 'ਤੇ ਸੱਤਾ ਤੈਅ ਕਰਨਗੇ।

### ਹੁਣ ਤੱਕ ਉਭਰੀ ਇਹ ਤਸਵੀਰ

ਕਾਂਗਰਸ ਦਾ ਟਿਕਟ ਨਾ ਮਿਲਣ ਤੋਂ ਕਰੀਬ ਦੋ ਦਰਜਨ ਸੀਟਾਂ ਉਤੇ ਬਾਗੀ ਆਜ਼ਾਦ ਬਣ ਕੇ ਮੈਦਾਨ ਵਿਚ ਡਟੇ ਰਹੇ। ਇਨ੍ਹਾਂ ਵਿਚੋਂ 19 ਬਾਗੀਆਂ ਨੂੰ ਬਾਹਰ ਕੱਢਿਆ ਗਿਆ। ਅਕਾਲੀ ਦਲ ਦੇ ਅੱਠ ਬਾਗੀ ਮੈਦਾਨ ਵਿਚ, ਜਦੋਂ ਕਿ ਭਾਜਪਾ ਦੇ ਦੋ ਬਾਗੀ ਆਜ਼ਾਦ ਹਨ। ਅਕਾਲੀ ਦਲ ਤੋਂ ਅਲੱਗ ਹੋ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਛੋਟੇ ਭਰਾ ਗੁਰਦਾਸ ਬਾਦਲ ਅਤੇ ਉਨ੍ਹਾਂ ਦੇ ਬੇਟੇ ਮਨਪ੍ਰੀਤ ਸਿੰਘ ਬਾਦਲ ਵੱਖਰੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ) ਬਣਾ ਚੁੱਕੇ ਹਨ। ਇਸ ਵਾਰ ਉਹ ਖੱਬੇ ਪੱਖੀਆਂ ਨਾਲ ਸਾਂਝਾ ਮੋਰਚਾ ਬਣਾ ਕੇ ਚੋਣ ਮੈਦਾਨ ਵਿਚ ਹਨ। ਕਿਉਂਕਿ ਉਹ ਅਕਾਲੀ ਦਲ ਪਰਿਵਾਰ ਤੋਂ ਅਲੱਗ ਹੋਏ ਹਨ, ਇਸ ਲਈ ਅਕਾਲੀਆਂ ਦੇ ਕੁਝ ਹੱਦ ਤੱਕ ਵੋਟ ਕੱਟਣ ਦੀ ਸਥਿਤੀ ਬਣੀ ਹੈ। ਦੋ-ਚਾਰ ਸੀਟਾਂ ਦਾ ਹੇਰਫੇਰ ਹੋ ਸਕਦਾ ਹੈ। ਮਾਝਾ ਅਤੇ ਦੋਆਬਾ ਵਿਚ ਸਥਿਤੀ ਬਦਲੀ ਹੋਈ ਹੈ। ਇਥੇ ਭਾਜਪਾ ਜ਼ਿਆਦਾ ਸੀਟਾਂ 'ਤੇ ਲੜ ਰਹੀ ਹੈ, ਇਸ ਲਈ ਇਹ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਆਪਣੀ ਪੁਰਾਣੀ ਸਥਿਤੀ ਬਰਕਰਾਰ ਰੱਖਣ ਵਿਚ ਮੁਸ਼ਕਿਲ ਵਿਚ ਫਸੀ ਹੈ। ਇਸ ਦਾ ਸਿੱਧਾ ਲਾਭ ਕਾਂਗਰਸ ਨੂੰ ਮਿਲ ਸਕਦਾ ਹੈ। ਕੁਝ ਸੀਟਾਂ ਉਤੇ ਅਕਾਲੀ ਦਲ ਵੀ ਮਜਬੂਤ ਸਥਿਤੀ ਵਿਚ ਹੈ। ਇਸ ਲਈ ਇਸ ਵਾਰ ਮਾਝਾ ਅਤੇ ਦੋਆਬਾ ਜਿਸ ਪਾਰਟੀ ਵੱਲ ਜਾਵੇਗਾ, ਸਰਕਾਰ ਉਸ ਪਾਰਟੀ ਦੀ ਬਣਨੀ ਤੈਅ ਹੈ। ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿਚ ਦੋਆਬਾ ਵਿਚ ਗੁਰਦਾਸਪੁਰ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਕਾਂਗਰਸ ਦੇ ਐਮ ਪੀ ਬਣੇ ਸਨ, ਜਦੋਂ ਕਿ ਅੰਮ੍ਰਿਤਸਰ ਅਤੇ ਖਡੂਰ ਸਾਹਿਬ ਤੋਂ ਅਕਾਲੀ ਦਲ ਦੇ ਐਮ ਪੀ ਬਣੇ ਸਨ। ਸ਼ਹਿਰੀ ਖੇਤਰਾਂ ਵਿਚ ਕਾਂਗਰਸ ਅਤੇ ਭਾਜਪਾ ਵਿਚਾਲੇ ਸਿੱਧੀ ਟੱਕਰ ਹੈ।

ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ 72 ਸੀਟਾਂ ਦੇ ਵੱਡੇ ਬਹੁਮਤ ਨਾਲ ਮੁੜ ਸੱਤਾ 'ਚ ਆਉਣਾ
ਇੰਡੀਆ ਟੀ.ਵੀ., ਨਿਊਜ਼ 24, ਪੀ7 ਨਿਊਜ਼ ਅਤੇ ਸਹਾਰਾ ਸਮਯ ਵਲੋਂ ਕੀਤਾ ਸਰਵੇਖਣ




ਵਿਭਿੰਨ ਨਿਊਜ਼ ਚੈਨਲਾਂ ਵਲੋਂ ਸਰਵੇਖਣ

| ਪਾਰਟੀ | INDIA TV | ਨਿਊਜ਼ 24 | P7 NEWS | ਸਹਾਰਾ ਸਮਯ |
|---|---|---|---|---|
| ਸ਼੍ਰੋਮਣੀ ਅਕਾਲੀ ਦਲ-ਭਾਜਪਾ | 64-72 | 60 | 68 | 63 |
| ਕਾਂਗਰਸ | 43-47 | 54 | 45 | 51 |
| ਹੋਰ | 4-8 | 3 | 4 | 3 |

AOVT. issued by: S.A.D.

ਪ੍ਰਮੁੱਖ ਟੀਵੀ ਚੈਨਲਾਂ ਆਜ ਤਕ HEADLINES TODAY STAR ਨਿਊਜ਼ ਵੱਲੋਂ ਭਵਿੱਖਵਾਣੀ
ਪੰਜਾਬ ਵਿੱਚ ਪੂਰਨ ਬਹੁਮੱਤ ਨਾਲ ਅਗਲੀ ਸਰਕਾਰ ਕਾਂਗਰਸ ਦੀ ਹੋਵੇਗੀ
ਇੰਡੀਆ ਟੂਡੇ-ਓ.ਆਰ.ਜੀ ਸਰਵੇਖਣ ਅਨੁਸਾਰ...
"ਕਾਂਗਰਸ ਨੂੰ 69 ਸੀਟਾਂ ਮਿਲਣ ਦੀ ਸੰਭਾਵਨਾ"
" ਮੁੱਖ ਮੰਤਰੀ ਲਈ ਨੰ. 1 ਪਸੰਦ ਕੈਪਟਨ ਅਮਰਿੰਦਰ ਸਿੰਘ "
STAR ਨਿਊਜ਼ ਅਤੇ ਨਿਲਸਨ ਸਰਵੇਖਣ ਦੇ ਅਨੁਸਾਰ
ਪੰਜਾਬ ਦੇ ਅਗਲੇ ਮੁੱਖ ਮੰਤਰੀ ਵਜੋਂ
50% ਲੋਕਾਂ ਦੀ ਪਸੰਦ ਕੈਪਟਨ ਅਮਰਿੰਦਰ ਸਿੰਘ










ਨਾਲ ਹੀ STAR ਨਿਊਜ਼ ਅਤੇ ਨਿਲਸਨ ਸਰਵੇਖਣ ਦੇ ਅਨੁਸਾਰ "ਪੰਜਾਬ ਵਿੱਚ ਕਾਂਗਰਸ ਨੂੰ ਪੂਰਨ ਬਹੁਮੱਤ ਮਿਲਣ ਦੀ ਆਸ"

## ਪਰੰਪਰਾ ਟੁੱਟਣ ਅਤੇ ਕਾਇਮ ਰਹਿਣ ਦਾ ਦਿਨ

ਪੰਜਾਬ ਦੀਆਂ ਹਰ ਚੋਣਾਂ ਵਿਚ ਆਮ ਤੌਰ 'ਤੇ ਸਾਰੇ ਸਮੀਕਰਨ ਪਰੰਪਰਾਗਤ ਹੀ ਰਹੇ ਹਨ। ਪਾਰਟੀ ਦਾ ਕੇਡਰ, ਮੁੱਦੇ, ਪ੍ਰਚਾਰ, ਵਿਅਕਤੀਗਤ ਸ਼ਾਖ, ਬਾਗੀ, ਡੇਰੇ, ਪੈਸਾ, ਨਸ਼ਾ ਅਤੇ ਕੁਝ ਥਾਈਂ ਤਿਕੋਣਾ ਮੁਕਾਬਲਾ ਆਦਿ। ਇਸ ਤੋਂ ਇਲਾਵਾ ਕੁਝ ਐਂਟੀ ਇਨਕੰਬੰਸੀ ਫੈਕਟਰ ਵੀ ਰਹਿੰਦਾ ਹੈ। ਇਨ੍ਹਾਂ ਵਿਚਾਲੇ ਹੀ ਹਾਰ-ਜਿੱਤ ਤੈਅ ਹੁੰਦੀ ਰਹੀ ਹੈ, ਪਰ ਇਸ ਵਾਰ ਪੰਜਾਬ ਵਿਚ ਮਹੱਤਵਪੂਰਨ ਫੈਕਟਰ ਹੈ-ਚੋਣ ਕਮਿਸ਼ਨ। ਕਮਿਸ਼ਨ ਨੇ ਤਿੰਨ ਫੈਕਟਰਾਂ ਨੂੰ ਬੁਰੀ ਤਰ੍ਹਾਂ ਤੋੜ-ਮਰੋੜ ਦਿੱਤਾ ਹੈ। ਪ੍ਰਚਾਰ, ਪੈਸਾ ਅਤੇ ਸ਼ਰਾਬ। ਇਨ੍ਹਾਂ ਤਿੰਨ ਕਾਰਕਾਂ ਨਾਲ ਵੋਟਾਂ ਦਾ ਚੱਕਰ ਕਿੰਨਾ ਕਿਸ ਵੱਲ ਘੁੰਮਦਾ ਹੈ, ਇਹ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ, ਪਰ ਚੱਕਰ ਘੁੰਮਦਾ ਜ਼ਰੂਰ ਹੈ। ਇਸ ਵਾਰ ਉਕਤ ਵੋਟ ਕਾਫੀ ਹੱਦ ਤੱਕ ਪ੍ਰਭਾਵਿਤ ਹੋਇਆ ਹੈ, ਜਿਸ ਦਾ ਅਸਰ ਚੋਣ ਨਤੀਜਿਆਂ 'ਤੇ ਦਿਖੇਗਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਵਾਰ ਬੋਗਸ ਵੋਟਿੰਗ ਦੀਆਂ ਸੰਭਾਵਨਾਵਾਂ ਲਗਭਗ ਖ਼ਤਮ ਹੋ ਗਈਆਂ, ਜ਼ਾਹਿਰ ਹੈ ਕਿ ਇਸ ਦਾ ਵੀ ਪ੍ਰਭਾਵ ਰਹੇਗਾ।

ਪੰਜਾਬ ਵਿਚ ਇਕ ਪਰੰਪਰਾ ਕਾਇਮ ਹੋ ਚੁੱਕੀ ਹੈ-ਸਰਕਾਰ ਬਦਲਣ ਦੀ। ਲਗਾਤਾਰ 8 ਚੋਣਾਂ ਵਿਚ ਇਸ ਪਰੰਪਰਾ ਨੂੰ ਕਾਇਮ ਰੱਖਿਆ ਹੈ ਇਥੋਂ ਦੇ ਵੋਟਰਾਂ ਨੇ। ਹੁਣ ਇਸ ਨੂੰ ਐਂਟੀ ਇਨਕੰਬੰਸੀ ਕਹਿ ਲਓ ਜਾਂ ਮਾਨਸਿਕਤਾ ਦਾ ਬਣ ਜਾਣਾ, ਪਰ ਜਨਤਾ ਲਗਾਤਾਰ ਕਿਸੇ ਇਕ ਨੂੰ ਸੱਤਾ ਨਹੀਂ ਸੌਂਪ ਰਹੀ। ਇਸ ਵਾਰ ਜੇਕਰ ਇਸ ਪਰੰਪਰਾ ਵਿਚ ਕੋਈ ਬਦਲਾਅ ਆਉਂਦਾ ਹੈ ਤਾਂ ਇਸ ਲਈ ਕਈ ਨਵੇਂ ਕਾਰਕ ਜ਼ਿੰਮੇਵਾਰ ਹੋਣਗੇ। ਪੰਜਾਬ ਵਿਚ 1967 ਵਿਚ ਪਹਿਲੀ ਗੈਰ ਕਾਂਗਰਸ ਸਰਕਾਰ ਬਣੀ ਸੀ ਅਤੇ 1972 ਦੀਆਂ ਚੋਣਾਂ ਤੋਂ ਬਾਅਦ ਸਰਕਾਰ ਬਦਲਣ ਦੀ ਜੋ ਪਰੰਪਰਾ ਚੱਲੀ, ਉਹੀ ਕਾਇਮ ਹੈ। ਹਾਲਾਂਕਿ ਸਰਕਾਰਾਂ ਨੂੰ ਬਦਲਣ ਵਿਚ ਕਈ ਵਾਰੀ ਤਤਕਾਲੀਨ ਸਿਆਸੀ ਸਮੀਕਰਨ ਵੀ ਕਾਰਨ ਰਹੇ।

ਇਸ ਲੜੀ ਵਿਚ ਇਕ ਅਹਿਮ ਤੱਥ ਇਹ ਹੈ ਕਿ ਜਦੋਂ-ਜਦੋਂ ਵੋਟਿੰਗ ਪਰਸੈਂਟੇਜ਼ ਵਧਿਆ ਹੈ, ਕਾਂਗਰਸ ਲਈ ਘਾਟੇ ਦਾ ਸੌਦਾ ਰਿਹਾ ਹੈ। ਇਸ ਵਿਚ ਮਹਿਜ਼ 1977 ਦੀਆਂ ਚੋਣਾਂ ਇਸ ਲਈ ਅਪਵਾਦ ਹਨ ਕਿ ਤਦ ਪਹਿਲੀ ਵਾਰ 117 ਹਲਕੇ ਬਣੇ ਸਨ। ਵੋਟ ਪਰਸੈਂਟੇਜ਼ ਘਟਣ ਜਾਂ ਵਧਣ ਨਾਲ ਪਾਰਟੀ ਵਿਸ਼ੇਸ਼ ਦੀ ਸਰਕਾਰ ਬਣਨ ਦੀ ਪਰੰਪਰਾ ਕਾਇਮ ਰਹਿੰਦੀ ਹੈ ਜਾਂ ਇਸ ਵਿਚ ਵੀ ਕੋਈ ਬਦਲਾਅ ਆਉਂਦਾ ਹੈ, ਇਹ ਦੇਖਣਾ ਵੀ ਦਿਲਚਸਪ ਰਹੇਗਾ। ਹੁਣ ਤੱਕ ਦੀ ਸਭ ਤੋਂ ਜ਼ਿਆਦਾ ਵੋਟਿੰਗ ਪਰਸੈਂਟੇਜ਼ 2007 ਵਿਚ ਹੀ ਰਹੀ ਸੀ। ਉਸ ਵਿਚ ਪਾਰਟੀਆਂ ਦੇ ਪਰੰਪਰਾਗਤ ਗੜ੍ਹ ਜ਼ਰੂਰ ਟੁੱਟੇ ਸਨ, ਪਰ ਬਾਕੀ ਪਰੰਪਰਾ ਕਾਇਮ ਰਹੀ ਸੀ। ਇਸ ਵਾਰ ਵੋਟਿੰਗ ਪਰਸੈਂਟੇਜ਼ 2007 ਤੋਂ ਵੀ ਵੱਧ ਗਿਆ ਹੈ।

**ਵੋਟਿੰਗ ਪਰਸੈਂਟੇਜ਼**

| ਸਾਲ | ਪਰਸੈਂਟੇਜ਼ | ਕਾਂਗਰਸ | ਅਕਾਲੀ | ਸਰਕਾਰ |
|---|---|---|---|---|
| 1962 | 63.44 | 90 | 19 | ਕਾਂਗਰਸ |
| 1967 | 71.18 | 48 | 24 | ਅਕਾਲੀ + |
| 1969 | 72.27 | 38 | 43 | ਅਕਾਲੀ + |
| 1972 | 68.63 | 66 | 24 | ਕਾਂਗਰਸ |
| 1977 | 65.36 | 17 | 57 | ਅਕਾਲੀ + |
| 1980 | 64.33 | 63 | 37 | ਕਾਂਗਰਸ |
| 1985 | 67.53 | 32 | 73 | ਅਕਾਲੀ + |
| 1992 | 23 | 87 | 3 | ਕਾਂਗਰਸ |
| 1997 | 68.73 | 14 | 75 | ਅਕਾਲੀ + |
| 2002 | 65.14 | 62 | 41 | ਕਾਂਗਰਸ |
| 2007 | 75.45 | 44 | 49 | ਅਕਾਲੀ + |
| 2012 | 76.63 | ? | ? | ? |







## ਸੋਚ ਬਦਲੇ ਤਾਂ ਹੋ ਕੇ ਰਹੇਗਾ ਵਿਕਾਸ

ਬ੍ਰਿਜ ਮੋਹਨ ਸਿੰਘ

ਇਨ੍ਹਾਂ ਚੋਣਾਂ ਦੌਰਾਨ ਪਹਿਲੀ ਵਾਰ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਬਾਦਲ ਨੂੰ ਇਕ ਟੈਲੀਵਿਜ਼ਨ ਸ਼ੋਅ ਵਿਚ ਆਹਮਣੇ-ਸਾਹਮਣੇ ਬੈਠੇ ਦੇਖਿਆ ਗਿਆ। ਸਭ ਤੋਂ ਵੱਡੇ ਸਕੂਨ ਦੀ ਗੱਲ ਇਹ ਸੀ ਕਿ ਦੋਨੋਂ ਹੀ ਨੇਤਾ ਧਿਆਨ ਨਾਲ ਇਕ- ਦੂਜੇ ਨੂੰ ਸੁਣ ਰਹੇ ਸਨ ਅਤੇ ਜਵਾਬ ਵੀ ਦੇ ਰਹੇ ਸਨ। ਪੰਜਾਬ ਵਿਚ ਅਜਿਹਾ ਮੌਕਾ ਪਹਿਲਾਂ ਬਹੁਤ ਘੱਟ ਦੇਖਣ ਨੂੰ ਮਿਲਦਾ ਸੀ। ਕੀ ਲੋਕ ਉਮੀਦ ਕਰ ਸਕਦੇ ਹਨ ਕਿ ਕੈਪਟਨ ਅਤੇ ਸੁਖਬੀਰ ਇਕ-ਦੂਸਰੇ ਦੇ ਖਿਲਾਫ਼ ਤਲਖ਼ ਬਿਆਨਬਾਜ਼ੀ ਕਰਦੇ ਹੋਏ ਘੱਟ ਨਜ਼ਰ ਆਉਣਗੇ ਅਤੇ ਪੰਜਾਬ ਦੇ ਹਿੱਤ ਦੀ ਗੱਲ ਜ਼ਿਆਦਾ ਕਰਨਗੇ। ਇਸ ਵਾਰ ਚੋਣਾਂ ਵਿਚ ਮੁੱਦਿਆਂ ਦਾ ਸੰਕਟ ਤਾਂ ਰਿਹਾ ਹੀ ਹੈ। ਇਸ ਤੋਂ ਪਹਿਲਾਂ ਚੋਣਾਂ ਵਿਚ ਪੰਥ ਨਾਲ ਜੁੜੇ ਮੁੱਦੇ ਜ਼ਿਆਦਾ ਹਾਵੀ ਰਹੇ। ਇਸ ਤੋਂ ਉਲਟ ਅਕਾਲੀ ਦਲ-ਭਾਜਪਾ ਨੇ ਵਿਕਾਸ ਨੂੰ ਹੀ ਆਪਣਾ ਮੁੱਦਾ ਬਣਾਇਆ। ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਵੱਲ ਮੁੜ ਕੇ ਦੇਖੀਏ ਤਾਂ ਉਥੇ ਕੈਪਟਨ ਅਮਰਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਬੜੀ ਮਜਬੂਤੀ ਨਾਲ ਉਠਾਇਆ ਸੀ, ਜਿਸ ਨੂੰ ਲੋਕਾਂ ਨੇ ਹੱਥੋਂ-ਹੱਥੀਂ ਲਿਆ। ਪਰ, ਇਸ ਵਾਰ ਕਾਂਗਰਸ ਨੇ ਭ੍ਰਿਸ਼ਟਾਚਾਰ ਨੂੰ ਬਹੁਤ ਵੱਡਾ ਮੁੱਦਾ ਨਹੀਂ ਬਣਾਇਆ। ਸੁਖਬੀਰ ਨੂੰ ਸਿਰਫ ਉਨ੍ਹਾਂ ਦੇ ਕੰਮ ਕਰਨ ਦੇ ਸਟਾਇਲ ਲਈ ਕਿਉਂ ਕੋਸਿਆ ਜਾਣਾ ਚਾਹੀਦਾ ਹੈ? ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਅਕਾਲੀ ਦਲ ਵਿਚ ਪੰਜ ਸਿਤਾਰਾ ਕਲਚਰ ਸ਼ੁਰੂ ਕੀਤਾ, ਪਰ ਸੁਖਬੀਰ ਨੂੰ ਇਸ ਗੱਲ ਦਾ ਸਿਹਰਾ ਮਿਲਣਾ ਚਾਹੀਦਾ ਹੈ ਕਿ 70 ਸਾਲ ਤੋਂ ਜ਼ਿਆਦਾ ਪੁਰਾਣੀ ਪਾਰਟੀ ਦੇ ਜਥੇਦਾਰਾਂ ਨੂੰ ਇਸ ਗੱਲ ਲਈ ਮਨਾਇਆ ਕਿ ਉਹ ਪੰਥਕ ਮੁੱਦਿਆਂ ਨੂੰ ਤਿਆਗ ਕੇ ਵਿਕਾਸ ਦੇ ਮੁੱਦੇ ਨੂੰ ਸਵੀਕਾਰ ਕਰਨ। ਪਾਰਟੀ ਜੇਕਰ ਜਿੱਤ ਗਈ ਤਾਂ ਇਸ ਦਾ ਸਿਹਰਾ ਸੁਖਬੀਰ ਨੂੰ ਮਿਲੇਗਾ।

ਅੱਜ ਪੰਜਾਬ ਦੇ ਹਿੱਸੇ ਦਾ ਨਿਵੇਸ਼ ਦੇਸ਼ ਦੇ ਬਾਕੀ ਹਿੱਸਿਆਂ ਵਿਚ ਜਾ ਰਿਹਾ ਹੈ। ਪੰਜਾਬ ਤੋਂ ਉਦਯੋਗ ਨਿਕਲ ਕੇ ਗੁਜਰਾਤ, ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਜਾ ਰਹੇ ਹਨ। ਸਾਈਕਲ ਉਦਯੋਗ ਬਿਹਾਰ ਵੱਲ ਰੁਖ਼ ਕਰ ਰਿਹਾ ਹੈ, ਇਸ ਨੂੰ ਰੋਕਣਾ ਆਉਣ ਵਾਲੀ ਸਰਕਾਰ ਦੀ ਜ਼ਿੰਮੇਵਾਰੀ ਹੈ। ਬਿਜਲੀ ਦੇ ਪਲਾਂਟ ਇਕ ਦਿਨ ਬਣ ਕੇ ਜ਼ਰੂਰ ਤਿਆਰ ਹੋਣਗੇ, ਪਰ ਇਸ ਵਿਚ 5-6 ਸਾਲ ਦਾ ਸਮਾਂ ਲੱਗਦਾ ਹੈ, ਇਸ ਲਈ ਹੋਰ ਸਮਾਂ ਲੱਗੇਗਾ। ਕੈਪਟਨ, ਸੁਖਬੀਰ, ਮਨਪ੍ਰੀਤ ਸਾਰੇ ਪੰਜਾਬ ਨੂੰ ਬਦਲਣ ਦੀ ਗੱਲ ਕਰਦੇ ਹਨ। ਜਦੋਂ ਨੇਤਾ ਆਪਣੀ ਸੋਚ ਬਦਲਣਗੇ ਤਾਂ ਪੰਜਾਬ ਨੂੰ ਅੱਗੇ ਵਧਣ ਤੋਂ ਕੌਣ ਰੋਕ ਸਕਦਾ ਹੈ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਲਾਲਚ ਦੀ ਸਿਆਸਤ ਤੇ ਅਵਾਮ ਦੀ ਊਂਘ

ਕਿਹਦੀ ਬਣੇਗੀ ਸਰਕਾਰ? ਹੁਣ ਇਹ ਸਵਾਲ ਪੰਜਾਬ ਦੀ ਫਿਜ਼ਾ ਵਿਚ ਗੂੰਜ ਰਿਹਾ ਹੈ। ਇਸ ਸਵਾਲ ਦਾ ਸਹੀ-ਸਹੀ ਜਵਾਬ ਕੀ ਹੋ ਸਕਦਾ ਹੈ? ਸੌ ਫੀਸਦੀ ਸਹੀ ਜਵਾਬ ਕਿਸੇ ਕੋਲ ਨਹੀਂ ਹੈ। ਹਰ ਇਕ ਦੇ ਆਪਣੇ-ਆਪਣੇ ਅਨੁਮਾਨ ਹਨ ਅਤੇ ਚੋਣ ਪਿੜ ਵਿਚ ਭਿੜਦੀਆਂ ਰਹੀਆਂ ਪ੍ਰਮੁੱਖ ਸਿਆਸੀ ਧਿਰਾਂ ਦੇ ਆਗੂਆਂ ਦੇ ਆਪੋ-ਆਪਣੇ ਦਾਅਵੇ ਹਨ। ਚੋਣ ਮੁਹਿੰਮ ਦੌਰਾਨ ਪੰਜਾਬ ਦਾ ਸਿਆਸੀ ਅੰਬਰ ਐਨੀ ਗਰਦ ਨਾਲ ਭਰਿਆ ਰਿਹਾ ਹੈ ਕਿ ਸਰਵੇ ਕਰਨ ਵਾਲੀਆਂ ਏਜੰਸੀਆਂ ਵੀ ਭੰਬਲ-ਭੂਸੇ ਵਿਚ ਰਹੀਆਂ। ਪੰਜ ਏਜੰਸੀਆਂ ਜਿਥੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੂੰ ਦੁਬਾਰਾ ਹਕੂਮਤ ਵਿਚ ਆਉਂਦੀਆਂ ਦਸਦੀਆਂ ਰਹੀਆਂ ਤਾਂ ਦੂਜੇ ਪਾਸੇ ਪੰਜ ਹੋਰ ਏਜੰਸੀਆਂ ਨੇ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਸਰਕਾਰ ਬਣਨ ਦੀ ਪੇਸ਼ੀਨਗੋਈ ਕੀਤੀ। ਇਨ੍ਹਾਂ ਵਿਚੋਂ ਕੁਝ ਏਜੰਸੀਆਂ ਨੇ ਆਪਣੇ ਹੀ ਪਹਿਲੇ ਸਰਵੇ ਰੱਦ ਵੀ ਕੀਤੇ। ਇਹਦਾ ਕੀ ਕਾਰਨ ਰਿਹਾ ਹੋਵੇਗਾ? ਕੀ ਸਰਵੇ ਕਰਨ ਵਾਲੀਆਂ ਏਜੰਸੀਆਂ ਦੀ ਸਾਰਥਕਤਾ 'ਤੇ ਸਵਾਲੀਆ ਨਿਸ਼ਾਨ ਨਹੀਂ ਲੱਗਦਾ? ਕੌਣ ਕਰੇਗਾ ਇਨ੍ਹਾਂ 'ਤੇ ਯਕੀਨ? ਇਸ ਤੋਂ ਇਲਾਵਾ ਸੱਟਾ ਬਾਜ਼ਾਰ ਨੇ ਵੀ ਤਿੰਨ ਹਜ਼ਾਰ ਕਰੋੜ ਰੁਪਏ ਦਾ ਸੱਟਾ ਖੇਡਦਿਆਂ ਕਦੇ ਅਕਾਲੀ-ਭਾਜਪਾ ਗਠਜੋੜ ਅਤੇ ਕਦੇ ਕਾਂਗਰਸ ਦੀ ਸਰਕਾਰ ਬਣਨ ਦੇ ਅਨੁਮਾਨ ਲਾਏ।

ਪੰਜਾਬ 'ਚ ਵੋਟਾਂ ਪੈ ਜਾਣ ਤੋਂ ਬਾਅਦ ਹੁਣ ਲਗਾਤਾਰ ਇਕ ਮਹੀਨਾ ਇਹ ਚਰਚਾ ਹੀ ਚਲਦੀ ਰਹਿਣੀ ਹੈ ਕਿ ਆਖਿਰ ਸਰਕਾਰ ਬਣਨੀ ਕਿਹਦੀ ਹੈ। ਉਮੀਦਵਾਰ ਅਤੇ ਉਨ੍ਹਾਂ ਦੇ ਹਮਾਇਤੀ ਪਹਿਲਾਂ ਚੋਣ ਮੁਹਿੰਮ ਦੌਰਾਨ ਦਿਨ-ਰਾਤ ਰੁੱਝੇ ਰਹੇ ਤੇ ਹੁਣ ਪੂਰਾ ਇਕ ਮਹੀਨਾ ਇਸ ਫਿਕਰ ਵਿਚ ਹੀ ਨਹੀਂ ਸੌਂ ਸਕਣਗੇ ਕਿ ਉਹ ਜਿੱਤਣਗੇ ਜਾਂ ਹਾਰ ਜਾਣਗੇ। ਪੰਜਾਬੀ ਆਵਾਮ ਪੂਰਾ ਇਕ ਮਹੀਨਾ ਹੁਣ ਇਸ ਠਹਿਰੇ ਹੋਏ ਵਕਤ ਨੂੰ ਨਿਹਾਰਨ ਤੋਂ ਬਿਨਾਂ ਕੁਝ ਨਹੀਂ ਕਰੇਗਾ। ਪਰ ਇਸ ਠਹਿਰੇ ਹੋਏ ਵਕਤ ਵਿਚ ਹੀ ਪੰਜਾਬੀਆਂ ਨੂੰ ਆਪਣੇ ਮਨ-ਮਸਤਕ ਨੂੰ ਝੰਜੋੜਣਾ ਚਾਹੀਦਾ ਹੈ। ਕੁਝ ਸਵਾਲ ਖੁਦ ਹੀ ਪੈਦਾ ਕਰਕੇ ਉਨ੍ਹਾਂ ਦੇ ਜਵਾਬ ਭਾਲਣ ਦਾ ਹੰਭਲਾ ਮਾਰਨ ਦੀ ਜ਼ਰੂਰਤ ਹੈ।

ਪਹਿਲਾ ਸਵਾਲ ਤਾਂ ਇਹੀ ਬਣਨਾ ਚਾਹੀਦਾ ਹੈ ਕਿ ਪੰਜਾਬ ਵਿਚ, 'ਸਰਕਾਰ ਕੀਹਦੀ ਬਣੇ' ਦਾ ਫ਼ਿਕਰ ਕਰਨ ਦੀ ਥਾਂ ਇਹ ਫ਼ਿਕਰ ਕਿਉਂ ਨਾ ਕੀਤਾ ਜਾਵੇ ਕਿ ਸਰਕਾਰ ਜੀਹਦੀ ਵੀ ਬਣੇ ਪਰ ਕੀ ਉਹ ਲੋਕਾਂ ਦੀ ਸਰਕਾਰ ਹੋਵੇਗੀ ਜਾਂ ਨਹੀਂ? ਕਿਉਂਕਿ ਚੋਣ ਪਿੜ ਵਿਚ ਨਿੱਤਰੀਆਂ ਦੋਵੇਂ ਪ੍ਰਮੁੱਖ ਸਿਆਸੀ ਧਿਰਾਂ ਦੇ ਚੋਣ ਐਲਾਨ-ਨਾਮਿਆਂ ਵਿਚ ਲਗਪਗ ਇਕੋ ਜਿਹੇ ਵਾਅਦੇ ਕੀਤ ਗਏ ਅਤੇ ਪਹਿਲੀ ਵਾਰ ਤੀਸਰੇ ਮੋਰਚੇ ਦੇ ਰੂਪ ਵਿਚ ਬੱਝਵਾਂ ਦਖ਼ਲ ਦੇਣ ਵਾਲੇ ਪੀਪਲਜ਼ ਪਾਰਟੀ ਦੀ ਅਗਵਾਈ ਵਿਚ ਬਣੇ ਸਾਂਝੇ ਮੋਰਚੇ ਦੇ ਸੌ ਦਿਨ ਦੇ ਏਜੰਡੇ ਦੀ ਮੁੱਖ ਸੁਰ ਵੀ ਇਨ੍ਹਾਂ ਦੋਵਾਂ ਪ੍ਰਮੁੱਖ ਧਿਰਾਂ ਤੋਂ ਕੋਈ ਬਹੁਤੀ ਵੱਖਰੀ ਨਹੀਂ ਰਹੀ। ਇਨ੍ਹਾਂ ਚੋਣ ਐਲਾਨ-ਨਾਮਿਆਂ ਰਾਹੀਂ ਤਿੰਨਾਂ ਪ੍ਰਮੁੱਖ ਧਿਰਾਂ ਨੇ ਸਸਤੀ, ਸ਼ੌਹਰਤੀ ਅਤੇ ਲੋਕ ਭਰਮਾਊ ਸਿਆਸੀ ਖੇਡ ਹੀ ਖੇਡੀ ਹੈ। ਜੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਨੇ ਲਗਪਗ ਸਭ ਕੁਝ ਹੀ ਮੁਫ਼ਤ ਦੇਣ-ਦਿਵਾਉਣ ਦੇ ਵਾਅਦੇ ਕੀਤੇ ਤਾਂ ਸਾਂਝੇ ਮੋਰਚੇ ਨੇ ਵੀ ਉਸੇ ਤਰਜ਼ 'ਤੇ ਆਪਣੇ ਚੋਣ ਵਾਅਦਿਆਂ ਰਾਹੀਂ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਪਰ ਇਸ ਮੁਫ਼ਤਖੋਰੀ ਦੀ ਸਿਆਸਤ ਵਿਚ ਇਹ ਦੱਸਣ ਦੀ ਕਿਸੇ ਨੇ ਖੇਚਲ ਤੱਕ ਨਹੀਂ ਕੀਤੀ ਕਿ ਇਹਦੇ ਲਈ ਪੈਸਾ ਕਿਥੋਂ ਆਵੇਗਾ। ਪੰਜਾਬੀ ਆਵਾਮ ਨੂੰ ਸਭ ਕੁਝ ਹੀ ਮੁਫ਼ਤ ਮੁਹੱਈਆ ਕਰਾਉਣ ਲਈ ਉਹ ਕਿਹੜੇ ਸ੍ਰੋਤ ਹਨ, ਜਿਨ੍ਹਾਂ ਰਾਹੀਂ ਲਗਪਗ ਦੋ ਲੱਖ ਕਰੋੜ ਰੁਪਇਆ ਇਕੱਤਰ ਕੀਤਾ ਜਾਵੇਗਾ। ਇਹ ਦੱਸਣ ਲਈ ਕਿਸੇ ਕੋਲ ਵਕਤ ਹੀ ਨਹੀਂ ਸੀ ਤੇ ਨਾ ਹੀ ਇਸ ਦੀ ਲੋੜ ਹੀ ਸਮਝੀ ਗਈ। ਲੋੜ ਇਸ ਕਰਕੇ ਵੀ ਨਹੀਂ ਸਮਝੀ ਗਈ ਕਿਉਂਕਿ ਇਹ ਪੰਜਾਬੀਆਂ ਨੂੰ 'ਮੁੰਗੇਰੀ ਲਾਲ ਦੇ ਹੁਸੀਨ ਸੁਪਨ ਸੰਸਾਰ' ਵਿਚ ਲਿਜਾ ਕੇ ਉਨ੍ਹਾਂ ਦੀਆਂ ਵੋਟਾਂ ਖਿੱਚਣ ਦੀ ਹੀ ਤਰਕੀਬ ਸੀ, ਹੋਰ ਕੁਝ ਨਹੀਂ।

ਅਗਲਾ ਸਵਾਲ ਵੀ ਇਸੇ ਹਾਲਾਤ ਵਿਚੋਂ ਹੀ ਪੈਦਾ ਹੁੰਦਾ ਹੈ ਕਿ ਪੰਜਾਬੀ ਆਪਣੇ ਇਨ੍ਹਾਂ ਆਗੂਆਂ ਤੋਂ ਭਵਿੱਖ ਵਿਚ ਜ਼ਰੂਰ ਪੁੱਛਣ ਕਿ ਪੰਜਾਬ ਨੂੰ ਭਿਖਾਰੀ ਬਣਾਉਣ ਦੀ ਥਾਂ ਉਹਨੂੰ ਪੈਰਾਂ 'ਤੇ ਖੜ੍ਹੇ ਹੋਣ ਲਈ ਲੋੜੀਂਦੇ ਯਤਨ ਕਿਉਂ ਨਹੀਂ ਕੀਤੇ ਗਏ ਜਾਂ ਕੀਤੇ ਜਾ ਰਹੇ ਅਤੇ ਅੱਗੋਂ ਵੀ ਪੰਜਾਬ ਨੂੰ ਅਪਾਹਜ ਬਣਾਈ ਰੱਖਣ ਦੇ ਮਨਸੂਬੇ ਕਿਉਂ ਬਣਾ ਲਏ ਗਏ ਹਨ? ਕੀ ਇਹ ਪੰਜਾਬੀ ਆਵਾਮ ਨਾਲ ਸਰਾਸਰ ਧੋਖਾ ਨਹੀਂ ਹੈ ਕਿ ਵੋਟਾਂ ਹਾਸਿਲ ਕਰਨ ਦੀ ਲਾਲਚੀ ਸ਼ਤਰੰਜ ਵਿਚ ਉਹਨੂੰ ਇਕ ਮੋਹਰੇ ਦੀ ਤਰ੍ਹਾਂ ਹੀ ਵਰਤਿਆ ਜਾ ਰਿਹਾ ਹੈ। ਵੋਟਰ ਰੂਪੀ ਇਸ ਸ਼ਤਰੰਜੀ ਪਿਆਦੇ ਦੇ ਪੈਰਾਂ ਹੇਠੋਂ ਜ਼ਮੀਨ ਵੀ ਖੋਹ ਲੈਣ ਦੀ ਤਿਆਰੀ ਹੈ। ਕੀ ਇਕ ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ ਪੂਰੀ ਤਰ੍ਹਾਂ ਭਰਮਾਊ ਚੋਣ ਐਲਾਨ-ਨਾਮਿਆਂ ਦੀ ਕਿਤੇ ਕੋਈ ਜਵਾਬਦੇਹੀ ਕਿਉਂ ਨਹੀਂ? ਇਹ ਠੀਕ ਹੈ ਕਿ ਇਸ ਵਾਰ ਚੋਣ ਕਮਿਸ਼ਨ ਦੀ ਬਿਹਤਰ ਕਾਰਗੁਜ਼ਾਰੀ ਨੇ ਪੰਜਾਬ ਵਿਚ ਬੇਹੱਦ ਸੰਜੀਦਾ ਮਾਹੌਲ ਵਿਚ ਵੋਟਾਂ ਦਾ ਕੰਮ ਸਿਰੇ ਚੜਵਾਇਆ ਹੈ, ਇਹਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਘੱਟ ਹੈ। ਪਰ ਕੀ ਚੋਣ ਐਲਾਨ-ਨਾਮਿਆਂ ਦੀ ਭਰਮਾਊ ਸਿਆਸਤ 'ਤੇ ਕੋਈ ਕਾਇਦਾ-ਕਾਨੂੰਨ ਲਾਗੂ ਨਹੀਂ ਹੋਣਾ ਚਾਹੀਦਾ? ਇਥੇ ਚੋਣ ਕਮਿਸ਼ਨ ਜਾਂ ਭਾਰਤੀ ਕਾਨੂੰਨ ਕਿਉਂ ਚੁੱਪ ਹੈ? ਪੰਜਾਬ ਵਿਚ ਕੁਝ ਸਮਾਜਿਕ ਜਥੇਬੰਦੀਆਂ ਨੇ ਇਹ ਮੰਗ ਵੀ ਉਠਾਈ ਕਿ ਚੋਣ ਐਲਾਨ-ਨਾਮਿਆਂ ਨੂੰ ਕਾਨੂੰਨੀ ਦਸਤਾਵੇਜ਼ ਮੰਨਿਆ ਜਾਣਾ ਚਾਹੀਦਾ ਹੈ, ਪਰ ਉਸ ਦੀ ਇਸ ਵਾਜਬ ਆਵਾਜ਼ ਨੂੰ ਕਿਸੇ ਨੇ ਗੌਲਿਆ ਤੱਕ ਨਹੀਂ। ਦਰਅਸਲ ਇਹ ਬੇਹੱਦ ਸਸਤੀ ਅਤੇ ਸ਼ੌਹਰਤੀ ਕਿਸਮ ਦੀ ਚੋਣ ਸਿਆਸਤ ਹੈ, ਜੋ ਸਿਰਫ਼ ਪੰਜਾਬ ਵਿਚ ਹੀ ਨਹੀਂ ਹੁਣ ਉਤਰ ਪ੍ਰਦੇਸ਼ ਵਿਚ ਵੀ ਬੜੇ ਧੜੱਲੇ ਨਾਲ ਖੇਡੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਲੈਪਟੌਪ ਦੇਣ ਦੇ ਲਾਲੀਪੌਪ ਫੜਾਉਣ ਵਾਲੀਆਂ ਇਨ੍ਹਾਂ ਸਿਆਸੀ ਪਾਰਟੀਆਂ ਨੂੰ ਕੀ ਪਤਾ ਨਹੀਂ ਹੈ ਕਿ ਸਾਡੇ ਬੱਚਿਆਂ ਨੂੰ ਪੜ੍ਹਨ-ਲਿਖਣ ਤੇ ਖੇਡਣ ਦੀ ਉਮਰੇ ਸਕੂਲ ਨਹੀਂ, ਖੇਡ ਮੈਦਾਨ ਨਹੀਂ, ਸਗੋਂ ਢਾਬਿਆਂ 'ਤੇ ਜੂਠੇ ਬਰਤਨ ਅਤੇ ਢੇਰਾਂ 'ਤੇ ਕੱਚ ਨਸੀਬ ਹੁੰਦਾ ਹੈ। ਇਨ੍ਹਾਂ ਦੀ ਮੁਢਲੀ ਲੋੜ ਦੋ ਵਕਤ ਦੀ ਰੋਟੀ, ਸਕੂਲ ਅਤੇ ਫੱਟੀ-ਬਸਤਾ ਹੈ, ਨਾ ਕਿ ਲੈਪਟੌਪ।

ਅੱਜ ਨਹੀਂ ਤਾਂ ਕੱਲ੍ਹ ਆਵਾਮ ਨੂੰ ਭਾਰਤੀ ਹੁਕਮਰਾਨਾਂ ਨੂੰ ਇਹ ਕਹਿਣਾ ਹੀ ਪਵੇਗਾ ਕਿ ਉਹਨੂੰ ਮੁਫ਼ਤ ਦਾਲ, ਰੋਟੀ, ਚਾਵਲ ਨਹੀਂ ਸਿੱਖਿਆ, ਸਿਹਤ ਤੇ ਰੁਜ਼ਗਾਰ ਚਾਹੀਦਾ ਹੈ। ਇਹ ਬੁਨਿਆਦੀ ਜ਼ਰੂਰਤਾਂ ਕਿਸ ਨੇ ਮੁਹੱਈਆ ਕਰਵਾਉਣੀਆਂ ਹਨ? ਇਸ ਦਾ ਸਿੱਧਾ-ਸਿੱਧਾ ਜਵਾਬ ਸਿਆਸੀ ਆਗੂਆਂ ਨੂੰ ਹੀ ਦੇਣਾ ਪਵੇਗਾ। ਜਦੋਂ ਆਮ ਬੰਦੇ ਦੀਆਂ ਇਹ ਬੁਨਿਆਦੀ ਲੋੜਾਂ ਸਰਕਾਰਾਂ ਨੇ ਪੂਰੀਆਂ ਕਰ ਦਿੱਤੀਆਂ ਤਾਂ ਕੁਝ ਵੀ ਮੁਫ਼ਤ ਨਹੀਂ ਚਾਹੀਦਾ ਹੋਵੇਗਾ। ਬਿਜਲੀ ਮੁਫ਼ਤ ਦੇਣ ਦੇ ਲਾਲਚ ਵਿਚ ਫਸਾ ਕੇ ਜਿਸ ਹਨ੍ਹੇਰੇ ਦੇ ਜੰਗਲ ਵਿਚ ਅਵਾਮ ਨੂੰ ਧੱਕਿਆ ਜਾ ਰਿਹਾ ਹੈ, ਉਥੋਂ ਲੋਕ ਆਪਣੇ ਮੱਥਿਆਂ ਵਿਚ ਰਾਜਸੀ ਚੇਤਨਾ ਦੇ ਚਿਰਾਗ ਬਾਲ ਕੇ ਹੀ ਬਾਹਰ ਨਿਕਲ ਸਕਦੇ ਹਨ।

ਆਖਰੀ ਗੱਲ, ਪੰਜਾਬ ਵਿਚ ਸਰਕਾਰ ਕਿਹਦੀ ਬਣਨ ਜਾ ਰਹੀ ਹੈ? ਸਾਡੇ ਵੱਲੋਂ ਤਾਂ ਇਹਦਾ ਜਵਾਬ ਇਹੀ ਹੈ ਕਿ ਸਰਕਾਰ ਜਿਹਦੀ ਵੀ ਮਰਜ਼ੀ ਬਣ ਜਾਵੇ, ਉਹ ਲੋਕਾਂ ਦੀ ਨਹੀਂ ਹੋਣੀ। ਲੋਕਾਂ ਦੀ ਸਰਕਾਰ ਤਾਂ ਉਦੋਂ ਹੀ ਆਉਣੀ ਹੈ, ਜਦੋਂ ਲੋਕ ਜਾਗ ਗਏ। ਹਾਲੇ ਲੋਕ ਮੁਫ਼ਤਖੋਰੀ ਦੇ ਸਿਆਸੀ ਭੁਚਲਾਵਿਆਂ ਵਿਚ ਊਂਘ ਰਹੇ ਹਨ, ਇਹ ਊਂਘ ਅੱਜ ਨਹੀਂ ਤਾਂ ਕੱਲ੍ਹ ਟੁੱਟ ਹੀ ਜਾਵੇਗੀ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

# ਟੁਕੜੇ ਟੁਕੜੇ ਸੱਚ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਸਾਲਮ ਸਬੂਤੇ ਸੱਚ ਦਾ ਪ੍ਰਦਰਸ਼ਨ ਡਾਢਾ ਔਖਾ ਕੰਮ ਹੈ। ਵਿਸ਼ੇਸ਼ ਕਰਕੇ ਚੁਣਾਵੀ ਜੰਗ ਵਿਚ। ਇਸ ਜੰਗ ਵਿਚ ਹਲੀਮੀ ਨਾਲ ਇਹ ਪ੍ਰਵਾਨ ਕਰ ਲੈਣਾ ਕਿ ਸੱਤਾ ਵਿਚ ਰਹਿੰਦਿਆਂ ਅਸੀਂ ਆਹ ਕੰਮ ਨਹੀਂ ਕਰ ਸਕੇ ਜਾਂ ਆਹ ਕੰਮ ਗਲਤ ਹੋ ਗਏ, ਸਾਡੇ ਸਿਆਸੀ ਨੇਤਾਵਾਂ ਦੇ ਵੱਸ ਦਾ ਰੋਗ ਨਹੀਂ ਹੈ। ਰਾਜਨੀਤੀ ਦੇ ਮਹਾਂਭਾਰਤ ਵਿਚ ਸਾਲਮ ਸਬੂਤਾ ਸੱਚ ਪ੍ਰਵਾਨ ਨਹੀਂ ਚੜ੍ਹਦਾ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਮਹਾਂਭਾਰਤ-ਨੁਮਾ ਰਾਜਨੀਤੀ ਦੇ ਵੱਖਰੇ ਦਸਤੂਰ ਕਾਰਨ ਇਸ ਰਣਭੂਮੀ ਵਿਚ ਉਪਦੇਸ਼ ਹੀ ਸਾਲਮ ਸਬੂਤੇ ਸੱਚ ਨੂੰ ਨਕਾਰਨ ਦਾ ਮਿਲਦਾ ਹੈ। ਇਸ ਰਣਭੂਮੀ ਦਾ ਸੰਦੇਸ਼ ਹੀ ਬਦਕਿਸਮਤੀ ਨਾਲ ਇਹ ਹੈ ਕਿ ਉਸੇ ਸੱਚ ਦਾ ਮੁਖੌਟਾ ਪਹਿਨੋ, ਜੋ ਤੁਹਾਨੂੰ ਪੁੱਗਦਾ ਹੈ, ਤੁਹਾਨੂੰ ਹੱਲ ਬੋਲਣ ਲਈ ਉਕਸਾਉਂਦਾ ਹੈ। ਇਹ ਸੱਚ ਭਾਵੇਂ ਕਿੰਨਾ ਵੀ ਛਾਂਗਿਆ ਹੋਇਆ ਕਿਉਂ ਨਾ ਹੋਵੇ।

ਚੁਣਾਵੀ ਮੈਦਾਨ ਵਿਚ ਟੁਕੜੇ-ਟੁਕੜੇ ਸੱਚ ਸਾਹਮਣੇ ਆਉਂਦੇ ਹਨ। ਚੋਣਾਂ ਦੇ ਦਿਨੀਂ ਪੰਜਾਬ ਵਿਚ ਇਹੋ ਹੁੰਦਾ ਰਿਹਾ ਹੈ। ਸੱਤਾਧਾਰੀ ਗਠਜੋੜ ਨੇ ਵਿਕਾਸ ਦੇ ਨਾਂ 'ਤੇ ਆਪਣੀਆਂ ਕਥਿਤ ਪ੍ਰਾਪਤੀਆਂ ਦਾ ਖ਼ੂਬ ਪ੍ਰਚਾਰ ਕੀਤਾ। ਇਲੈਕਟ੍ਰੌਨਿਕ ਤੇ ਪ੍ਰਿੰਟ ਦੋਵੇਂ ਤਰ੍ਹਾਂ ਦੇ ਮੀਡੀਆ ਵਿਚ ਪ੍ਰਚਾਰ ਦੀ ਹਨ੍ਹੇਰੀ ਲਿਆ ਦਿੱਤੀ। ਚੋਣ ਰੈਲੀਆਂ ਵਿਚ ਲੀਡਰਾਂ ਦੇ ਭਾਸ਼ਣ ਇਨ੍ਹਾਂ ਪ੍ਰਾਪਤੀਆਂ ਦੀ ਜ਼ੋਰ-ਸ਼ੋਰ ਨਾਲ ਚਰਚਾ ਕਰਦੇ ਰਹੇ। ਕੁਝ ਚੋਣਵੀਆਂ ਥਾਵਾਂ ਉਪਰ ਕੈਮਰੇ ਘੁਮਾਏ ਗਏ। ਉਸ ਸੱਚ ਦਾ ਟੁਕੜਾ ਵਿਗਿਆਪਨਾਂ ਦਾ ਸ਼ਿੰਗਾਰ ਬਣਾਇਆ ਗਿਆ, ਜਿਹੜਾ ਅੱਖਾਂ ਨੂੰ ਟੁੰਬਦਾ ਹੈ। ਪੰਥਕ ਸਰਕਾਰ ਨੇ ਪੂਜਾ, ਸੱਤੀ, ਜੈਜ਼ੀ ਬੈਂਸ ਆਦਿ ਤੋਂ ਆਪਣੀ ਕਾਰਗੁਜ਼ਾਰੀ ਦੇ ਖ਼ੂਬ ਸੋਹਲੇ ਗਵਾਏ। ਪ੍ਰੰਤੂ ਸੱਚ ਦਾ ਇਹ ਟੁਕੜਾ ਇਕ ਢਕਵੰਜ ਬਣ ਕੇ ਰਹਿ ਗਿਆ ਹੈ। ਗੱਲ ਇਹ ਨਹੀਂ ਕਿ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਵਿਚ ਕੋਈ ਇਮਾਰਤਾਂ ਨਹੀਂ ਉਸਰੀਆਂ, ਸੜਕਾਂ ਨਹੀਂ ਬਣੀਆਂ ਜਾਂ ਕੁਝ ਜਨਤਕ ਸੁਵਿਧਾਵਾਂ ਦੀ ਵਿਵਸਥਾ ਨਹੀਂ ਕੀਤੀ ਗਈ। ਗੌਰਤਲਬ ਗੱਲ ਹੈ ਕਿ ਇਹ ਸਭ ਕੁਝ ਸੱਚ ਦਾ ਇਕ ਟੁਕੜਾ ਹੈ ਤੇ ਉਹ ਵੀ ਬਹੁਤ ਛੋਟਾ ਜਿਹਾ। ਇਸ ਛੋਟੇ ਸੱਚ ਦੇ ਵਿਸਥਾਰ ਵਿਚ ਜਾਣ 'ਤੇ ਪਤਾ ਲੱਗਦਾ ਹੈ ਕਿ ਗਿਣਵਾਏ ਗਏ ਕੰਮਾਂ ਵਿਚ ਰਾਜ ਸਰਕਾਰ ਦੇ ਉਦਮ ਦੀ ਤਾਂ ਕੇਵਲ ਸੀਮਤ ਜਿਹੀ ਹੀ ਭੂਮਿਕਾ ਸੀ। ਇਸ ਤਰ੍ਹਾਂ ਇਹ ਛੋਟਾ ਸੱਚ ਵੀ ਅੱਗੋਂ ਕਈ ਟੁਕੜਿਆਂ ਵਿਚ ਵਿਭਾਜਿਤ ਹੋ ਗਿਆ। ਉਹ ਸੱਚ ਹੀ ਕੀ ਹੋਇਆ, ਜਿਹੜਾ ਸਿਰ ਚੜ੍ਹਕੇ ਨਾ ਬੋਲੇ। ਚੋਣ ਪ੍ਰਚਾਰ ਦੌਰਾਨ ਹੀ ਜਦੋਂ ਕੁਝ ਚੈਨਲਾਂ ਨੇ ਆਪਣੇ ਕੈਮਰਿਆਂ ਦੇ ਮੂੰਹ ਨਰਕ ਦਾ ਨਮੂਨਾ ਬਣੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਵੱਡੇ ਹਿੱਸਿਆਂ ਵੱਲ ਮੋੜੇ ਤਾਂ ਸੱਚ ਪਰਤ-ਦਰ-ਪਰਤ ਉਘੜਦਾ ਗਿਆ। ਇਹ ਸੱਚ ਇਸ ਕਦਰ ਕਰੂਰ ਸੀ ਕਿ ਸੱਤਾਧਾਰੀ ਗਠਜੋੜ ਦੇ ਵਿਕਾਸ ਸਬੰਧੀ ਦਾਅਵਿਆਂ ਦੀ ਫੂਕ ਨਿਕਲਣ ਲੱਗ ਪਈ, ਜਿਸ ਕਿਸੇ ਕਸਬੇ ਦੀ ਰਿਪੋਰਟ ਮੀਡੀਆ ਰਾਹੀਂ ਸਾਹਮਣੇ ਆਈ, ਉਸੇ ਕਸਬੇ ਦਾ ਭਾਰੂ ਪੱਖ ਸੜਕਾਂ, ਗਲੀਆਂ, ਨਾਲੀਆਂ ਦੀ ਅਤਿ ਨਿੱਘਰੀ ਹੋਈ ਵਿਵਸਥਾ ਅਤੇ ਬਸਤੀਆਂ ਵਿਚ ਕੁਰਬਲ-ਕੁਰਬਲ ਕਰਦੀ ਗੁਰਬਤ ਸੀ। ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਕਈ ਬਸਤੀਆਂ ਚੌਤਰਫ਼ੀ ਗੰਦਗੀ ਨਾਲ ਘਿਰੀਆਂ ਹੋਈਆਂ ਸਨ। ਇਥੋਂ ਦੀਆਂ ਕਈ ਬਸਤੀਆਂ ਛੋਟੀਆਂ ਸਨਅਤਾਂ ਦੇ ਨੇੜ-ਤੇੜ ਵਸੀਆਂ ਹੋਈਆਂ ਸਨ। ਲਘੂ ਉਦਯੋਗਾਂ ਨੂੰ ਬਚਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਤਾਂ ਇਨ੍ਹਾਂ ਦਾ ਉਜਾੜਾ ਹੋ ਗਿਆ। ਹੁਣ ਇਨ੍ਹਾਂ ਬਸਤੀਆਂ ਦਾ ਜੀਵਨ ਗਰੀਬੀ ਦੇ ਨਿਮਨਤਮ ਪੱਧਰ ਦੀ ਗ੍ਰਿਫਤ ਵਿਚ ਆਇਆ ਹੋਇਆ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਲੋਕ ਸਭਾ ਚੋਣ ਹਲਕੇ ਦੀ ਪ੍ਰਤੀਨਿਧਤਾ ਸਾਬਕਾ ਕ੍ਰਿਕਟਰ ਤੇ ਪਿਛਲੇ ਕਾਫੀ ਸਮੇਂ ਤੋਂ ਨਿਜੀ ਟੀ.ਵੀ ਨਿਊਜ਼ ਚੈਨਲਾਂ ਦੇ ਭੱਦੇ ਲਾਫਟਰ ਪ੍ਰੋਗਰਾਮਾਂ ਦਾ ਸ਼ਿੰਗਾਰ ਅਤੇ ਬੇਹੱਦ ਬੜਬੋਲਾ ਨਵਜੋਤ ਸਿੰਘ ਸਿੱਧੂ ਕਰ ਰਿਹਾ ਹੈ। ਉਹਦੇ ਮੂੰਹੋਂ ਪਿਛਲੇ ਪੰਜ ਸਾਲਾਂ ਦੌਰਾਨ ਹੋਏ ਕੰਮਾਂ ਦੀ ਕਹਾਣੀ ਸੁਣੋ ਤਾਂ ਸੁਣਨ ਵਾਲੇ ਨੂੰ ਲੱਗੇਗਾ ਕਿ ਇਸ ਬੰਦੇ ਨੂੰ ਤਾਂ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਮਿਲੀ ਹੋਵੇਗੀ ਤੇ ਉਸ ਨੇ ਦਿਨ ਰਾਤ ਲੋਕਾਂ ਦੀ ਭਲਾਈ ਖਾਤਰ ਇਕ ਕਰ ਦਿੱਤਾ ਹੈ। ਉਹ ਬਹੁਤ ਸਾਰੀਆਂ ਯੋਜਨਾਵਾਂ ਦਾ ਸਿਹਰਾ ਆਪਣੇ ਸਿਰ ਬੰਨ੍ਹੀ ਫਿਰਦਾ ਹੈ। ਚੋਣਾਂ ਦੌਰਾਨ ਇਹ ਸੱਚ ਵੀ ਸਾਹਮਣੇ ਆਇਆ ਕਿ ਉਹ ਜਿਹੜੀਆਂ ਯੋਜਨਾਵਾਂ ਦੇ ਨੇਪਰੇ ਚੜ੍ਹਨ ਵਿਚ ਆਪਣੀ ਪ੍ਰਮੁੱਖ ਭੂਮਿਕਾ ਦਰਸਾਉਂਦਾ ਹੈ, ਉਹ ਵੀ ਲਗਪਗ ਫਰਜ਼ੀ ਹੈ। ਬਸਤੀਆਂ ਵਿਚ ਦਲਿੱਦਰੀ ਭੋਗਦੇ ਲੋਕਾਂ ਦਾ ਤਾਂ ਕਹਿਣਾ ਸੀ ਕਿ ਸਾਡੀਆਂ ਬਸਤੀਆਂ ਵੱਲ ਤਾਂ ਕੋਈ ਵੇਂਹਦਾ ਵੀ ਨਹੀਂ, ਵਿਕਾਸ ਤਾਂ ਬਹੁਤ ਦੂਰ ਦੀ ਗੱਲ ਹੈ, ਜਿਹੜੇ ਝੱਗ ਸੁੱਟ-ਸੁੱਟ ਵਿਕਾਸ ਦੀ ਗੱਲ ਕਰਦੇ ਹਨ, ਉਹ ਝੂਠ ਬੋਲਣ ਦੇ ਉਸਤਾਦ ਹਨ।

ਟੁਕੜੇ-ਟੁਕੜੇ ਸੱਚ ਦੇ ਸੰਦਰਭ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅੰਮ੍ਰਿਤਸਰ ਫੇਰੀ ਬੜੀ ਦਿਲਚਸਪ ਰਹੀ। ਪ੍ਰਧਾਨ ਮੰਤਰੀ ਨੇ ਇਥੇ ਕਾਂਗਰਸ ਦੀ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਜ ਵਿਚ ਹੋਏ ਵਿਕਾਸ ਕਾਰਜਾਂ ਅਤੇ ਕੇਂਦਰ ਸਰਕਾਰ ਵੱਲੋਂ ਭੇਜੇ ਫੰਡਾਂ ਵਿਚਕਾਰ ਗੁੰਮ ਹੋਈ ਕੜੀ ਨੂੰ ਮੁੜ ਥਾਂ ਸਿਰ ਕਰਨ ਦਾ ਯਤਨ ਕੀਤਾ ਤੇ ਇਹ ਵੀ ਅਹਿਸਾਸ ਕਰਵਾਇਆ ਕਿ ਇਸ ਕੜੀ ਨੂੰ ਜਾਣ-ਬੁਝ ਕੇ ਇਸ ਦੀ ਸਹੀ ਥਾਂ ਤੋਂ ਖਿਸਕਾਉਣ ਦਾ ਯਤਨ ਕੀਤਾ ਗਿਆ ਹੈ। ਡਾ. ਮਨਮੋਹਨ ਸਿੰਘ ਨੇ ਅੰਕੜਿਆਂ ਦੇ ਹਵਾਲੇ ਨਾਲ ਦੱਸਿਆ ਕਿ ਕੇਂਦਰ ਨੇ ਪੰਜਾਬ ਦੀ ਕਿਸ ਯੋਜਨਾ ਲਈ ਕਿੰਨਾ ਫੰਡ ਮੁਹੱਈਆ ਕਰਵਾਇਆ। ਅੰਮ੍ਰਿਤਸਰ ਏਅਰ ਪੋਰਟ ਨੂੰ ਤਾਂ ਅਤਿ ਆਧੁਨਿਕ ਬਣਾਉਣ ਲਈ ਕੇਂਦਰ ਨੇ ਭਾਰੀ ਫੰਡਿੰਗ ਕੀਤੀ। ਜ਼ਿਕਰਯੋਗ ਹੈ ਕਿ ਭਾਜਪਾ ਐਮ.ਪੀ ਨਵਜੋਤ ਸਿੰਘ ਸਿੱਧੂ ਇਸੇ ਹਵਾਈ ਅੱਡੇ ਦੇ ਆਧੁਨਿਕਕਰਣ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ। ਪ੍ਰਧਾਨ ਮੰਤਰੀ ਨੇ ਸਿੱਖਿਆ ਦੇ ਖੇਤਰ ਵਿਚ ਵੀ ਕਈ ਯੋਜਨਾਵਾਂ ਲਈ ਫੰਡ ਦੇਣ ਦਾ ਉਲੇਖ ਕੀਤਾ, ਜਿਨ੍ਹਾਂ ਤਹਿਤ ਰਾਜ ਸਰਕਾਰ ਨੇ ਅਧਿਆਪਕਾਂ ਦੀ ਭਰਤੀ ਕੀਤੀ। ਰਾਜ ਸਰਕਾਰ ਨੇ ਪੈਸੇ ਨਿਰਧਾਰਿਤ ਯੋਜਨਾ ਤੋਂ ਉਰੇ-ਪਰ੍ਹਾਂ ਵੀ ਖਰਚ ਕੀਤੇ, ਅਜਿਹਾ ਖੁਲਾਸਾ ਵੀ ਪ੍ਰਧਾਨ ਮੰਤਰੀ ਦੁਆਰਾ ਕੀਤਾ ਗਿਆ। ਇਸ ਚਰਚਾ ਦਾ ਅਰਥ ਇਹ ਹੈ ਕਿ ਵਿਕਾਸ ਦੇ ਸੱਚ ਦਾ ਇਕ ਟੁਕੜਾ ਰਾਜ ਸਰਕਾਰ ਚੋਣਾਂ ਦੌਰਾਨ ਥਾਂ-ਥਾਂ ਉਛਾਲਦੀ ਰਹੀ ਤੇ ਦੂਜਾ ਟੁਕੜਾ ਕੇਂਦਰ ਸਰਕਾਰ ਦੇ ਹੱਥ ਵਿਚ ਦੇਖਿਆ ਗਿਆ। ਇਹ ਵੀ ਜ਼ਿਕਰ ਕਰਨਾ ਬਣਦਾ ਹੈ ਪੰਜਾਬ ਦੇ ਨਾਂਮਾਤਰ ਵਿਕਾਸ ਦੇ ਮਾਮਲੇ ਵਿਚ ਖੋਹ-ਖਿੰਝ ਇਉਂ ਹੁੰਦੀ ਰਹੀ, ਜਿਵੇਂ ਅਸੀਂ ਕੋਈ ਬਹੁਤ ਵੱਡੇ ਮਾਅਰਕੇ ਮਾਰ ਲਏ ਹੋਣ।

ਚੋਣ ਪ੍ਰਚਾਰ ਦੌਰਾਨ ਕਈ ਵਾਰ ਗੱਲ ਸੱਚ ਦੇ ਟੁਕੜੇ ਤੋਂ ਵੀ ਅੱਗੇ ਵਧਕੇ ਕੋਰੇ ਝੂਠ ਤੱਕ ਜਾ ਪਹੁੰਚਦੀ ਰਹੀ। ਮਸਲਨ ਹੁਕਮਰਾਨ ਗਠਜੋੜ ਉਨ੍ਹਾਂ ਕੰਮਾਂ ਨੂੰ ਵੀ ਆਪਣੇ ਖਾਤੇ ਵਿਚ ਗਿਣਵਾਉਂਦਾ ਰਿਹਾ, ਜਿਹੜੇ ਰਾਜਾਂ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ ਆਉਂਦੇ, ਜਿਵੇਂ ਕਿ ਰੇਲਵੇ ਪੁਲਾਂ ਦਾ ਨਿਰਮਾਣ, ਰੇਲਵੇ ਬਰਿਜ ਮਨਜ਼ੂਰ ਕਰਨ ਅਤੇ ਤਿਆਰ ਕਰਨੇ ਰੇਲਵੇ ਵਿਭਾਗ ਦਾ ਕੰਮ ਹੈ। ਅਸੀਂ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਰੇਲਵੇ ਵਿਭਾਗ ਕੇਂਦਰ ਸਰਕਾਰ ਅਧੀਨ ਹੈ। ਜੇਕਰ ਪਿਛਲੇ ਪੰਜਾਂ ਸਾਲਾਂ ਦੌਰਾਨ ਪੰਜਾਬ ਵਿਚ ਵੀਹ ਤੋਂ ਜ਼ਿਆਦਾ ਰੇਲਵੇ ਬਰਿੱਜ ਉਸਾਰੇ ਗਏ ਤਾਂ ਯਕੀਨਨ ਹੀ ਇਹ ਕੰਮ ਕੇਂਦਰ ਸਰਕਾਰ ਦੁਆਰਾ ਕੀਤਾ ਸਮਝਿਆ ਜਾਣਾ ਚਾਹੀਦਾ ਹੈ, ਪਰ ਮਜੀਠੀਏ ਵਰਗੇ ਸੱਤਾਧਾਰੀ ਗਠਜੋੜ ਦੇ ਸਟਾਰ ਪ੍ਰਚਾਰਕ ਵੀ ਚੋਣ ਪ੍ਰਚਾਰ ਦੌਰਾਨ ਇਹ ਕਹਿੰਦੇ ਸੁਣੇ ਗਏ ਕਿ ਰਾਜ ਸਰਕਾਰ ਨੇ ਬਾਈ ਰੇਲਵੇ ਪੁਲਾਂ ਦਾ ਨਿਰਮਾਣ ਕੀਤਾ। ਜ਼ਾਹਿਰ ਹੈ ਕਿ ਅਜਿਹੇ ਪ੍ਰਚਾਰ ਪਿੱਛੇ ਲੋਕਾਂ ਨੂੰ ਮੂਰਖ ਸਮਝਣ ਦੀ ਸੋਚ ਕੰਮ ਕਰਦੀ ਹੈ।

ਆਓ ਹੁਣ ਕਬੱਡੀ ਵੱਲ ਵੀ ਆਈਏ, ਕਿਉਂਕਿ ਚੋਣ ਪ੍ਰਚਾਰ ਦੌਰਾਨ ਸੱਤਾਧਾਰੀ ਗਠਜੋੜ ਨੇ ਇਸ ਨੂੰ ਮਾਂ ਖੇਡ ਕਹਿੰਦਿਆਂ ਆਪਣੇ ਕਾਰਜਕਾਲ ਦੌਰਾਨ ਕਰਵਾਏ ਵਿਸ਼ਵ ਕਬੱਡੀ ਕੱਪਾਂ ਦੀ ਖ਼ੂਬ ਚਰਚਾ ਕੀਤੀ। ਇਕ ਵਿਸ਼ਵ ਕਬੱਡੀ ਕੱਪ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਨੇ ਪ੍ਰਯੋਜਿਤ ਕੀਤਾ ਸੀ ਤੇ ਦੂਜਾ ਇਕ ਵੱਡੇ ਕਲੋਨਾਈਜ਼ਰ ਗਰੁੱਪ ਨੇ। ਪੰਜਾਬ ਵਿਚ ਨਸ਼ਿਆਂ ਦੇ ਦਰਿਆ ਵਗਾਉਣ ਵਾਲਿਆਂ ਦੁਆਰਾ ਕਬੱਡੀ ਕੱਪ ਕਰਵਾਉਣਾ ਆਪਣੇ ਆਪ ਵਿਚ ਹਾਸੋਹੀਣੀ ਜਿਹੀ ਗੱਲ ਲੱਗਦੀ ਹੈ। ਇਕ ਪਾਸੇ ਇਹ ਕਹਿਣਾ ਕਿ ਖੇਡਾਂ ਨਸ਼ਿਆਂ ਤੋਂ ਰੋਕਦੀਆਂ ਹਨ, ਦੂਜੇ ਪਾਸੇ ਨਸ਼ਿਆਂ ਦੇ ਵਪਾਰੀਆਂ ਤੋਂ ਹੀ ਖੇਡਾਂ ਪ੍ਰਯੋਜਿਤ ਕਰਵਾਉਣਾ! ਕਿਤੇ ਨਾ ਕਿਤੇ ਕੋਈ ਨਾ ਕੋਈ ਗੜਬੜ ਜ਼ਰੂਰ ਲੱਗਦੀ ਹੈ। ਇਸੇ ਤਰ੍ਹਾਂ ਕਲੋਨਾਈਜ਼ਰ, ਜਿਨ੍ਹਾਂ ਨੇ ਸੌਖੀ ਤੇ ਮੋਟੀ ਕਮਾਈ ਲਈ ਪੰਜਾਬ ਦੀਆਂ ਵਾਹੀਯੋਗ ਜ਼ਮੀਨਾਂ 'ਤੇ ਧਾਵਾ ਬੋਲਿਆ ਹੋਇਆ ਹੈ, ਜਦੋਂ ਕਬੱਡੀ ਦੇ ਨਾਂ 'ਤੇ ਇਕ ਵੱਡੇ ਫਿਲਮੀ ਸਿਤਾਰਿਆਂ ਦਾ ਮੈਗਾ ਸ਼ੋਅ ਆਯੋਜਿਤ ਕਰਦੇ ਹਨ ਤਾਂ ਉਨ੍ਹਾਂ ਨੂੰ ਵੀ ਜ਼ਰੂਰ ਇਸ ਵਿਚ ਆਪਣਾ ਕੋਈ ਮੁਫ਼ਾਦ ਦਿਖਾਈ ਦਿੰਦਾ ਹੋਵੇਗਾ। ਵਿਸ਼ਵ ਕਬੱਡੀ ਕੱਪਾਂ ਵਿਚ ਜਦੋਂ ਉਨ੍ਹਾਂ ਖਿਡਾਰੀਆਂ ਦੀ ਲੰਬੀ ਲਾਈਨ ਲੱਗ ਗਈ ਜਿਨ੍ਹਾਂ ਦੇ ਡੋਪ ਟੈਸਟ ਪਾਜ਼ੇਟਿਵ ਪਾਏ ਗਏ ਤਾਂ ਬਿੱਲੀ ਪੂਰੀ ਤਰ੍ਹਾਂ ਥੈਲੇ 'ਚੋਂ ਬਾਹਰ ਆ ਗਈ। ਜਲਾਲਾਬਾਦ ਵਿਚ ਚੋਣਾਂ ਦੌਰਾਨ ਘਰ ਦੀ ਕੱਢੀ ਸ਼ਰਾਬ ਦੀ ਵੱਡੀ ਜ਼ਮੀਨਦੋਜ਼ ਖੇਪ ਬਰਾਮਦ ਹੋਈ ਤਾਂ ਦੇਖਣ ਵਾਲਿਆਂ ਦੀਆਂ ਅੱਖਾਂ ਹੀ ਅੱਡੀਆਂ ਰਹਿ ਗਈਆਂ। ਸੱਚ ਦਾ ਉਹ ਹਿੱਸਾ ਸਾਹਮਣੇ ਆ ਗਿਆ ਕਿ ਅਸਲ ਵਿਚ ਪੰਜਾਬ ਦੀ ਗਠਜੋੜ ਸਰਕਾਰ ਅਧੀਨ ਕਿਹੜਾ ਕਲਚਰ ਵਿਕਸਿਤ ਹੋ ਰਿਹਾ ਹੈ। ਖੇਡ ਕਲਚਰ ਤਾਂ ਮਾਤਰ ਵਿਖਾਵਾ ਹੈ।

ਹੁਕਮਰਾਨ ਵਰਗ ਬਹੁਤ ਸ਼ਾਤਰ ਹੋ ਗਏ ਹਨ। ਲੋਕਾਂ ਨੂੰ ਸੂਝਵਾਨ ਬਣਨਾ ਹੋਵੇਗਾ ਤੇ ਮੌਜੂਦਾ ਰਾਜਸੀ ਸ਼ਿਲਪ ਨੂੰ ਚੰਗੀ ਤਰ੍ਹਾਂ ਸਮਝਣਾ ਪਵੇਗਾ। ਸੱਚ ਦੇ ਟੁਕੜੇ ਜੋੜਨ ਦੀ ਜਾਚ ਸਿੱਖਣੀ ਪਵੇਗੀ ਤਦ ਹੀ ਉਹ ਕੂੜ ਪ੍ਰਚਾਰ ਦੇ ਰੌਲੇ ਅਤੇ ਹਮਲੇ ਤੋਂ ਬਚ ਸਕਣਗੇ।

## ਸੰਪਾਦਕ ਦੇ ਨਾਂ ਖ਼ਤ

'ਨਵੀਂ ਦੁਨੀਆ' ਕੁਝ ਮਹੀਨਿਆਂ ਤੋਂ ਪੜ੍ਹਨ ਦਾ ਮਾਣ ਪ੍ਰਾਪਤ ਹੋ ਰਿਹਾ ਹੈ, ਨਵੇਂ ਚੜ੍ਹਦੇ ਦਿਨ ਦੇ ਚਾਅ ਵਾਂਗ ਅਗਲੇ ਪਰਚੇ ਦਾ ਇੰਤਜ਼ਾਰ ਰਹਿੰਦਾ ਹੈ। ਧਾਰਮਿਕ, ਸਭਿਆਚਾਰਕ, ਸਮਾਜਿਕ ਅਤੇ ਹੋਰ ਸਾਹਿਤਕ ਲੇਖ ਪੜ੍ਹਕੇ ਬੜਾ ਆਨੰਦ ਤੇ ਹੁਲਾਰਾ ਮਿਲਦਾ ਹੈ। ਚੋਣਾਂ ਬਾਰੇ ਜਾਂ ਸਿਆਸੀ-ਕਲਾਬਾਜ਼ੀਆਂ ਨੂੰ ਨਿਰਪੱਖ ਤੇ ਦਲੇਰ ਕਦਮੀ ਨਾਲ ਦਸੱਦੇ ਹੋ। ਨੰਦ ਲਾਲ ਨੂਰਪੁਰੀ ਦਾ ਬੜਾ ਪੁਰਾਣਾ ਗੀਤ ਸੀ "ਕੁਝ ਲੀਡਰ ਭੁੱਖੇ ਚੌਧਰ ਦੇ ਬੰਦਿਆਂ ਨੂੰ ਖਾਣਾ ਚਾਹੁੰਦੇ ਨੇ ਭਈ ਜਾਗਦੇ ਰਹਿਣਾ"। ਨਵੀਂ ਦੁਨੀਆ ਰੂਹ ਨਵੀਂ ਵੀ ਜਗਾ ਰਿਹਾ ਹੈ।

"ਬੜੀ ਜਾ ਜ਼ਿੰਦਗੀ ਸ਼ੌਕੇ ਸਫਰ ਸੇ"

ਮੈਂ ਆਪ ਦੀ ਸੇਵਾ 'ਚ ਦਸੰਬਰ 2011 ਦੇ ਸਾਲ ਦੋ ਅੰਕ 12 'ਚ ਇਕ ਭੁਲ ਦੀ ਸੋਧ ਲਈ ਬੇਨਤੀ ਫੂਨ ਤੇ ਕੀਤੀ ਸੀ ਕਿ ਸਫਾ 15 'ਤੁਹਾਡੀ ਵੀ ਜੈ-ਜੈ ਸਾਡੀ ਵੀ ਜੈ-ਜੈ' ਵਿਸ਼ੇ ਹੇਠਾਂ ਜੋ ਲਿਖਿਆ ਹੈ ਕਿ ਸਤਿਆਜੀਤ ਸਿੰਘ ਮਜੀਠੀਆ ਨਹਿਰੂ ਮੰਤਰੀ ਮੰਡਲ 'ਚ ਡਿਪਟੀ ਡਿਫੈਂਸ ਮਨਿਸਟਰ, ਠੀਕ ਨਹੀਂ। ਹਾਂ! ਇਨ੍ਹਾਂ ਦੇ ਪਿਤਾ ਜੀ ਸ੍ਰ. ਸੁਰਜੀਤ ਸਿੰਘ ਮਜੀਠੀਆ ਸਨ।

ਜੋਗਿੰਦਰ ਸਿੰਘ ਸੀਤਲ (ਈਰਾਨ)

ਖ਼ਤਰੇ ਦੀ ਘੰਟੀ

# ਵਿਦੇਸ਼ੀ ਪੂੰਜੀ ਦੀ ਬਜਾਏ ਬੁਨਿਆਦੀ ਵਸੀਲਿਆਂ ’ਤੇ ਧਿਆਨ ਦੀ ਲੋੜ



ਸੀਤਾਰਾਮ ਯੇਚੁਰੀ

ਵਿਸ਼ਵ ਬੈਂਕ ਨੇ ਸੁਚੇਤ ਕੀਤਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਅਤੇ ਖਾਸ ਤੌਰ ’ਤੇ ਭਾਰਤ ਨੂੰ, ਤਿਆਰ ਰਹਿਣਾ ਚਾਹੀਦਾ ਹੈ, ਨਵਾਂ ਸੰਕਟ 2008-09 ਦੇ ਵਿਸ਼ਵ ਆਰਥਿਕ ਸੰਕਟ ਵਰਗਾ ਜਾਂ ਇਸ ਤੋਂ ਵੀ ਬਦਤਰ ਹੋਵੇਗਾ। ਇਹ ਅਸਲ ਵਿਚ ਚਿੰਤਾਜਨਕ ਹੈ। ਵਿਸ਼ਵ ਬੈਂਕ ਦੇ ਮੈਕਰੋ ਇਕਾਨਮਿਕਸ ਦੇ ਮੁਖੀ ਨੇ ਕਿਹਾ ਹੈ ਕਿ ‘ਵਿਸ਼ਵ ਅਰਥ ਵਿਵਸਥਾ ਦੀ ਮੋਟਰ ਭਾਵ ਵਿਕਾਸਸ਼ੀਲ ਦੇਸ਼ ਹੌਲੀ ਚੱਲ ਰਹੇ ਹਨ ਅਤੇ ਇਸ ਦੇ ਨਾਲ ਹੀ ਦੁਨੀਆ ਦਾ ਸਭ ਤੋਂ ਵੱਡਾ ਆਰਥਿਕ ਖੇਤਰ ਯੂਰਪੀ ਸੰਘ ਮੰਦੀ ਦਾ ਸ਼ਿਕਾਰ ਹੈ ਅਤੇ ਇਹ ਦੋਵੇਂ ਇਕ ਦੂਸਰੇ ਤੋਂ ਪ੍ਰਭਾਵਿਤ ਹੋ ਸਕਦੇ ਹਨ। ਅਜਿਹਾ ਲੱਗ ਰਿਹਾ ਹੈ ਕਿ ਵਿਸ਼ਵ ਅਰਥ ਵਿਵਸਥਾ ਦੇ ਸੰਬੰਧ ਵਿਚ 2011 ਵਿਚ ਜੋ ਖਦਸ਼ੇ ਪ੍ਰਗਟ ਕੀਤੇ ਗਏ ਸਨ, ਪਹਿਲਾਂ ਹੀ ਸੱਚਾਈ ਦਾ ਰੂਪ ਲੈ ਚੁੱਕੇ ਹਨ। ਹੁਣ ਵਿਸ਼ਵ ਅਰਥ ਵਿਵਸਥਾ ਦੇ 2012 ਵਿਚ 2.5 ਫੀਸਦੀ ਅਤੇ 2013 ਵਿਚ 3.1 ਫੀਸਦੀ ਦੀ ਦਰ ਨਾਲ ਹੀ ਵਾਧਾ ਕਰਨ ਦੀ ਸੰਭਾਵਨਾ ਹੈ, ਜਦੋਂ ਕਿ ਪਹਿਲਾਂ ਇਨ੍ਹਾਂ ਦੋਨਾਂ ਹੀ ਸਾਲਾਂ ਵਿਚ 3.6 ਫੀਸਦੀ ਦੀ ਵਿਕਾਸ ਦਰ ਦੀ ਭਵਿੱਖਬਾਣੀ ਕੀਤੀ ਗਈ ਸੀ। ਉਧਰ ਯੂਰੋ ਖੇਤਰ ਦੀ ਅਰਥ ਵਿਵਸਥਾ ਹੁਣ ਇਸ ਜਾਂ ਉਸ ਦੇਸ਼ ਵਿਚ ਹੀ ਨਹੀਂ ਸੁੰਗੜ ਰਹੀ ਹੋਵੇਗੀ, ਬਲਕਿ ਸਮੁੱਚੇ ਰੂਪ ਨਾਲ ਸੁੰਗੜ ਰਹੀ ਹੋਵੇਗੀ ਭਾਵ 2012 ਵਿਚ ਉਸ ਵਿਚ ਅਸਲ ਗਿਰਾਵਟ ਹੋਣ ਜਾ ਰਹੀ ਹੈ। ਹੁਣ ਵਿਕਸਿਤ ਦੇਸ਼ ਵੀ ਹੱਦ ਤੋਂ ਹੱਦ 2.1 ਫੀਸਦੀ ਦੀ ਵਿਕਾਸ ਦਰ ਹੀ ਦਰਜ ਕਰਾਉਣ ਦੀ ਉਮੀਦ ਕਰ ਸਕਦੇ ਹਨ।

ਭਾਰਤ ਦੀਆਂ ਇਹ ਉਮੀਦਾਂ ਵੀ ਦੂਰ ਦਾ ਢੋਲ ਹੀ ਸਾਬਿਤ ਹੁੰਦੀਆਂ ਨਜ਼ਰ ਆਉਂਦੀਆਂ ਹਨ ਕਿ ਹੋਰ ਜ਼ਿਆਦਾ ਵਿੱਤੀ ਉਦਾਰੀਕਰਨ ਰਾਹੀਂ ਵਿਦੇਸ਼ੀ ਫੰਡ ਦੇ ਪ੍ਰਵਾਹ ਨੂੰ ਆਕ੍ਰਸ਼ਿਤ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਸਹਾਰੇ ਦੇਸ਼ ਦੀ ਵਿਕਾਸ ਦਰ ਨੂੰ ਨਵੀਂ ਗਤੀ ਦਿੱਤੀ ਜਾ ਸਕਦੀ ਹੈ। ਵਿਸ਼ਵ ਬੈਂਕ ਨੇ ਸੁਚੇਤ ਕੀਤਾ ਹੈ ਕਿ ਵਿਕਸਿਤ ਦੇਸ਼ਾਂ ਦੇ ਕੋਲ ਕੋਈ ਖਾਸ ਮੁਦਰਾ ਜਾਂ ਰਾਜ ਫੰਡ ਮਸਾਲਾ ਹੀ ਨਹੀਂ ਬਚਿਆ ਹੈ ਕਿ ਉਸ ਦੇ ਸਹਾਰੇ ਮੰਦੀ ਦੀ ਮਾਰ ਨੂੰ ਉਹ ਰੋਕ ਸਕਣ।ਇਸ ਦੇ ਬਾਵਜੂਦ ਯੂ.ਪੀ.ਏ ਸਰਕਾਰ ਸੰਸਦ ਦੇ ਬਜਟ ਸੈਸ਼ਨ ਵਿਚ ਕਥਿਤ ਵਿੱਤੀ ਸੁਧਾਰ ਦੇ ਬੜੇ ਬਿਲ ਲਿਆਉਣ ’ਤੇ ਉਤਾਰੂ ਹੈ। ਉਹ ਸਾਡੇ ਦੇਸ਼ ਦੇ ਬੀਮਾ ਖੇਤਰ ਵਿਚ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ ਵਧਾਉਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਉਹ ਕਥਿਤ ਬੈਂਕਿੰਗ ਸੁਧਾਰ ਦੇ ਨਾਮ ’ਤੇ, ਵਿਦੇਸ਼ੀ ਬੈਂਕਾਂ ਦੁਆਰਾ ਭਾਰਤੀ ਬੈਂਕਾਂ ਦੇ ਐਕਵਾਇਰ ਦਾ ਰਸਤਾ ਖੋਲਣਾ ਚਾਹੁੰਦੀ ਹੈ ਅਤੇ ਪੈਨਸ਼ਨ ਫੰਡਾਂ ਦੇ ਨਿੱਜੀਕਰਨ ਨੂੰ ਵੀ ਅੱਗੇ ਵਧਾਉਣਾ ਚਾਹੁੰਦੀ ਹੈ, ਪਰ ਕਥਿਤ ਵਿੱਤੀ ਸੁਧਾਰ ਦੇ ਇਨ੍ਹਾਂ ਕਦਮਾਂ ਦੇ ਉਪਰ ਤੋਂ ਇਹ ਸਰਕਾਰ ਖੁਦਰਾ ਵਪਾਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਲਈ ਦਰਵਾਜ਼ੇ ਖੋਲ੍ਹਣ ਲਈ ਵੀ ਸੌਂਹ ਖਾਈ ਬੈਠੀ ਹੈ।

ਅਜਿਹਾ ਲੱਗਦਾ ਹੈ ਕਿ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੁਦਰਾ ਬਾਜ਼ਾਰ ਦੇ ਦਰਵਾਜ਼ੇ ਖੋਲ੍ਹਣ ਦਾ ਮੁੱਖ ਕਾਰਨ ਇਹ ਹੈ ਕਿ ਇਸ ਤੋਂ ਖਿਚ ਕੇ ਵਿਦੇਸ਼ੀ ਪੂੰਜੀ ਆਵੇਗੀ ਅਤੇ ਭਾਰਤ ਵਿਚ ਉਲਟਾ-ਪੁਲਟਾ ਮੁਨਾਫ਼ਾ ਹਾਸਿਲ ਕਰੇਗੀ। ਉਮੀਦ ਕੀਤੀ ਜਾ ਰਹੀ ਹੈ ਕਿ ਪੂੰਜੀ ਦਾ ਪ੍ਰਵਾਹ ਆਉਣ ਨਾਲ, ਅਰਥ ਵਿਵਸਥਾ ਵਿਚ ਭਰੋਸਾ ਪੈਦਾ ਹੋਵੇਗਾ, ਜਿਸ ਨਾਲ ਸੈਂਸੈਕਸ ਉਪਰ ਉਛਲੇਗਾ ਅਤੇ ਆਖਿਰਕਾਰ ਮੁੱਠੀ ਭਰ ਲੋਕਾਂ ਦਾ ‘ਇੰਡੀਆ ਸ਼ਾਈਨਿੰਗ’ ਦਾ ਸੁਪਨਾ ਸੱਚ ਹੋ ਜਾਵੇਗਾ। ਜ਼ਾਹਿਰ ਹੈ ਕਿ ਨੀਤੀ ਨਿਰਮਾਤਾਵਾਂ ਦਾ ਧਿਆਨ ਇਸ ’ਤੇ ਨਹੀਂ ਹੈ ਕਿ ਉਸ ਦਾ ਸਾਡੇ ਦੇਸ਼ ਦੇ ਖੁਦਰਾ ਵਪਾਰ ’ਤੇ ਜਾਂ ਭਾਰਤੀ ਜਨਤਾ ਉਤੇ ਕੀ ਅਸਰ ਪਵੇਗਾ? ਉਸ ਦਾ ਸਾਰਾ ਧਿਆਨ ਤਾਂ ਵਿਦੇਸ਼ੀ ਪੂੰਜੀ ਨੂੰ ਆਕ੍ਰਸ਼ਿਤ ਕੀਤੇ ਜਾਣ ’ਤੇ ਹੀ ਹੈ।

ਪ੍ਰੰਤੂ ਵਿਸ਼ਵ ਬੈਂਕ ਦੀ ਭਵਿੱਖਬਾਣੀ ਦੇ ਅਨੁਸਾਰ, ਵਿਦੇਸ਼ੀ ਪੂੰਜੀ ਦੇ ਖਿਚ ਕੇ ਆਉਣ ਦੀ ਕੋਈ ਖਾਸ ਸੰਭਾਵਨਾ ਨਹੀਂ ਹੈ ਅਤੇ ਸਰਕਾਰ ਜਿਸ ਹੱਦ ਤੱਕ ਆਉਣ ਦੀ ਉਮੀਦ ਕਰ ਰਹੀ ਹੈ, ਉਹ ਉਮੀਦ ਤਾਂ ਨਿਸ਼ਚਿਤ ਰੂਪ ਨਾਲ ਪੂਰੀ ਹੋਣ ਵਾਲੀ ਹੈ। ਯਾਦ ਰਹੇ ਕਿ ਇਸੇ ਤਰ੍ਹਾਂ ਦੀਆਂ ਦਲੀਲਾਂ ਭਾਰਤ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਦੇ ਨਾਮ ’ਤੇ ਐਨਰਾਨ ਨੂੰ ਬੇਹਿਸਾਬ ਰਿਆਇਤਾਂ ਦਿੱਤੇ ਜਾਣ ਦੇ ਪੱਖ ਵਿਚ ਵੀ ਦਿੱਤੀਆਂ ਗਈਆਂ ਸਨ। ਐਨਰਾਨ ਮਾਮਲੇ ਵਿਚ ਕੀ ਹੋਇਆ, ਇਹ ਸਾਰੇ ਜਾਣਦੇ ਹਨ। ਖੁਦਰਾ ਵਪਾਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇਣ ਦੇ ਪੱਖ ਵਿਚ ਕਿਸਾਨਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀਆਂ ਜੋ ਦੁਹਾਈਆਂ ਦਿੱਤੀਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਝੂਠੀਆਂ ਸਾਬਿਤ ਹੋਣ ਜਾ ਰਹੀਆਂ ਹਨ।

ਵਿਸ਼ਵ ਬੈਂਕ ਦਾ ਕਹਿਣਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਇਕ ਚੀਨ ਹੀ ਹੈ, ਜਿਸ ਵਿਚ ਵਿਸ਼ਵ ਆਰਥਿਕ ਗਿਰਾਵਟ ਦਾ ਮੁਕਾਬਲਾ ਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਦੀ ਸਮਰਥਾ ਵੀ ਹੈ ਅਤੇ ਇੱਛਾ ਵੀ, ਪਰ ਵਿਸ਼ਵ ਬੈਂਕ ਨੇ ਚੇਤਾਵਨੀ ਦਿੱਤੀ ਹੈ ਕਿ ਅੱਜ ਚੀਨ ਦੀ ਸਮਰਥਾ ਵੀ 2008 ਦੇ ਮੁਕਾਬਲੇ ਕਾਫੀ ਕਮਜ਼ੋਰ ਹੋ ਗਈ ਹੈ। ਸਾਫ ਹੈ ਕਿ ਭਾਰਤ ਨਵ-ਉਦਾਰਵਾਦੀ ਏਜੰਡੇ ਨੂੰ ਅੱਗੇ ਵਧਾਉਣ ਦੇ ਜ਼ਰੀਏ ਇਸ ਸੰਭਾਵਿਤ ਵਿਸ਼ਵ ਆਰਥਿਕ ਮੰਦੀ ਦੀ ਮਾਰ ਤੋਂ ਬਚਣ ਦਾ ਉਪਾਅ ਨਹੀਂ ਕਰ ਸਕਦਾ। ਇਹ ਸਾਡੇ ਦੇਸ਼ ਸੰਕਟ ਦੇ ਹੋਰ ਬਦਤਰ ਹੋਣ ਦਾ ਹੀ ਸੰਕੇਤ ਕਰਦਾ ਹੈ। ਸੰਪੰਨ ਤਬਕਿਆਂ ਨੂੰ ਉਲਟ-ਪੁਲਟ ਟੈਕਸ ਰਿਆਇਤਾਂ ਦੇਣ ਦੀ ਬਜਾਏ ਇਹ ਵਸੀਲੇ ਸਰਕਾਰ ਨੂੰ ਇਕੱਠੇ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਵਰਤੋਂ ਜ਼ਰੂਰਤਮੰਦ ਸਮਾਜਿਕ ਤੇ ਆਰਥਿਕ ਬੁਨਿਆਦੀ ਸਹੂਲਤਾਂ ਦੇ ਨਿਰਮਾਣ ਲਈ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਵੱਡੇ ਪੱਧਰ ’ਤੇ ਰੁਜ਼ਗਾਰ ਵੀ ਪੈਦਾ ਹੋਵੇਗਾ। ਇਸ ਤਰ੍ਹਾਂ ਸਾਡੇ ਦੇਸ਼ ਵਿਚ ਘਰੇਲੂ ਮੰਗ ਵਿਚ ਜੋ ਵਾਧਾ ਹੋਵੇਗਾ, ਉਸ ਨਾਲ ਇਕ ਸਿਹਤਮੰਦ ਆਰਥਿਕ ਵਿਕਾਸ ਦਰ ਨੂੰ ਬਣਾਈ ਰੱਖਿਆ ਜਾ ਸਕਦਾ ਹੈ।

# ਘਾਤਕ ਹੈ ਪੇਡ ਨਿਊਜ਼

ਕਾਰਤਿਕ ਸ਼ਰਮਾ

ਪਿਛਲੀਆਂ ਲੋਕ ਸਭਾ ਚੋਣਾਂ ਦੇ ਨਾਲ ਹੀ ਪੇਡ ਨਿਊਜ਼ ਦੀ ਚਰਚਾ ਆਮ ਹੋ ਗਈ। ਇਹ ਚਰਚਾ ਭਾਰਤੀ ਲੋਕਤੰਤਰ ਅਤੇ ਮੀਡੀਆ ਦੋਨਾਂ ’ਤੇ ਚੰਨ ਦੇ ਦਾਗ ਦੀ ਤਰ੍ਹਾਂ ਹੈ, ਜੋ ਸਾਰਿਆਂ ਲਈ ਦੁਖਦਾਈ ਹੈ। ਪੇਡ ਨਿਊਜ਼ ਨਾ ਕੇਵਲ ਮੀਡੀਆ ਲਈ ਬਲਕਿ ਲੋਕਤੰਤਰ ਲਈ ਵੀ ਘਾਤਕ ਸਾਬਿਤ ਹੋ ਸਕਦਾ ਹੈ। ਪ੍ਰੈਸ ਕੌਂਸਲ ਆਫ ਇੰਡੀਆ (ਪੀ.ਸੀ.ਆਈ) ਨੇ ਵੀ ਇਸ ਗੱਲ ਨੂੰ ਨੋਟਿਸ ਕੀਤਾ ਕਿ ਪੇਡ ਨਿਊਜ਼ ਵਰਗਾ ਭ੍ਰਿਸ਼ਟਾਚਾਰ ਮੀਡੀਆ ਦੇ ਬਹੁਤ ਵੱਡੇ ਹਿੱਸੇ ਵਿਚ ਆਪਣੀ ਪਕੜ ਬਣਾ ਚੁੱਕਾ ਹੈ। ਪੀ.ਸੀ.ਆਈ ਨੇ ਇਸ ਮੁੱਦੇ ’ਤੇ ਤਕਰੀਬਨ 70 ਪੰਨਿਆਂ ਦੀ ਇਕ ਰਿਪੋਰਟ ਵੀ ਜਾਰੀ ਕੀਤੀ ਹੈ। ਪੇਡ ਨਿਊਜ਼ ਦੇ ਸੰਬੰਧ ਵਿਚ ਜੇਕਰ ਪੀ.ਸੀ.ਆਈ ਨੂੰ ਹੀ ਕੋਟ ਕੀਤਾ ਜਾਵੇ ਤਾਂ ਕਿਸੇ ਵੀ ਉਮੀਦਵਾਰ ਦੁਆਰਾ ਉਹ ਖ਼ਬਰ ਜੋ ਨਾ ਇਸ਼ਤਿਹਾਰ ਹੋਵੇ ਅਤੇ ਨਾ ਹੀ ਸਹੀ ਰਿਪੋਰਟ ਫਿਰ ਵੀ ਰੁਪਏ ਲੈ ਕੇ ਉਸ ਉਮੀਦਵਾਰ ਦੇ ਪੱਖ ਵਿਚ ਖ਼ਬਰ ਪ੍ਰਕਾਸ਼ਿਤ ਕਰਨਾ ਪੇਡ ਨਿਊਜ਼ ਹੈ। ਜੇਕਰ ਧਿਆਨ ਨਾਲ ਦੇਖਿਆ ਜਾਵੇ ਤਾਂ ਥੋੜ੍ਹੇ ਘੱਟ ਜਾਂ ਜ਼ਿਆਦਾ ਦੇ ਅੰਤਰ ਨਾਲ ਜ਼ਿਆਦਾਤਰ ਸਮਾਚਾਰ ਜਗਤ ਦੀ ਸਥਿਤੀ ਇਕੋ ਜਿਹੀ ਹੀ ਹੈ।



ਮਾਮਲਾ ਚਾਹੇ ਪ੍ਰਿੰਟ ਮੀਡੀਆ ਦਾ ਹੋਵੇ ਜਾਂ ਇਲੈਕਟ੍ਰੋਨਿਕ ਮੀਡੀਆ ਦਾ। ਹੁਣ ਪੇਡ ਨਿਊਜ਼ ਨੂੰ ਲੈ ਕੇ ਇਕ ਗੰਭੀਰ ਵਿਚਾਰ-ਵਟਾਂਦਰੇ ਦੀ ਜ਼ਰੂਰਤ ਹਰ ਜਗ੍ਹਾ ਮਹਿਸੂਸ ਕੀਤੀ ਜਾ ਰਹੀ ਹੈ। ਪੇਡ ਨਿਊਜ਼ ਕਾਰਨ ਅਕਤੂਬਰ 2011 ਵਿਚ ਚੋਣ ਕਮਿਸ਼ਨ ਨੇ ਯੂ.ਪੀ ਦੀ ਇਕ ਵਿਧਾਇਕ ਉਰਮਿਲੇਸ਼ ਯਾਦਵ ਦੀ ਮੈਂਬਰੀ ਨੂੰ ਅਯੋਗ ਐਲਾਨ ਕਰਕੇ ਇਸ ਮੁੱਦੇ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਦਰਅਸਲ ਜਦੋਂ ਇਸ ਤਰ੍ਹਾਂ ਦੇ ਮਾਮਲੇ ਇਕ ਦੋ ਘਟਨਾਵਾਂ ਤੋਂ ਅੱਗੇ ਵਧ ਕੇ ਸਾਡੀ ਆਦਤ ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਮਾਮਲਾ ਕੇਵਲ ਪੈਸੇ ਦੇ ਕੇ ਆਪਣੇ ਪੱਖ ਵਿਚ ਖ਼ਬਰ ਛਪਵਾਉਣ ਜਾਂ ਪ੍ਰਸਾਰਿਤ ਕਰਨ ਦਾ ਨਹੀਂ ਰਹਿ ਜਾਂਦਾ। ਇਹ ਲੋਕਤੰਤਰ ਅਤੇ ਉਸ ਦੇ ਚੌਥੇ ਥੰਮ ਦੀ ਨੈਤਿਕਤਾ ਦੇ ਲਗਾਤਾਰ ਕਮਜ਼ੋਰ ਹੁੰਦੇ ਜਾਣ ਦਾ ਸੰਕੇਤ ਹੈ। ਪੇਡ ਨਿਊਜ਼ ਮੀਡੀਆ ਅਤੇ ਲੋਕਤੰਤਰ ਦੋਨਾਂ ਲਈ ਕਾਫੀ ਘਾਤਕ ਸਾਬਿਤ ਹੋ ਸਕਦਾ ਹੈ।

ਬੀਤੇ ਕੁਝ ਸਾਲਾਂ ਵਿਚ ਭਾਰਤੀ ਮੀਡੀਆ ਵਿਚ ਭ੍ਰਿਸ਼ਟਾਚਾਰ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਦੇ ਨਿੱਜੀ ਭ੍ਰਿਸ਼ਟਾਚਾਰ ਤੋਂ ਬਹੁਤ ਅੱਗੇ ਨਿਕਲ ਕੇ ਵਿਆਪਕ ਅਤੇ ਸੰਸਥਾਗਤ ਰੂਪ ਲੈ ਚੁੱਕਾ ਹੈ। ਸਵਾਲ ਸਿਰਫ ਇੰਨਾ ਨਹੀਂ ਹੈ ਕਿ ਮੀਡੀਆ ਅਦਾਰੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧਾਂ ਅਤੇ ਉਮੀਦਵਾਰਾਂ ਤੋਂ ਉਨ੍ਹਾਂ ਦੇ ਪੱਖ ਵਿਚ ਖ਼ਬਰ ਦੇਣ ਲਈ ਪੈਸੇ ਲੈ ਰਹੇ ਹਨ, ਅਸਲੀਅਤ ਇਹ ਹੈ ਕਿ ਇਨ੍ਹਾਂ ਹੀ ਪੱਖਪਾਤੀ ਸਰਗਰਮੀਆਂ ਨੂੰ ਨਿਊਜ਼ ਜਾਂ ਖ਼ਬਰ ਦਾ ਨਾਮ ਵੀ ਦਿੱਤਾ ਜਾ ਰਿਹਾ ਹੈ। ਖ਼ਬਰ ਦਾ ਅਰਥ ਹੁੰਦਾ ਹੈ ਕਿ ਤੱਥਾਂ ’ਤੇ ਆਧਾਰਿਤ, ਨਿਰਪੱਖ ਅਤੇ ਬਿਨਾਂ ਕਿਸੇ ਭੇਦਭਾਵ ਦੇ ਪ੍ਰਕਾਸ਼ਿਤ ਕੀਤੀ ਜਾਣ ਵਾਲੀ ਪਾਠ ਸਮੱਗਰੀ। ਖ਼ਬਰਾਂ ਦਾ ਇਹੀ ਗੁਣ ਉਨ੍ਹਾਂ ਨੂੰ ਇਸ਼ਤਿਹਾਰ ਤੋਂ ਵੱਖ ਕਰਦਾ ਹੈ। ਜਦੋਂ ਖ਼ਬਰ ਅਤੇ ਇਸ਼ਤਿਹਾਰ ਵਿਚਾਲੇ ਦੀਆਂ ਦੂਰੀਆਂ ਖ਼ਤਮ ਹੋਣ ਲੱਗਦੀਆਂ ਹਨ, ਜਦੋਂ ਲਗਾਤਾਰ ਅਜਿਹੀਆਂ ਖ਼ਬਰਾਂ ਆਉਣ ਲੱਗਦੀਆਂ ਹਨ, ਜਿਨ੍ਹਾਂ ਲਈ ਪੈਸੇ ਲਏ ਗਏ ਹੋਣ ਜਾਂ ਫਿਰ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਦੇ ਪੱਖ ਵਿਚ ਤੱਥਾਂ ਦੀ ਵੀ ਅਣਦੇਖੀ ਕਰਕੇ ਖ਼ਬਰਾਂ ਦਿੱਤੀਆਂ ਜਾਣ ਤਾਂ ਆਮ ਆਦਮੀ ਬਹੁਤ ਮੁਸ਼ਕਿਲ ਤੋਂ ਹੀ ਖ਼ਬਰ ਅਤੇ ਪੇਡ ਨਿਊਜ਼ ਵਿਚ ਅੰਤਰ ਕਰ ਪਾਉਂਦਾ ਹੈ। ਅਜਿਹੇ ਵਿਚ ਪੇਡ ਨਿਊਜ਼ ਲੋਕਤੰਤਰ ’ਤੇ ਦੋਹਰਾ ਖ਼ਤਰਾ ਬਣ ਕੇ ਉਭਰ ਰਿਹਾ ਹੈ।

ਪੇਡ ਨਿਊਜ਼ ਦੇ ਕਾਰਨ ਇਕ ਪਾਸੇ ਤਾਂ ਮੀਡੀਆ ਆਪਣੀ ਸ਼ਾਖ ਅਤੇ ਸੁਤੰਤਰਤਾ ’ਤੇ ਖੁਦ ਹੀ ਕੁਹਾੜੀ ਮਾਰ ਰਿਹਾ ਹੈ ਤਾਂ ਦੂਸਰੇ ਪਾਸੇ ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਪ੍ਰਭਾਵਤ ਕਰਕੇ ਉਹ ਲੋਕਤੰਤਰ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ। ਪ੍ਰੈਸ ਜਾਂ ਮੀਡੀਆ ਦਾ ਇਹ ਫਰਜ਼ ਹੈ ਕਿ ਉਹ ਜਨਤਾ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਖ਼ਬਰਾਂ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਕਰੇ। ਜਦੋਂ ਮੀਡੀਆ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਪੂਰੀ ਕਰਦਾ ਹੈ ਤਦ ਹੀ ਜਨਤਾ ਉਸ ’ਤੇ ਵਿਸ਼ਵਾਸ ਕਰਦੀ ਹੈ।

ਆਪਣੀ ਇਸੇ ਸ਼ਾਖ ਅਤੇ ਵਿਸ਼ਵਾਸ ਦੀ ਬਦੌਲਤ ਮੀਡੀਆ ਜਨਸੰਚਾਰ ਦੇ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮਾਂ ਵਿਚ ਗਿਣਿਆ ਜਾਂਦਾ ਹੈ। ਪੀ.ਸੀ.ਆਈ ਨੇ ਇਸ ਭ੍ਰਿਸ਼ਟ ਆਚਰਣ ਨਾਲ ਨਜਿੱਠਣ ਅਤੇ ਛੁਟਕਾਰਾ ਪਾਉਣ ਲਈ ਕਈ ਤਰ੍ਹਾਂ ਦੇ ਸਾਰਥਕ ਸੁਝਾਅ ਦਿੱਤੇ ਹਨ। ਭਾਵ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਇਕ ਸੀਮਾ ਤੱਕ ਸਿਵਲ ਸੁਸਾਇਟੀ ਨੂੰ ਵੀ ਕੁਝ ਅਧਿਕਾਰ ਦਿੱਤੇ ਜਾ ਸਕਦੇ ਹਨ। ਚੋਣਾਂ ਵਿਚ ਇਸ ਨਾਲ ਸਬੰਧਤ ਨਿਯਮ ਹੋਰ ਵੀ ਸਖ਼ਤ ਬਣਾਏ ਜਾ ਸਕਦੇ ਹਨ, ਜਿਨ੍ਹਾਂ ਨੂੰ ਸਮੇਂ ਦੀ ਜ਼ਰੂਰਤ ਦੇ ਅਨੁਸਾਰ ਸਮੇਂ-ਸਮੇਂ ’ਤੇ ਸੋਧਿਆ ਵੀ ਜਾ ਸਕਦਾ ਹੈ, ਜਿਸ ਤਰ੍ਹਾਂ ਐਗਜ਼ਿਟ ਪੋਲ ਨੂੰ ਲੈ ਕੇ ਨਿਯਮ ਬਣਾਏ ਗਏ ਹਨ, ਉਸੇ ਤਰ੍ਹਾਂ ਪੇਡ ਨਿਊਜ਼ ਨੂੰ ਲੈ ਕੇ ਵੀ ਨਿਯਮ ਅਤੇ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ। ਚੋਣਾਂ ਤੋਂ ਕੁਝ ਪਹਿਲਾਂ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਵਿਚ ਕਿਸੇ ਵੀ ਉਮੀਦਵਾਰ ਜਾਂ ਪਾਰਟੀ ਦੇ ਪੱਖ ਵਿਚ ਬਹਿਸ ਵਰਗੇ ਪ੍ਰੋਗਰਾਮਾਂ ਤੇ ਖ਼ਬਰਾਂ ਉਤੇ ਰੋਕ ਲਾਉਣ ਦੀ ਲੋੜ ਹੈ। ਸਭ ਤੋਂ ਵੱਡੀ ਮੁੱਖ ਗੱਲ ਇਹ ਹੈ ਕਿ ਸਮੁੱਚਾ ਮੀਡੀਆ ਜੇਕਰ ਆਤਮ-ਜ਼ਾਬਤੇ ਰਾਹੀਂ ਇਹ ਸਾਰੇ ਕਦਮ ਉਠਾਉਂਦਾ ਹੈ ਤਾਂ ਉਹ ਮੀਡੀਆ ਦੀ ਸ਼ਾਖ ਅਤੇ ਉਸ ਦੀ ਸੁਤੰਤਰਤਾ ਦੋਨਾਂ ਲਈ ਹੀ ਇਕ ਤੋਹਫਾ ਹੋਵੇਗਾ। ਭ੍ਰਿਸ਼ਟਾਚਾਰ ਨਾਲ ਜੰਗ ਵਿਚ ਲੋਕਤੰਤਰ ਦੇ ਪੱਖ ਵਿਚ ਮੀਡੀਆ ਦਾ ਇਹ ਅਹਿਮ ਯੋਗਦਾਨ ਵੀ ਹੋਵੇਗਾ।

ਧੁਖਦਾ ਕਾਲਮ

# ਹਾਈਟੈਕ ਵੈਲਨਟਾਈਨ ਡੇਅ ਤੇ ਮੁਹੱਬਤ

**ਸੁਸ਼ੀਲ ਦੁਸਾਂਝ**

14 ਫਰਵਰੀ ਨੂੰ ਵੈਲਨਟਾਈਨ ਡੇਅ ਹੈ। ਗਲੋਬਲ ਪਿੰਡ ਦਾ ਗਲੋਬਲ ਤਿਉਹਾਰ। ਭਾਰਤ ਵਿਚ ਥੋੜ੍ਹਾ ਸਮਾਂ ਪਹਿਲਾਂ ਤੱਕ ਦੀਵਾਲੀ. ਦੁਸ਼ਹਿਰਾ, ਹੋਲੀ, ਲੋਹੜੀ ਅਤੇ ਵਿਸਾਖੀ ਹੀ ਸਾਡੇ ਤਿਉਹਾਰ ਸਨ। ਅੱਜ ਸੰਸਾਰੀਕਰਨ ਦੀ ‘ਬਹਾਰ’ ਆਏ ਦਿਨ ਇਕ ਨਵਾਂ ਤਿਉਹਾਰ ਲੈ ਕੇ ਆ ਰਹੀ ਹੈ। ਦਰਅਸਲ, ਇਹ ਬਾਜ਼ਾਰ ਦੀ ਖੁਮਾਰੀ ਦਾ ਦੌਰ ਹੈ। ਅੱਜ ਤਿਉਹਾਰ ਹਾਈਟੈਕ ਹੋ ਰਹੇ ਹਨ। ਸਾਡੇ ਰਵਾਇਤੀ ਤਿਉਹਾਰਾਂ ਤੋਂ ਵੀ ਬਾਜ਼ਾਰ ਨੇ ਆਪਣਾਪਨ ਖੋਹ ਲਿਆ ਹੈ। ਤਿਉਹਾਰਾਂ ਨੂੰ ਤਿਜੋਰੀਆਂ ਭਰਨ ਲਈ ਵਰਤਣ ਦਾ ਹਰ ਜਾਇਜ਼-ਨਾਜਾਇਜ਼ ਤਰੀਕਾ ਅਪਣਾਉਂਦਾ ਹੈ ਬਾਜ਼ਾਰ। ਪਿੰਡਾਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵਿਚ ਭਾਵੇਂ ਹਾਲੇ ਵੀ ਸਾਡੇ ਤਿਉਹਾਰਾਂ ਦੇ ਰਵਾਇਤੀ ਰੰਗ-ਢੰਗ ਦਿਖਾਈ ਦਿੰਦੇ ਹਨ ਪਰ ਸ਼ਹਿਰੀ ਸਭਿਆਚਾਰ ਵਿਚ ਤਾਂ ਸਭ ਕੁਝ ਹੁਣ ਬਾਜ਼ਾਰ ਹੀ ਤੈਅ ਕਰਦਾ ਹੈ। ਹੁਣ ਦੀਵਾਲੀ ਲਈ ਡਿਜ਼ਾਇਨਰ ਦੀਵੇ ਵੀ ਬਹੁਕੌਮੀ ਕੰਪਨੀਆਂ ਤਿਆਰ ਕਰਦੀਆਂ ਹਨ ਪਰ ਘੁਮਿਆਰਾਂ ਦੇ ਘਰਾਂ ਵਿਚ ਉਦਾਸੀ ਹੈ। ਤਿਉਹਾਰ ਕਦੇ ਲੋਕਾਂ ਦੇ ਹੋਇਆ ਕਰਦੇ ਸਨ; ਅੱਜ ਇਨ੍ਹਾਂ ਵਿਚੋਂ ਲੋਕ ਗਾਇਬ ਹਨ। ਤਿਉਹਾਰੀ ਜਸ਼ਨ ਤਾਂ ਸਿਰਫ ਬਾਜ਼ਾਰ ਲਈ ਹਨ। ਨਵੇਂ-ਨਵੇਂ ਤਿਉਹਾਰ ਤਾਂ ਹੈ ਹੀ ਬਾਜ਼ਾਰ ਵਲੋਂ ਪੈਦਾ ਕੀਤੇ ਹੋਏ; ਦੀਵਾਲੀ, ਹੋਲੀ ਅਤੇ ਵਿਸਾਖੀ ਆਦਿ ਤਿਉਹਾਰ ਵੀ ਸਿਰਫ ਖਰੀਦਦਾਰੀ ਲਈ ਹੀ ਰਹਿ ਗਏ ਹਨ। ਕੋਈ 8-10 ਵਰ੍ਹੇ ਪਹਿਲਾਂ ਭਾਰਤ ਵਿਚ ਕੌਣ ਜਾਣਦਾ ਸੀ ‘ਵੈਲਨਟਾਈਨ ਡੇਅ’ ਨੂੰ। ਅਜ ਮੁਲਕ ਭਰ ਵਿਚ ਇਸ ਦਿਨ ਕਰੋੜਾਂ ਰੁਪਏ ਦਾ ਵਪਾਰ ਹੁੰਦਾ ਹੈ।

ਇਹ ਵੀ ਨਹੀਂ ਕਿ ਅੱਜ ਤੋਂ ਪਹਿਲਾਂ ਪੈਸੇ ਦਾ ਤਿਉਹਾਰਾਂ ਵਿਚ ਕੋਈ ਮਹੱਤਵ ਹੀ ਨਹੀਂ ਸੀ। ਹਰ ਯੁੱਗ ਵਿਚ ਪੈਸੇ ਦੀ ਆਪਣੀ ਅਹਿਮੀਅਤ ਰਹੀ ਹੈ। ਫਰਕ ਇਹ ਹੈ ਕਿ ਪਿਛਲੇ 15 ਕੁ ਵਰ੍ਹਿਆਂ ਵਿਚ ਜਿੰਨਾ ਕੁਝ ਬਦਲ ਗਿਆ ਹੈ; ਓਨਾ ਕਈ ਸਦੀਆਂ ਵਿਚ ਨਹੀਂ ਸੀ ਬਦਲਿਆ। ਹਰ ਚੀਜ਼ ਨੂੰ ਵਪਾਰਕ ਨਜ਼ਰੀਏ ਤੋਂ ਦੇਖਣ/ਪਰਖਣ ਨੇ ਸਾਡੀ ਪੂਰੀ ਜੀਵਨ ਸ਼ੈਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਬਾਜ਼ਾਰਵਾਦ ਹਰ ਸ਼ਾਂ ਸਿਰ ਚੜ੍ਹ ਕੇ ਬੋਲ ਰਿਹਾ ਹੈ। ਕਰੋੜਾਂ ਹੱਥਾਂ ਨੂੰ ਇਕ ਦਿਨ ਦਾ ਵੀ ਰੁਜ਼ਗਾਰ ਮੁਹੱਈਆ ਨਹੀਂ, ਪੇਟ ਰੋਟੀ ਤੋਂ ਖਾਲੀ ਹਨ ਪਰ ਨਜ਼ਰਾਂ ਵਿਚ ਬਾਜ਼ਾਰ ਨੇ ਹਰ ਚੀਜ਼ ਹਾਸਲ ਕਰਨ ਦੀ ਲਾਲਸਾ ਪੈਦਾ ਕਰ ਦਿੱਤੀ ਹੈ। ਇਹ ਹੀ ਬਾਜ਼ਾਰ ਦੀ ਸਫਲਤਾ ਹੈ। ਵੈਲਨਟਾਈਨ ਡੇਅ ਸੰਸਾਰ ਭਰ ਦੀ ਜਵਾਨੀ ਦਾ ਸਭ ਤੋਂ ਰੁਮਾਂਚਕ ਤਿਉਹਾਰ ਹੈ ਪਰ ਇਸਨੂੰ ਵੀ ਬਾਜ਼ਾਰ ਨੇ ਖਾ ਲਿਆ ਹੈ। ਦੋ ਬੋਲ ਸਾਂਝੇ ਹੋ ਜਾਣਾ ਜਾਂ ਫਿਰ ਨਜ਼ਰਾਂ ਦਾ ਮਿਲਣਾ, ਝੁਕਣਾ ਤੇ ਫੇਰ ਮਿਲਣਾ ਹੀ ਮੁਹੱਬਤ ਦੀ ਸਭ ਤੋਂ ਵੱਡੀ ਖੁਸ਼ੀ ਹੈ ਪਰ ਬਾਜ਼ਾਰ ਵਲੋਂ ਇਹਨੂੰ ਕੋਈ ਮਾਨਤਾ ਨਹੀਂ। ਬਾਜ਼ਾਰ ਨੇ ਇਨ੍ਹਾਂ ਦਿਨਾਂ ਲਈ ਜਿਹੜੇ ਹਜ਼ਾਰਾਂ ਡਿਜ਼ਾਇਨਾਂ ਵਿਚ ‘ਕਾਰਡ’ ਛਾਪੇ ਹਨ, ਟੈਡੀ ਅਤੇ ਹੋਰ ਪਤਾ ਨਹੀਂ ਕਿੰਨਾ ਕੁ ਨਿੱਕ-ਸੁੱਕ ਤਿਆਰ ਕੀਤਾ ਹੈ; ਜੇ ਉਹ ਕਿਸੇ ਪ੍ਰੇਮੀ/ਪ੍ਰੇਮਿਕਾ ਨੇ ਨਾ ਲਿਆ ਤਾਂ ਬਾਜ਼ਾਰ ਲਈ ਕਾਹਦਾ ਉਤਸਵ? ਦੁਨੀਆ ਭਰ ਦੇ ਵਿਦਵਾਨਾਂ ਨੇ ਮੁਹੱਬਤ ਨੂੰ ਜੀਵਨ ਦਾ ਧੁਰਾ ਦਸਿਆ ਹੈ। ਮੁਹੱਬਤ ਤੋਂ ਬਿਨਾਂ ਤਾਂ ਜੀਵਨ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਪਰ ਇਹ ਬਾਜ਼ਾਰ ਹੈ ਜਿਸਨੇ ਮੁਹੱਬਤ ਦੇ ਅਸਲ ਅਰਥਾਂ ਨੂੰ ਦਫ਼ਨ ਕਰਨ ਦਾ ਤਹਈਆ ਕੀਤਾ ਹੋਇਆ ਹੈ। ਬਾਜ਼ਾਰ ਨੇ ਪਵਿੱਤਰ, ਨਿਰਛੱਲ ਅਤੇ ਆਪਣੇ ਪਿਆਰੇ ’ਤੇ ਸਭ ਕੁਝ ਵਾਰ ਦੇਣ ਵਾਲੀ ਮੁਹੱਬਤ ’ਤੇ ਹਵਸ ਦੀਆਂ ਕਾਲੀਆਂ ਪਰਤਾਂ ਚੜ੍ਹਾ ਦਿੱਤੀਆਂ ਹਨ। ਪਿਆਰ ਨੂੰ ਪਹਿਚਾਣ ਦੀ ਥਾਂ ਕਬਜ਼ਾ ਬਣਾ ਧਰਿਆ ਹੈ।

ਚਲੋ ਖੈਰ! ਵੈਲਨਟਾਈਨ ਡੇਅ ਮੁਹੱਬਤ ਦਾ ਤਿਉਹਾਰ ਹੈ। ਕੁਝ ਧਾਰਮਿਕ ਮੂਲਵਾਦੀ ਜਥੇਬੰਦੀਆਂ ਲਗਾਤਾਰ ਇਸ ਤਿਉਹਾਰ ਦਾ ਵਿਰੋਧ ਹੀ ਨਹੀਂ ਕਰਦੀਆਂ ਆ ਰਹੀਆਂ ਸਗੋਂ ਕਈ ਵੇਰ ਹਿੰਸਾ ਵੀ ਕਰਦੀਆਂ ਆਈਆਂ ਹਨ। ਅਸੀਂ ਸਮਝਦੇ ਹਾਂ ਕਿ ਤਿਉਹਾਰ ਮਨਾਉਣ ਦਾ ਹਰ ਕਿਸੇ ਨੂੰ ਹੱਕ ਹੈ। ਕੋਈ ਤਿਉਹਾਰ ਨੂੰ ਕਿਵੇਂ ਮਨਾਉਂਦਾ ਹੈ ਇਹ ਵੀ ਉਸਦਾ ਹੱਕ ਹੈ, ਕਿਸੇ ਤੀਸਰੇ ਬੰਦੇ ਨੂੰ ਕਿਸੇ ਦੇ ਵੀ ਨਿੱਜੀ ਜੀਵਨ ਵਿਚ ਦਖ਼ਲ ਦੇਣ ਦਾ ਕਤਈ ਕੋਈ ਹੱਕ ਨਹੀਂ। ਅਸੀਂ ਸਿਰਫ ਇਹ ਕਹਿਣਾ ਚਾਹੁੰਦੇ ਹਾਂ ਕਿ ਕੋਈ ਵੀ ਤਿਉਹਾਰ ਖਾਸ ਤੌਰ ’ਤੇ ਵੈਲਨਟਾਈਨ ਡੇਅ’ ਵਰਗਾ ਤਿਉਹਾਰ ਮਨਾਉਂਦਿਆਂ ਇਸਦੇ ਅੰਤਰੀਵ ਭਾਵਾਂ ਨੂੰ ਸਮਝਣ ਦੀ ਡਾਢੀ ਲੋੜ ਹੈ। ਸਾਨੂੰ ਆਪਣੇ ਆਲੇ-ਦੁਆਲੇ ਅਤੇ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਦਾ ਧਿਆਨ ਲਾਜ਼ਮੀ ਹੀ ਰੱਖਣਾ ਪਵੇਗਾ। ਪਿਛਲੇ ਵਰ੍ਹਿਆਂ ਵਿਚ ਇਸ ਦਿਨ ਵੱਖ-ਵੱਖ ਸ਼ਹਿਰਾਂ ਤੋਂ ਹੁਲੜਬਾਜ਼ੀ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ; ਜੋ ਲਾਜ਼ਮੀ ਹੀ ਪਿਆਰ ਵਰਗੇ ਪਵਿਤਰ ਜਜ਼ਬੇ ’ਤੇ ਕਲੰਕ ਹਨ। ਜਿੱਥੇ ਧਾਰਮਿਕ ਮੂਲਵਾਦੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿੱਥੇ ਪਿਆਰ ਹੁੰਦਾ ਹੈ ਉਥੇ ਪਾਬੰਦੀਆਂ ਦੀ ਕੋਈ ਹੈਸੀਅਤ ਨਹੀਂ ਹੁੰਦੀ ਉਥੇ ਪਿਆਰ ਕਰਨ ਵਾਲਿਆਂ ਨੂੰ ਵੀ ਮਰਹੂਮ ਅੰਮ੍ਰਿਤਾ ਦੇ ਇਹ ਬੋਲ ਜ਼ਰੂਰ ਯਾਦ ਰੱਖਣੇ ਚਾਹੀਦੇ ਹਨ, “ਉਹ ਮੁਹੱਬਤ ਕਾਹਦੀ ਜਿਹੜਾ ਸੂਰਜ ਵਰਗਾ ਮੂੰਹ ਤੁਹਾਡੇ ਦਿਲ ਦੇ ਅੰਬਰ ਉਤੇ ਚਾਨਣ ਨਾ ਕਰ ਦੇਵੇ। ਤੁਹਾਡੇ ਦਿਲ ਦਾ ਅੰਬਰ ਚਾਨਣਾ ਹੋਵੇਗਾ ਤਾਂ ਤੁਹਾਡੀ ਧਰਤੀ ਨੂੰ ਉਹਦੀ ਲੋਅ ਪਹੁੰਚੇਗੀ, ਆਲਾ-ਦੁਆਲਾ ਰੁਸ਼ਨਾਉਣ ਵਾਲੀ ਮੁਹੱਬਤ ਹੀ ਅਸਲੀ ਅਰਥਾਂ ਵਿਚ ਮੁਹੱਬਤ ਹੁੰਦੀ ਹੈ।” ਮੁਹੱਬਤ ਦਾ ਇਹ ਤਿਉਹਾਰ ਤਾਂ ਜ਼ਰੂਰ ਮਨਾਈਏ ਪਰ ਉਹਦੇ ਵਿਚ ਹੋਛਾਪਣ ਨਾ ਹੋਵੇ। ਆਖਰੀ ਗੱਲ ਮੁਹੱਬਤ ਇਕ ਦੂਸਰੇ ਦੀਆਂ ਭਾਵਨਾਵਾਂ ਸਮਝ ਕੇ ਉਨ੍ਹਾਂ ਦਾ ਆਦਰ ਕਰਨਾ ਹੈ। ਬਾਜ਼ਾਰ ਦੇ ਢਹੇ ਚੜ੍ਹ ਕੇ ਮਹਿੰਗੇ-ਮਹਿੰਗੇ ਤੋਹਫ਼ਿਆਂ ਨਾਲ ਕਦੇ ਮੁਹੱਬਤ ਖਰੀਦੀ ਨਹੀਂ ਜਾ ਸਕਦੀ।

# ਪੰਜਾਬ ਚੋਣਾਂ 2012

# ਚੋਣਾਂ ਦੌਰਾਨ ਇਕ ਦਿਨ ਦਾ ਸਫ਼ਰ

**ਪੜਾਅ-1 - ਲੁਧਿਆਣਾ ਤੋਂ ਫਿਰੋਜ਼ਪੁਰ** : ਇਥੇ ਹਜ਼ਾਰਾਂ ਦੀ ਗਿਣਤੀ ਹੈ, ਜੋ ਇਸ ਸੀਜ਼ਨ ਵਿਚ ਸਿਰਫ ਰੈਲੀਆਂ ਵਿਚ ਦਿਖਦੀ ਹੈ। ਇਥੇ ਵੀ ਲੋਕ ਮੰਗਣ ਆਏ ਹਨ, ਫਰਕ ਸਿਰਫ ਇੰਨਾ ਹੈ ਕਿ ਇਨ੍ਹਾਂ ਦਾ ਯਕੀਨ ਜ਼ਿਆਦਾ ਪੁਖ਼ਤਾ ਹੈ। ਜਿਆਰਤ ਕਰਨ ਆਈ ਇਸ ਭੀੜ ਨੂੰ ਕਵਾਲੀ ਸੁਣਾ ਰਹੇ ਹਨ ਨਜ਼ਦੀਕੀ ਪਿੰਡ ਦੇ ਕੁਝ ਨੌਜਵਾਨ, ਹਵਾ ਵਿਚ ਬੋਲ ਲਹਿਰਾ ਰਹੇ ਹਨ-

ਇਥੇ ਅਮਲਾਂ ਦੇ ਹੋਣਗੇ ਨਬੇੜੇ
ਕਿਸੇ ਨਾ ਤੇਰੀ ਜਾਤ ਪੁੱਛਣੀ।

ਪਰ ਇਸ ਇਲੈਕਸ਼ਨ ਵਿਚ ਨੇਤਾਵਾਂ ਤੱਕ ਸ਼ੋਰ ਪਹੁੰਚਦਾ ਹੈ, ਸ਼ਾਂਤ ਸੁਰ ਨਹੀਂ। ਜਾਤ, ਇਲਾਕਾ, ਡੇਰਾ ਸਭ ਪੁੱਛਿਆ-ਦੱਸਿਆ ਜਾ ਰਿਹਾ ਹੈ। ਗੱਡੀ ਗਿਚ ਗੁਲਾਮ ਅਲੀ ਦੀ ਗ਼ਜ਼ਲ ਚੱਲ ਰਹੀ ਹੈ-

ਤੇਜ਼ ਹਵਾ ਨੇ ਮੁਝਸੇ ਪੁਛਾ, ਰੇਤ ਪਰ ਕਯਾ ਲਿਖਤੇ ਰਹਿਤੇ ਹੋ। ਪਰ ਪੰਜਾਬ ਵਿਚ ਰੇਤ ਨਹੀਂ ਖੇਤ ਹਨ, ਅਤੇ ਉਸ ਦੀ ਮਚਾਨ ਉਤੇ ਬੈਠਿਆ ਵੋਟਰ ਤੱਕ ਰਿਹਾ ਹੈ, ਬਦਲਾ ਲੈਣ ਦਾ, ਬਦਲਾਅ ਲਿਆਉਣ ਦਾ ਜਾਂ ਹਿਸਾਬ ਬਰਾਬਰ ਕਰਨ ਦਾ ਮੌਕਾ।

ਵਾਪਸ ਪਰਤਦੇ ਹਾਂ ਮੇਲੇ 'ਤੇ। ਇਥੇ ਪਾਲੀਟਿਕਸ ਦੀ ਨਹੀਂ ਮਿਸ ਪੂਜਾ ਦੀ, ਬੱਬੂ ਮਾਨ ਦੀ, ਸਸਤੇ ਕੱਪੜਿਆਂ ਦੀ ਅਤੇ ਮੇਕਅਪ ਦੇ ਸਮਾਨ ਦੀ ਮੌਜੂਦਗੀ ਹੈ। ਇਸ ਵੀਕਲੀ ਮੇਲੇ ਵਿਚ ਰਾਜਨੀਤੀ ਇਕ ਸਕੂਟਰ ਦੇ ਸਟਿਕਰ 'ਤੇ ਹੀ ਸੀਮਤ ਹੈ। ਕੁਝ ਸਮਾਂ ਬਿਤਾਓ, ਸੁਰਾਗ ਲੈਣ ਦੀ ਕੋਸ਼ਿਸ਼ ਕਰੋ ਤਾਂ ਬੱਸ ਇੰਨਾ ਸੁਣਾਈ ਦਿੰਦਾ ਹੈ ਕਿ ਮਾਲ ਤਾਂ ਪੂਰੇ ਪੈਸੇ ਦਾ ਦਿੰਦੇ ਹਨ, ਪਰ ਅੱਜ ਕੱਲ੍ਹ ਬੈਠ ਕੇ ਦਾਰੂ ਵੀ ਪਿਲਾਉਂਦੇ ਹਨ। ਸਪਲਾਇਰ ਨੂੰ ਵੀ ਕਿਤੋਂ ਮਿਲ ਰਹੀ ਹੈ, ਕਹਿੰਦਾ ਹੈ ਇਲੈਕਸ਼ਨ ਵਿਚ ਧਿਆਨ ਰੱਖਣਾ।

**ਪੜਾਅ-2 ਕਾਕੇ ਦਾ ਢਾਬਾ, ਮੋਗਾ ਰੋਡ :**

ਮੰਜੇ ਉਤੇ ਤਿੰਨ ਲੋਕ ਬੈਠੇ ਹਨ। ਇਕ ਦੇ ਹੱਥ ਵਿਚ ਚਾਹ, ਦੂਸਰੀ ਦੀ ਉਂਗਲੀ ਤੰਬਾਕੂ ਰਗੜਣ ਵਿਚ ਰੁਝੀ ਹੋਈ ਅਤੇ ਤੀਜ਼ਾ ਖਾਣਾ ਖਾ ਰਿਹੈ। ਕੁਝ ਰੁਕ ਕੇ ਗੱਲ ਸ਼ੁਰੂ ਕੀਤੀ, ਤਾਂ ਗੁਬਾਰ ਫੁਟ ਪਿਆ। ਵੋਟ ਲੈਂਦੇ ਵਕਤ ਤੂੰ ਹੀ ਸਾਡਾ ਬਾਪੂ ਅਤੇ ਵੋਟ ਬਾਅਦ, ਹਾਂ ਪੁੱਤ ਤੂੰ ਕੌਣ, ਮੈਂ ਕੌਣ। ਸਾਰੇ ਇਕੋ ਛੱਪੜ ਦੇ ਡੱਡੂ ਹਨ।

ਇਨ੍ਹਾਂ ਲੋਕਾਂ ਦੇ ਮੁਤਾਬਿਕ ਇਸ ਹਲਕੇ ਵਿਚ ਤਿੰਨੋਂ ਹੀ ਪਾਰਟੀਆਂ ਦਾ ਜ਼ੋਰ ਹੈ, ਅਕਾਲੀਆਂ ਦਾ ਕੁਝ ਜ਼ਿਆਦਾ। ਖਾਣਾ ਇਕੱਠਾ ਕਰ ਸੱਜਣ ਉਠਦੇ ਹਨ ਅਤੇ ਵਧਦੇ ਹਨ ਆਪਣੇ ਟਰੱਕ ਵੱਲ। ਜਾਂਦੇ-ਜਾਂਦੇ ਇਕ ਹੋਰ ਜੁਮਲਾ ਉਛਾਲਦੇ ਹਨ। ਹੁਣ ਤਾਂ ਡੋਡਿਆਂ ਦੀ ਜਗ੍ਹਾ ਬੁਰਾਦਾ ਵੇਚ ਰਹੇ ਨੇ, ਫਿਰ ਵੀ ਬੰਦਾ ਬੋਲਦਾ ਹੈ, ਖੂਬ ਨਸ਼ਾ ਹੋ ਰਿਹਾ ਹੈ।

ਨਸ਼ਾ, ਇਸ ਦੀ ਚਰਚਾ ਤਾਂ ਕੀ ਦਿੱਲੀ ਅਤੇ ਕੀ ਸੂਬਾ, ਹਰ ਜਗ੍ਹਾ ਦੇ ਹੁਕਮਰਾਨ ਕਰ ਰਹੇ ਹਨ ਅਤੇ ਨਸ਼ਾ ਸਾਡੇ ਤੋਂ ਤਿੰਨ ਕਦਮ ਦੂਰ ਹੀ ਪੁੜੀਆਂ ਵਿਚ ਪਿਆ ਧੁੱਪ ਸੇਕ ਰਿਹਾ ਹੈ। ਤਿੰਨ ਮੋਟਰ ਸਾਈਕਲ ਆ ਕੇ ਰੁਕਦੇ ਹਨ, ਇਕ 'ਤੇ ਕੈਨੇਡਾ ਦਾ ਸਟਿਕਰ ਲੱਗਿਆ ਹੈ। ਸਭ ਦੇ ਵਾਲ ਸਟਾਈਲਿਸ਼, ਜੈਕੇਟ ਚਮਕਦਾਰ, ਪਰ ਚਿਹਰਿਆਂ 'ਤੇ ਸੁੱਕੀ ਝੂਠੀ ਚਮਕ। ਗੱਲਾਂ ਦੇ ਨਾਲ ਸਿਗਰਟ ਦੀ ਖੱਲ ਬਚਾਉਂਦੇ ਹੋਏ ਤੰਬਾਕੂ ਕੱਢੀ ਜਾ ਰਹੀ ਹੈ। ਗਾਂਜਾ ਭਰਨ ਦੀ ਤਿਆਰੀ ਹੈ। ਕੀ ਕਰਦੇ ਹੋ, ਜੀ ਅਸੀਂ ਤਾਂ ਪੱਲੇਦਾਰ ਹਾਂ, ਪੜ੍ਹੇ-ਲਿਖੇ



ਮਜਦੂਰ, ਵਿਹਲੇ ਘੁੰਮ ਰਹੇ ਹਾਂ।

ਇਹ ਨੌਜਵਾਨ ਨਜ਼ਦੀਕ ਦੇ ਅਜੀਤਵਾਲ ਪਿੰਡ ਦੇ ਹਨ। ਅਕਾਲੀਆਂ ਨੇ ਕੰਮ ਕੀਤਾ ਜਾਂ ਨਹੀਂ, ਪਰ ਇਨ੍ਹਾਂ ਦਾ ਜਵਾਬ ਸੜਕ ਵੱਲ ਇਸ਼ਾਰਾ ਕਰ ਸ਼ੁਰੂ ਹੁੰਦਾ ਹੈ। ਇਹ ਹਨ, ਪਰ ਨਹੀਂ, ਪਿੰਡ ਵਿਚ ਨਹੀਂ। ਭਾਅ ਜੀ, ਤੁਸੀਂ ਤਾਂ ਪ੍ਰੈਸ ਵਿਚ ਹੋ, ਸਾਨੂੰ ਨੌਕਰੀ ਦਿਵਾ ਦਿਓ। ਉਨ੍ਹਾਂ ਵਿਚੋਂ ਇਕ ਰਵਿੰਦਰ ਸਿਗਰਟ ਵਿਚ ਆਪਣੀ ਵਾਰੀ ਦਾ ਇੰਤਜ਼ਾਰ ਕਰਦਾ ਹੋਇਆ ਬੋਲਦਾ ਹੈ, ਵੋਟ ਵੇਚਣਾ ਬੁਰੀ ਗੱਲ ਹੈ, ਲੋਕ ਨਸ਼ੇ ਲਈ ਵੇਚ ਦਿੰਦੇ ਹਨ। ਮੇਰੇ ਨਾਲ ਦਾ ਲੜਕਾ ਹੈ, ਨਜ਼ਦੀਕ ਦੇ ਪਿੰਡ ਦਾ, 1700 ਮਿਲ ਗਏ ਹਨ ਉਸ ਨੂੰ। ਬਿਲ ਦੇਣ ਦਾ ਸਮਾਂ ਆ ਗਿਆ ਹੈ। ਕਾਊਂਟਰ 'ਤੇ ਬਜ਼ੁਰਗ ਮਹਿਲਾ ਹੈ, ਸਭ ਮਾਤਾ ਕਹਿ ਕੇ ਬੁਲਾਉਂਦੇ ਹਨ। ਮੋਗਾ ਤੋਂ ਆ ਕੇ ਢਾਬਾ ਚਲਾਉਂਦੀ ਹੈ, ਰਾਤ ਸਮੇਂ ਬੇਟਾ ਬੈਠਦਾ ਹੈ, ਪਤੀ ਦੋ ਸਾਲ ਪਹਿਲਾਂ ਗੁਜ਼ਰ ਗਏ ਅਤੇ ਤਦ ਤੋਂ ਅਕਾਲੀਆਂ ਲਈ ਲਗਾਅ ਵੀ ਗੁਜ਼ਰ ਗਿਆ। ਮਾਤਾ ਦੇ ਮੁਤਾਬਿਕ ਸਰਕਾਰ ਨੇ ਬਹੁਤ ਚੱਕਰ ਲਗਵਾਏ, ਪਰ ਮਦਦ ਨਹੀਂ ਕੀਤੀ। ਉਥੇ ਖੜ੍ਹੇ ਬੱਲੀ ਦੇ ਮੁਤਾਬਿਕ ਜੀ ਨੋਟਾਂ ਦਾ ਚੱਕਰਵਿਊ ਹੈ।

**ਪੜਾਅ-3 ਪਿੰਡ ਦਾਰਾਪੁਰ, ਫਿਰੋਜ਼ਪੁਰ ਰੋਡ :**

(ਘਰ ਦੇ ਬਾਹਰ ਮੰਜੇ ਅਤੇ ਕੁਰਸੀਆਂ, ਸੱਤ-ਅੱਠ ਲੋਕਾਂ ਦਾ ਜਮਾਵੜਾ) ਸਤਿ ਸ੍ਰੀ ਅਕਾਲ ਜੀ ਤੋਂ ਬਾਅਦ ਗੁਫਤਗੂ ਸ਼ੁਰੂ ਹੁੰਦੀ ਹੈ। ਅਕਾਲੀਆਂ ਦੀ ਬੱਲੇ-ਬੱਲੇ ਦੱਸਣ ਤੋਂ ਬਾਅਦ ਲੋਕ ਮਨਪ੍ਰੀਤ ਦੀਆਂ ਧੱਜੀਆਂ ਉੜਾਉਂਦੇ ਹਨ। ਉਨ੍ਹਾਂ ਦੇ ਮੁਤਾਬਿਕ ਪੰਦਰਾਂ ਸਾਲ ਤੱਕ ਮਜ਼ੇ ਕਰਨ ਤੋਂ ਬਾਅਦ ਹੁਣ ਉਨ੍ਹਾਂ ਨੂੰ ਸੂਬੇ ਦੀ ਯਾਦ ਆ ਰਹੀ ਹੈ। ਸਬਸਿਡੀ ਦੇ ਸਵਾਲ 'ਤੇ ਇਥੇ ਬੈਠੇ ਸਵਰਨਜੀਤ ਸਿੰਘ ਦਾ ਅੰਕੜਾ ਹੈ ਕਿ ਖੁਦ ਮਨਪ੍ਰੀਤ ਨੇ ਆਪਣੀ ਪਤਨੀ ਅਤੇ ਬਾਪ ਦੇ ਨਾਮ 'ਤੇ ਕਿੰਨਿਆਂ ਉਪਰ 19 ਲੱਖ ਰੁਪਏ ਦੀ ਸਬਸਿਡੀ ਲੈ ਰੱਖੀ ਹੈ, ਉਸ ਦਾ ਕੀ। ਇਨ੍ਹਾਂ ਖੁਸ਼ਹਾਲ ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਮੁਫ਼ਤ ਬਿਜਲੀ ਸਭ ਨੂੰ ਦਿਖਦੀ ਹੈ, ਜੋ ਫਸਲ ਦੀ ਕੀਮਤ ਘੱਟ ਰਹੀ ਹੈ, ਉਸ ਦਾ ਕੀ। ਡੀ.ਏ.ਵੀ.ਪੀ ਖਾਦ ਮਹਿੰਗੀ ਹੋ ਰਹੀ ਹੈ, ਉਸ ਦਾ ਕੀ।

ਇਨ੍ਹਾਂ ਦੀਆਂ ਤਕਲੀਫਾਂ ਵੱਖਰੀਆਂ ਹਨ। ਜ਼ਿਆਦਾਤਰ ਦੇ ਬੱਚੇ ਕੈਨੇਡਾ ਚਲੇ ਗਏ, ਕੋਈ ਉਥੇ ਟਰੱਕ ਚਲਾ ਰਿਹਾ ਹੈ, ਤਾਂ ਕੋਈ ਸਟੋਰ ਵਿਚ ਕੰਮ ਕਰ ਰਿਹਾ ਹੈ। ਇਥੇ ਜਾਨਵਰ ਹਨ, ਖੇਤੀ ਹੈ, ਪਰ ਕੰਮ ਕਰਨ ਵਾਲੇ ਨਹੀਂ। ਮਨਰੇਗਾ ਕਰਕੇ ਮਜ਼ਦੂਰ ਨਹੀਂ ਮਿਲਦੇ। ਕੱਲ੍ਹ ਹੀ ਬਿਹਾਰ ਤੋਂ ਮਜ਼ਦੂਰ ਲਿਆਉਣ ਲਈ ਅੰਮ੍ਰਿਤਸਰ ਜਾ ਕੇ ਟ੍ਰੇਨ 'ਤੇ ਕਿਸੇ ਨੂੰ ਚੜ੍ਹਾ ਕੇ ਆਏ ਹਨ। ਸ਼ੁਰੂਆਤੀ ਹਮਾਇਤ ਤੋਂ ਬਾਅਦ ਇਥੇ ਅਕਾਲੀ ਵੋਟਰ ਨਹੀਂ, ਨਾਰਾਜ਼ ਆਦਮੀਆਂ ਦਾ ਝੁੰਡ ਨਜ਼ਰ ਆਉਂਦਾ ਹੈ। ਜ਼ਰਾ ਸੁਣੋ ਉਨ੍ਹਾਂ ਦੀ ਸਲਾਹ ਕੀ ਹੈ, ਵੋਟਿੰਗ ਮਸ਼ੀਨ 'ਤੇ ਇਕ ਬਟਨ ਹੋਣਾ ਚਾਹੀਦਾ ਹੈ ਕਿ ਸਾਨੂੰ ਕੋਈ ਵੀ ਪਸੰਦ ਨਹੀਂ। ਕੈਪਟਨ ਲਈ ਇਕ ਕਿੱਸਾ ਅਤੇ ਇਕ ਨਸੀਹਤ ਹੈ। ਨਸੀਹਤ ਇਹ ਹੈ ਕਿ ਪਹਾੜੀ 'ਤੇ ਬੀਜ ਬੀਜਾਂਗੇ ਤਾਂ ਬੇਰ ਨਹੀਂ ਲੱਗਣ ਵਾਲੇ। ਇਨ੍ਹਾਂ ਕਿਸਾਨਾਂ ਦੇ ਮੁਤਾਬਿਕ ਕੈਪਟਨ ਆਟਾ ਦੇਣ ਦੀ ਸਿਰਫ ਗੱਲ ਕਰਦੇ ਹਨ, ਬਾਦਲ ਨੇ ਸੱਚ ਵਿਚ ਕਰ ਦਿਖਾਇਆ। ਇਨ੍ਹਾਂ ਨੂੰ ਕੈਪਟਨ ਦੇ ਕਤਲੇਆਮ ਵਾਲੇ ਬਿਆਨ ਤੋਂ ਵੀ ਨਾਰਾਜ਼ਗੀ ਹੈ।

ਕਿੱਸਾ ਸੋਨੀਆ ਨਾਲ ਜੁੜਿਆ ਅਤੇ ਕੁਝ ਪੁਰਾਣਾ ਹੈ। ਕੁਝ ਸਾਲ ਪਹਿਲਾਂ ਉਹ ਮੁਕਤਸਰ ਆਈ ਰੈਲੀ ਕਰਨ। ਕਿਸਾਨਾਂ ਨੇ ਕਿਹਾ ਕਿ ਸੇਮ ਕਾਰਨ ਫਸਲ ਬਹੁਤ ਬਰਬਾਦ ਹੁੰਦੀ ਹੈ। ਸੋਨੀਆ ਨੂੰ ਲੱਗਿਆ ਕਿ ਕਿਸਾਨ ਕਿਸੇ ਜਾਨਵਰ ਦੀ ਗੱਲ ਕਰ ਰਹੇ ਹਨ ਅਤੇ ਉਹ ਬੋਲੀ, ਇੰਨਾ ਪ੍ਰੇਸ਼ਾਨ ਕਰਦਾ ਹੈ, ਤਾਂ ਇਸ ਨੂੰ ਫੜ ਕੇ ਬਾੜੇ ਵਿਚ ਬੰਦ ਕਰ ਦਿਓ।

ਕਿੱਸਾ ਖ਼ਤਮ, ਠਹਾਕੇ ਸ਼ੁਰੂ।

**ਪੜਾਅ-4 ਕੋਟ ਕਰਾੜ ਵਾਲਾ, ਫਰੀਦਕੋਟ ਰੋਡ:**

ਪਿੰਡ ਦੇ ਨਾਮ ਵਾਲਾ ਪੱਥਰ ਲੱਗਿਆ ਹੈ ਅਤੇ ਉਸ ਦੇ ਕਿਨਾਰੇ ਹੀ ਤਖ਼ਤ 'ਤੇ ਛੇ-ਅੱਠ ਲੋਕ ਬੈਠੇ ਹੋਏ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਬਜ਼ੁਰਗ ਹਨ। ਉਨ੍ਹਾਂ ਦੇ ਮੁਤਾਬਿਕ ਇਥੇ ਤਾਂ ਅਕਾਲੀਆਂ ਦਾ ਜ਼ੋਰ ਹੈ। ਕੈਪਟਨ ਤਾਂ ਇਨ੍ਹਾਂ ਨੂੰ ਮਹਾਰਾਜ ਆਦਮੀ ਲਗਦੇ ਹਨ। ਅਜਾਇਬ ਸਿੰਘ ਪਹਿਲਾਂ ਫੌਜ ਵਿਚ ਸਨ, ਇਸ ਸਬੰਧ ਵਿਚ ਕੈਪਟਨ ਦਾ ਲਿਹਾਜ ਕਰਦੇ ਹਨ, ਪਰ ਇਹ ਵੀ ਕਹਿੰਦੇ ਹਨ ਕਿ ਜੋ ਬੱਸ ਵਿਚ ਕਦੇ ਚੜ੍ਹਿਆ ਨਹੀਂ, ਉਸ ਨੂੰ ਕਿਵੇਂ ਪਤਾ ਕਿ ਜੇਬ ਕਿਵੇਂ ਕੱਟ ਜਾਂਦੀ ਹੈ। ਇਕ ਕਾਂਗਰਸ ਸਮਰਥਕ ਕਹਿੰਦੇ ਹਨ ਕਿ ਇਹ ਗੱਲ ਤਾਂ ਹੈ, ਬਾਦਲ ਨੇ ਜੋ ਕਿਹਾ, ਸੋ ਕੀਤਾ, ਪਰ ਵੋਟ ਆਪਣੀ ਪਾਰਟੀ ਨੂੰ ਹੀ ਦੇਵਾਂਗਾ।

ਮਨਪ੍ਰੀਤ ਦੀ ਪਾਰਟੀ ਦੇ ਬਾਰੇ ਜ਼ਿਆਦਾਤਰ ਇਹੀ ਰਾਏ ਹੈ ਕਿ ਉਹ ਵੋਟਾਂ ਭੰਨਣ ਲਈ ਹੈ। ਗੁਰਕਿਰਤ ਦੇ ਮੁਤਾਬਿਕ ਹੈ ਤਾਂ ਬਾਦਲ ਦਾ ਭਤੀਜਾ ਹੀ। ਸੇਕ ਲਗਾਏਗਾ ਹੋਰ ਕੁਝ ਨਹੀਂ। ਆਪਣੇ ਬੰਦੇ ਨੂੰ ਹੀ ਨੁਕਸਾਨ ਪਹੁੰਚਾਏਗਾ।

**ਪੜਾਅ-5 ਅਨਾਜ ਮੰਡੀ, ਫਰੀਦਕੋਟ :**

ਕਪਾਹ ਤੁਲ ਰਹੀ ਹੈ, ਧੁੱਪ ਉਤਰਨ ਨੂੰ ਹੈ, ਪਰ ਫਿਰ ਵੀ ਕੁਰਸੀਆਂ ਹਾਲੇ ਬਾਹਰ ਹੀ ਲੱਗੀਆਂ ਹੋਈਆਂ ਹਨ। ਇਥੋਂ ਦਾ ਐਮ.ਐਲ.ਏ ਕਾਂਗਰਸ ਦਾ ਹੈ ਅਤੇ ਦੋ ਵਾਰ ਚੋਣਾਂ ਜਿੱਤ ਚੁੱਕਾ ਹੈ। ਇਸ ਵਾਰ ਉਸ ਦੀ ਰਾਹ ਆਸਾਨ ਨਹੀਂ ਹੈ। ਵਪਾਰੀਆਂ ਦੇ ਮੁਤਾਬਿਕ ਪਹਿਲੀ ਟਰਮ ਬੋਲਦਾ ਰਿਹਾ ਕੈਪਟਨ ਨਾਲ ਨਹੀਂ ਬਣਦੀ, ਫਿਰ ਬੋਲਿਆ ਕਿ ਅਕਾਲੀਆਂ ਦਾ ਰਾਜ ਹੈ, ਕਿਵੇਂ ਕਰਾਵਾਂ ਕੰਮ।

**ਪੜਾਅ-6 ਧਰਮ ਭੋਜਨ ਭੰਡਾਰ, ਮੁਕਤਸਰ ਰੋਡ :**

ਪੀਲੀ ਰੌਸ਼ਨੀ ਵਿਚ ਡੁੱਬਿਆ ਢਾਬਾ, ਟੀਵੀ 'ਤੇ ਮਰਡਰ-2 ਚੱਲ ਰਹੀ ਹੈ, ਕੁਝ ਨਜ਼ਰਾਂ ਜੰਮੀਆਂ ਹੋਈਆਂ ਹਨ। ਪਰ ਅਸਲ ਜਮਾਵੜਾ ਬਾਹਰ ਜਲ ਰਹੀ ਅੱਗ ਦੇ ਆਲੇ-ਦੁਆਲੇ ਹੈ। ਮੁਕਤਸਰ ਦੇ ਕੁਝ ਲੜਕੇ ਬੈਠੇ ਹਨ ਇਥੇ, ਸਾਹਮਣੇ ਹੀ ਉਨ੍ਹਾਂ ਦੀ ਗੱਡੀ ਪਾਰਕ ਹੈ। ਚੋਣਾਂ ਦੀ ਚਰਚਾ ਹੁੰਦੇ ਹੀ ਉਹ ਖੁਲ੍ਹਣ ਲੱਗਦੇ ਹਨ, ਪਰ ਕੈਮਰਾ ਦੇਖਦੇ ਹੀ ਚੌਕਸ ਹੋ ਜਾਂਦੇ ਹਨ, ਸਿਗਰਟ ਥੱਲੇ ਡਿਗ ਜਾਂਦੀ ਹੈ। ਬੋਲਦੇ ਹਨ, ਅਸੀਂ ਨਹੀਂ ਬੋਲਣਾ ਕੁਝ, ਜੋ ਜ਼ਿਆਦਾ ਪੈਸੇ ਦੇਵੇਗਾ, ਪਾਰਟੀ ਕਰਵਾਏਗਾ, ਉਸੇ ਨੂੰ ਹੀ ਵੋਟ ਦੇਵਾਂਗੇ। ਸਿਗਰਟ ਖ਼ਤਮ ਹੋਣ ਤੋਂ ਪਹਿਲਾਂ ਹੀ ਸੁੱਟ ਕੇ ਉਹ ਕਾਰਵਾਂ ਚਲਾ ਜਾਂਦਾ ਹੈ। ਅੱਗ ਦੇ ਕਿਨਾਰੇ ਦੀ ਇਹ ਬਸਤੀ ਫਿਰ ਆਬਾਦ ਹੁੰਦੀ ਹੈ। ਇਸ ਵਾਰ ਰਿਕਸ਼ਾ ਚਲਾਉਣ ਵਾਲਿਆਂ ਦਾ ਜਮਾਵੜਾ ਹੈ। ਕੁਝ ਇਕ ਫੈਕਟਰੀ ਵਿਚ ਵੀ ਕੰਮ ਕਰਦੇ ਹਨ। ਇਕ ਨੂੰ ਛੱਡ ਕੇ ਬਾਕੀ ਸਭ ਅਕਾਲੀਆਂ ਤੋਂ ਬੇਹੱਦ ਨਾਰਾਜ਼ ਹਨ। ਢਾਬੇ ਵਾਲਿਆਂ ਦਾ ਕਹਿਣਾ ਹੈ ਕਿ ਦੱਸੋ ਜੱਟਾਂ ਨੂੰ, ਵੱਡੇ ਕਿਸਾਨਾਂ ਨੂੰ ਬਿਜਲੀ ਮੁਫ਼ਤ ਦੇ ਰਹੇ ਹਨ, ਸਾਡੇ ਕੋਲੋਂ ਬਿਲ ਵਸੂਲਦੇ ਹਨ, ਧਮਕਾਉਂਦੇ ਹਨ ਉਹ ਅਲੱਗ, ਕਿ ਸੜਕ 'ਤੇ ਢਾਬਾ ਖੋਲ੍ਹਿਆ ਹੈ, ਆਗਿਆ ਕਿਸ ਕੋਲੋਂ ਲਈ।

ਰਿਕਸ਼ਾ ਚਲਾਉਣ ਵਾਲੇ ਇਕਬਾਲ ਸਿੰਘ ਦੇ ਮੁਤਾਬਿਕ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ ਅਕਾਲੀਆਂ ਨੇ। ਆਟਾ-ਦਾਲ ਦਾ ਰੌਲਾ ਹੈ, ਪਰ ਜ਼ਿਆਦਾਤਰ ਤਾਂ ਡਿਪੂ ਵਾਲੇ ਹੀ ਖਾ ਜਾਂਦੇ ਹਨ। ਬਸ ਪਹਿਲੇ ਦੋ ਮਹੀਨੇ ਹੀ ਠੀਕ ਨਾਲ ਮਿਲਿਆ ਸਭ। ਉਨ੍ਹਾਂ ਦੇ ਮੁਤਾਬਿਕ ਕਾਂਗਰਸ ਰਾਜ ਵਿਚ ਧੱਕਾ ਨਹੀਂ ਸੀ। ਨਜ਼ਦੀਕੀ ਚਕਗਾਂਧਾ ਪਿੰਡ ਦੇ ਜਗਰੂਪ ਦੀ ਸ਼ਿਕਾਇਤ ਇਸ ਤੋਂ ਵੱਖਰੀ ਹੈ। ਸੜਕਾਂ ਦੇ ਮਾਮਲੇ ਵਿਚ ਖੁਦ ਨੂੰ ਬਿਹਤਰ ਸਮਝਣ ਵਾਲੇ ਅਕਾਲੀਆਂ ਨੂੰ ਇਹ ਜ਼ਰੂਰ ਸੁਣਨਾ ਚਾਹੀਦਾ ਹੈ। ਜਗਰੂਪ ਕਹਿੰਦੇ ਹਨ ਕਿ ਸੜਕਾਂ ਖੱਡਿਆਂ ਨਾਲ ਭਰੀਆਂ ਪਈਆਂ ਹਨ। ਅਸੀਂ ਰਿਕਸ਼ਾ ਖਿੱਚਦੇ ਹਾਂ ਤਾਂ ਦਮ ਨਿਕਲ ਜਾਂਦਾ ਹੈ। ਇਸ ਦੌਰਾਨ ਇਕ ਹੋਰ ਗੱਡੀ ਵੀ ਰੁਕਦੀ ਹੈ, ਛੇ ਲੜਕੇ ਉਤਰ ਸਿਗਰਟ ਖਰੀਦਦੇ ਹਨ ਅਤੇ ਢਾਬੇ ਦੇ ਪਿਛਲੇ ਹਿੱਸੇ 'ਚ ਚਲੇ ਜਾਂਦੇ ਹਨ।

**ਚਲਦੇ-ਚਲਦੇ**

ਫਿਰੋਜ਼ਪੁਰ ਸਰਹੱਦ 'ਤੇ ਫਸਿਆ ਕੈਂਟ ਵਾਲਾ ਕਸਬਾ। ਇਥੇ ਰਾਤ ਕੁਝ ਛੇਤੀ ਪਸਰਦੀ ਹੈ। ਇਕਾ-ਦੁਕਾ ਲੋਕ ਉਬਲੇ ਅੰਡੇ ਜਾਂ ਮੂੰਗਫਲੀ ਦੀ ਰੇੜ੍ਹੀ ਕੋਲ ਖੜ੍ਹੇ ਹਨ। ਚੋਣਾਂ ਦੀ ਚਰਚਾ ਕਰਦੇ ਹੀ ਨੇਤਾਵਾਂ ਨੂੰ ਗਾਲ੍ਹਾਂ ਕੱਢਦੇ ਹਨ, ਮਹਿੰਗਾਈ ਨਾਲ ਹੋਈ ਬਰਬਾਦੀ ਦਾ ਜ਼ਿਕਰ ਕਰਦੇ ਹਨ ਅਤੇ ਫਿਰ ਆਪਣੇ ਰਸਤੇ ਚਲੇ ਜਾਂਦੇ ਹਨ।

# ਜਲੰਧਰ ਦੀਆਂ ਨੌਂ ਸੀਟਾਂ 'ਤੇ ਸਖ਼ਤ ਮੁਕਾਬਲਾ, ਕਾਫੀ ਸੀਟਾਂ 'ਤੇ ਦਲਿਤ ਵੋਟ ਬੈਂਕ ਹੋਵੇਗਾ ਅਹਿਮ

ਸੁਰਿੰਦਰ ਪਾਲ

ਜਲੰਧਰ ਦੀਆਂ ਨੌਂ ਸੀਟਾਂ 'ਤੇ ਇਰ ਵਾਰ ਕਾਂਟੇ ਦੀ ਟੱਕਰ ਹੈ। ਸ਼ਹਿਰ ਵਿਚ ਜਿਥੇ ਮੁਕਾਬਲਾ ਕਾਂਗਰਸ ਅਤੇ ਭਾਜਪਾ ਵਿਚਾਲੇ ਹੈ, ਤਾਂ ਪਿੰਡਾਂ ਵਿਚ ਕਾਂਗਰਸ ਨਾਲ ਅਕਾਲੀ ਦਲ ਦੋ-ਦੋ ਹੱਥ ਕਰ ਰਿਹਾ ਹੈ। ਜਲੰਧਰ ਸ਼ਹਿਰ ਦੀਆਂ ਜ਼ਿਆਦਾਤਰ ਸੀਟਾਂ 'ਤੇ ਦਲਿਤ ਵੋਟ ਬੈਂਕ ਜਿੱਤ ਦਾ ਰੁਖ਼ ਤੈਅ ਕਰੇਗਾ।

ਜਲੰਧਰ ਵੈਸਟ : ਇਥੇ ਮੁਕਾਬਲਾ ਮੈਂਬਰ ਪਾਰਲੀਮੈਂਟ ਮਹਿੰਦਰ ਸਿੰਘ ਕੇ.ਪੀ ਦੀ ਪਤਨੀ ਸੁਮਨ ਕੇ.ਪੀ ਅਤੇ ਡਿਪਟੀ ਸਪੀਕਰ ਭਗਤ ਚੂੰਨੀ ਲਾਲ ਵਿਚਾਲੇ ਹੈ। ਇਹ ਸੀਟ ਰਾਖਵੀਂ ਹੈ ਅਤੇ ਇਲਾਕੇ ਵਿਚ ਦਲਿਤ ਵੋਟਾਂ ਕਾਫੀ ਜ਼ਿਆਦਾ ਹਨ। ਇਸ ਸੀਟ ਤੋਂ ਕੇ.ਪੀ ਖੁਦ ਚੋਣ ਲੜਦੇ ਆਏ ਹਨ, ਪਰ ਇਸ ਵਾਰ ਉਨ੍ਹਾਂ ਦੀ ਪਤਨੀ ਮੈਦਾਨ ਵਿਚ ਹੈ। ਭਗਤ ਚੂੰਨੀ ਲਾਲ ਦੀ ਪ੍ਰਚਾਰ ਕਮਾਨ ਉਨ੍ਹਾਂ ਦੇ ਬੇਟੇ ਮੋਹਿੰਦਰ ਦੇ ਹੱਥਾਂ ਵਿਚ ਰਹੀ, ਜਦੋਂ ਕਿ ਸੁਮਨ ਕੇ.ਪੀ ਦੀ ਵਾਗਡੋਰ ਮਹਿੰਦਰ ਸਿੰਘ ਕੇ.ਪੀ ਨੇ ਸੰਭਾਲੀ ਰੱਖੀ।

ਜਲੰਧਰ ਸੈਂਟਰਲ : ਇਸ ਸੀਟ ਤੋਂ ਭਾਜਪਾ ਦੇ ਮਨੋਰੰਜਨ ਕਾਲੀਆ ਦਾ ਮੁਕਾਬਲਾ ਕਾਂਗਰਸ ਦੇ ਰਾਜਿੰਦਰ ਬੇਰੀ ਨਾਲ ਹੈ। ਭਾਜਪਾ ਤੇ ਕਾਂਗਰਸ ਵਿਚਾਲੇ ਕਾਂਟੇ ਦੀ ਟੱਕਰ ਹੈ। ਕਾਲੀਆ ਰਾਜਨੀਤੀ ਦੇ ਪੁਰਾਣੇ ਖਿਡਾਰੀ ਹਨ, ਉਹ ਪਿਛਲੇ 20 ਸਾਲਾਂ ਤੋਂ ਇਸ ਸੀਟ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ।

ਜਲੰਧਰ ਨਾਰਥ : ਇਥੇ ਕਾਂਗਰਸ ਦੇ ਅਵਤਾਰ ਹੈਨਰੀ ਮੈਦਾਨ ਵਿਚ ਹਨ ਅਤੇ ਉਨ੍ਹਾਂ ਦਾ ਮੁਕਾਬਲਾ ਭਾਜਪਾ ਦੇ ਕੇ.ਡੀ ਭੰਡਾਰੀ ਨਾਲ ਹੈ। ਭੰਡਾਰੀ ਨੇ ਪਿਛਲੀ ਵਾਰ ਹੈਨਰੀ ਤੋਂ ਇਹ ਸੀਟ ਜਿੱਤੀ ਸੀ, ਪਰ ਹੁਣ ਮੁਕਾਬਲਾ ਕਾਫੀ ਸਖ਼ਤ ਹੈ। ਇਸ ਸੀਟ 'ਤੇ ਭਾਰੀ ਗਿਣਤੀ ਵਿਚ ਦਲਿਤ ਵੋਟ ਬੈਂਕ ਹੈ, ਜੋ ਜਿੱਤ-ਹਾਰ ਦਾ ਰੁਖ਼ ਤੈਅ ਕਰੇਗਾ।

ਜਲੰਧਰ ਕੈਂਟ : ਇਹ ਸੀਟ ਅਕਾਲੀ ਦਲ ਲਈ ਸਰਦਾਰੀ ਦਾ ਸਵਾਲ ਹੈ। ਇਸ ਸੀਟ ਤੋਂ ਕਾਂਗਰਸ ਦੇ ਜਗਬੀਰ ਬਰਾੜ ਮੈਦਾਨ ਵਿਚ ਹਨ ਤਾਂ ਅਕਾਲੀ ਦਲ ਤੋਂ ਪ੍ਰਗਟ ਸਿੰਘ। ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਸੀਟ ਨੂੰ ਵੱਲਾਰ ਦਾ ਸਵਾਲ ਬਣਾਈ ਰੱਖਿਆ।

ਕਰਤਾਰਪੁਰ : ਇਸ ਹਲਕੇ ਤੋਂ ਕਾਂਗਰਸ ਦੇ ਚੌਧਰੀ ਜਗਜੀਤ ਸਿੰਘ ਅਤੇ ਅਕਾਲੀ ਦਲ ਦੇ ਸਰਵਨ ਸਿੰਘ ਫਿਲੌਰ ਦੇ ਵਿਚਾਲੇ ਸਖ਼ਤ ਮੁਕਾਬਲਾ ਹੈ। ਚੌਧਰੀ ਨੂੰ ਫਾਇਦਾ ਇਹ ਮਿਲ ਰਿਹਾ ਹੈ ਕਿ ਉਹ ਇਸ ਇਲਾਕੇ ਤੋਂ ਪੰਜ ਵਾਰ ਵਿਧਾਇਕ ਰਹਿ ਚੁੱਕੇ ਹਨ, ਜਦੋਂ ਕਿ ਸਰਵਨ ਸਿੰਘ ਇਥੇ ਪਹਿਲੀ ਵਾਰ ਆਏ ਹਨ। ਇਲਾਕੇ ਵਿਚ ਜਿੱਤ-ਹਾਰ ਦਲਿਤ ਵੋਟਾਂ 'ਤੇ ਹੋਵੇਗੀ।

ਫਿਲੌਰ : ਇਥੋਂ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਅਤੇ ਅਕਾਲੀ ਦਲ ਦੇ ਅਵਿਨਾਸ਼ ਚੰਦਰ ਮੈਦਾਨ ਵਿਚ ਹਨ। ਇਲਾਕੇ ਵਿਚ ਦਲਿਤਾਂ ਦੀਆਂ ਵੋਟਾਂ ਜ਼ਿਆਦਾ ਹਨ। ਇਥੇ ਬਸਪਾ ਵੀ ਕਾਫੀ ਮਜ਼ਬੂਤ ਹੈ ਅਤੇ ਸਖ਼ਤ ਮੁਕਾਬਲਾ ਹੈ।

ਆਦਮਪੁਰ : ਅਕਾਲੀ ਦਲ ਵੱਲੋਂ ਪਵਨ ਟੀਨੂ ਤੇ ਕਾਂਗਰਸ ਦੇ ਸਤਨਾਮ ਕੈਂਥ ਮੈਦਾਨ ਵਿਚ ਹਨ। ਕੈਂਥ ਦੀ ਵਾਗਡੋਰ ਸਾਬਕਾ ਵਿਧਾਇਕ ਕੰਵਲਜੀਤ ਸਿੰਘ ਲਾਲੀ ਦੇ ਹੱਥਾਂ ਵਿਚ ਰਹੀ ਤਾਂ ਅਕਾਲੀ ਦਲ ਦੇ ਟੀਨੂ ਕਾਫੀ ਸਮੇਂ ਤੋਂ ਇਲਾਕੇ ਵਿਚ ਮੈਦਾਨ ਤਿਆਰ ਕਰ ਰਹੇ ਸਨ। ਦੋਨਾਂ ਵਿਚਾਲੇ ਮੁਕਾਬਲਾ ਦਿਲਚਸਪ ਹੈ।

ਨਕੋਦਰ : ਨਕੋਦਰ ਤੋਂ ਵਿਧਾਇਕ ਅਮਰਜੀਤ ਸਿੰਘ ਸਮਰਾ ਦਾ ਮੁਕਾਬਲਾ ਅਕਾਲੀ ਦਲ ਦੇ ਗੁਰਪ੍ਰਤਾਪ ਵਡਾਲਾ ਦੇ ਨਾਲ ਹੈ। ਵਡਾਲਾ ਇਸ ਵਾਰ ਕਾਂਗਰਸ ਤੋਂ ਸੀਟ ਖੋਹਣਾ ਚਾਹੁੰਦੇ ਹਨ, ਉਥੇ ਸਮਰਾ ਕਿਸੇ ਵੀ ਸੂਰਤ ਵਿਚ ਆਪਣੀ ਸੀਟ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ।

ਸ਼ਾਹਕੋਟ : ਕਾਂਗਰਸ ਦੇ ਕਰਨਲ ਸੀ.ਡੀ ਸਿੰਘ ਕੰਬੋਜ ਨੇ ਅਕਾਲੀ ਦਲ ਦੇ ਅਜੀਤ ਸਿੰਘ ਕੋਹਾੜ ਦਾ ਕਿਲਾ ਤੋੜਣ ਲਈ ਕਾਫੀ ਮਿਹਨਤ ਕੀਤੀ ਹੈ, ਪਰ ਕਾਂਗਰਸ ਦੀ ਬਗਾਵਤ ਉਨ੍ਹਾਂ ਦੇ ਰਾਹ ਵਿਚ ਅੜਿੱਕਾ ਬਣੀ ਹੋਈ ਹੈ।

ਹਿੱਸਾ ਵੰਡ ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਜੀ-ਜਾਨ ਲਗਾਈ

ਪੰਜਾਬ ਚੋਣਾਂ 2012

# ਮਾਲਵੇ ਵਿਚ ਘਮਾਸਾਨ



ਪੰਜਾਬ ਦੇ ਪੁਨਰਗਠਨ ਤੋਂ ਬਾਅਦ ਦੋ ਵਾਰ ਨੂੰ ਛੱਡ ਕੇ ਪੰਜਾਬ ਦੀ ਰਾਜਨੀਤੀ ਦੀ ਧੁਰੀ ਰਹੇ ਮਾਲਵਾ ਵਿਚ ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਘਮਾਸਾਨ ਹੈ। ਇਥੇ ਸਾਰਿਆਂ ਨੇ ਪੂਰੀ ਤਾਕਤ ਲਗਾ ਦਿੱਤੀ ਹੈ। ਮੁੱਖ ਮੰਤਰੀ ਅਹੁਦੇ ਦੇ ਤਿੰਨ ਦਾਅਵੇਦਾਰ ਇਸੇ ਖੇਤਰ ਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਤੋਂ ਮੁਕਤਸਰ ਜ਼ਿਲ੍ਹੇ ਦੀ ਲੰਬੀ, ਕੈਪਟਨ ਅਮਰਿੰਦਰ ਸਿੰਘ ਕਾਂਗਰਸ ਤੋਂ ਪਟਿਆਲਾ (ਸ਼ਹਿਰੀ), ਸਾਂਝੇ ਮੋਰਚੇ ਦੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਮਨਪ੍ਰੀਤ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਮਾਲਵਾ ਵਿਚ ਲੜਾਈ ਲੜ ਰਹੇ ਹਨ। ਮਾਲਵਾ ਵਿਚ ਹਿੱਸਾ ਵੰਡ ਦੀ ਜੰਗ ਸਿਖਰਾਂ 'ਤੇ ਹੈ। ਅਕਾਲੀ ਦਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣਾ ਖੋਇਆ ਆਧਾਰ ਵਾਪਸ ਪਾਉਣ, ਕਾਂਗਰਸ ਹਾਸਲ ਆਧਾਰ ਨੂੰ ਬਰਕਰਾਰ ਰੱਖਣ ਅਤੇ ਮਨਪ੍ਰੀਤ ਬਾਦਲ ਦੋਵਾਂ ਦੀ ਟੱਕਰ ਵਿਚੋਂ ਹਿੱਸਾ ਵੰਡਣ ਲਈ ਚੋਣ ਮੈਦਾਨ ਵਿਚ ਹਨ।

-ਹਮੀਰ ਸਿੰਘ

## ਵਿਧਾਨ ਸਭਾ 'ਚ ਸੀਟਾਂ ਦੀ ਪੁਰਾਣੀ ਸਥਿਤੀ

ਹਲਕਾਬੰਦੀ ਤੋਂ ਪਹਿਲਾਂ ਪੰਜਾਬ ਦੇ 117 ਵਿਧਾਨ ਸਭਾ ਖੇਤਰਾਂ ਵਿਚੋਂ ਮਾਲਵਾ ਖੇਤਰ ਦੇ ਹਿੱਸੇ 65 ਸੀਟਾਂ ਆਉਂਦੀਆਂ ਸਨ। ਭੂਗੋਲਿਕ ਆਧਾਰ 'ਤੇ ਵੰਡੇ ਗਏ ਬਾਕੀ ਦੋਵੇਂ ਖੇਤਰਾਂ ਮਾਝਾ ਅਤੇ ਦੋਆਬਾ ਵਿਚ 52 ਸੀਟਾਂ ਸਨ। ਸਾਲ 2007 ਵਿਚ ਪਹਿਲੀ ਵਾਰ ਕਾਂਗਰਸ ਦੇ ਹੱਕ ਵਿਚ ਵੱਡਾ ਫੇਰਬਦਲ ਹੋਇਆ। ਇਸ ਦਾ ਕਾਰਨ ਅਮਰਿੰਦਰ ਸਿੰਘ ਵੱਲੋਂ ਕੀਤੇ ਗਏ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ ਪਾਸ ਕਰਵਾਉਣ, ਸਾਰੀਆਂ ਫਸਲਾਂ ਬਿਹਤਰ ਢੰਗ ਨਾਲ ਉਠਾਉਣ ਅਤੇ ਬੀਟੀ ਕਾਟਨ ਲਿਆ ਕੇ ਕਿਸਾਨਾਂ ਦੀ ਆਮਦਨੀ ਵਧਾਉਣ ਨੂੰ ਵੀ ਮੰਨਿਆ ਜਾ ਰਿਹਾ ਹੈ, ਪਰ ਨਾਲ ਹੀ ਡੇਰਾ ਸੱਚਾ ਸੌਦਾ ਦੇ ਕਾਂਗਰਸ ਦੇ ਸਮਰਥਨ ਨੂੰ ਵੀ ਵੱਡਾ ਫੈਕਟਰ ਮੰਨਿਆ ਜਾਂਦਾ ਹੈ। ਇਨ੍ਹਾਂ 65 ਸੀਟਾਂ ਵਿਚੋਂ ਕਾਂਗਰਸ ਅਤੇ ਉਨ੍ਹਾਂ ਦੇ ਬਾਗੀ 41 ਸੀਟਾਂ ਉਤੇ ਕਾਬਜ਼ ਹੋ ਗਏ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ 24 ਸੀਟਾ 'ਤੇ ਹੀ ਸੰਤੋਖ ਕਰਨਾ ਪਿਆ। ਮਾਲਵਾ ਵਿਚ ਅਸਫਲ ਰਹਿਣ ਦੇ ਬਾਵਜੂਦ ਸਰਕਾਰ ਬਣਾਉਣ ਵਿਚ ਮਾਝਾ ਅਤੇ ਦੋਆਬਾ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੂੰ ਤਾਕਤ ਸੌਂਪੀ। ਮਾਲਵਾ ਕਿਸਾਨਾਂ ਦੇ ਦਬਦਬੇ ਦੇ ਲਿਹਾਜ ਨਾਲ ਹਮੇਸ਼ਾਂ ਅਕਾਲੀ ਆਧਾਰ ਵਾਲਾ ਖੇਤਰ ਮੰਨਿਆ ਜਾਂਦਾ ਰਿਹਾ ਹੈ।

## ਕੀ ਬਦਲਿਆ ਹੈ ਹੁਣ

ਨਵੀਂ ਹਲਕਾਬੰਦੀ ਤੋਂ ਬਾਅਦ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਸ ਨਾਲ ਰਾਖਵੀਆਂ ਸੀਟਾਂ ਵਧ ਗਈਆਂ ਹਨ। ਨਾਲ ਹੀ ਮਾਲਵਾ ਖੇਤਰ ਦੀਆਂ ਸੀਟਾਂ 65 ਤੋਂ ਵਧ ਕੇ 69 ਹੋ ਗਈਆਂ ਹਨ। ਇਸ ਵਿਚ ਇਸੇ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ) ਬਣਾ ਕੇ ਸੀ.ਪੀ.ਆਈ, ਸੀ.ਪੀ.ਐਮ ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਸਾਂਝਾ ਮੋਰਚਾ ਬਣਾ ਕੇ ਮੈਦਾਨ ਵਿਚ ਹਨ। ਕਈ ਨੇਤਾਵਾਂ ਦੀਆਂ ਹਲਕਾਬੰਦੀ ਕਾਰਨ ਸੀਟਾਂ ਤਬਦੀਲ ਹੋ ਗਈਆਂ ਹਨ। ਹਲਕਾਬੰਦੀ ਨੇ ਬਾਗੀਆਂ ਦੀ ਗਿਣਤੀ ਵੀ ਵਧਾ ਦਿੱਤੀ ਹੈ, ਜੋ ਸਿਆਸੀ ਪਾਰਟੀਆਂ ਲਈ ਸੰਕਟ ਬਣੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਦਾ ਟਿਕਟ ਨਾ ਮਿਲਣ ਕਾਰਨ ਡੇਰਾਬੱਸੀ ਤੋਂ ਕੈਪਟਨ ਕੰਵਲਜੀਤ ਸਿੰਘ ਦੀ ਬੇਟੀ ਮਨਪ੍ਰੀਤ ਡੌਲੀ, ਪਟਿਆਲਾ ਤੋਂ ਸਤਬੀਰ ਸਿੰਘ ਖੱਟੜਾ, ਫਤਹਿਗੜ੍ਹ ਸਾਹਿਬ ਤੋਂ ਪੀ.ਪੀ.ਪੀ ਵਿਚ ਚਲੇ ਗਏ ਵਿਧਾਇਕ ਦੀਦਾਰ ਸਿੰਘ ਭੱਟੀ, ਘਨੌਰ ਤੋਂ ਦਲ ਦੇ ਉਪ ਪ੍ਰਧਾਨ ਰਹੇ ਬਲਵਿੰਦਰ ਸਿੰਘ ਸੈਫਦੀਪੁਰ, ਅਮਰਗੜ੍ਹ ਤੋਂ ਪੀ.ਪੀ.ਪੀ ਵਿਚ ਚਲੇ ਗਏ ਅਜੀਤ ਸਿੰਘ ਚੰਦੂਰਾਈਆ, ਰੋਪੜ ਤੋਂ ਬਾਗੀ ਹੋਏ ਮਾਸਟਰ ਤਾਰਾ ਸਿੰਘ ਲਾਡਲ, ਐਸ.ਜੀ.ਪੀ.ਸੀ ਮੈਂਬਰ ਔਲਖ ਅਤੇ ਲੁਧਿਆਣਾ ਤੋਂ ਦੋਵੇਂ ਬੈਂਸ ਭਰਾ ਸਿਰਦਰਦੀ ਬਣੇ। ਕਾਂਗਰਸ ਲਈ ਡੇਰਾਬੱਸੀ ਤੋਂ ਦੀਪਇੰਦਰ ਸਿੰਘ ਢਿੱਲੋਂ, ਫਰੀਦਕੋਟ ਤੋਂ ਉਪਿੰਦਰ ਸ਼ਰਮਾ, ਫਿਰੋਜ਼ਪੁਰ (ਸ਼ਹਿਰ) ਤੋਂ ਰਵਿੰਦਰ ਸਿੰਘ ਬੱਬਲ, ਫਤਹਿਗੜ੍ਹ ਸਾਹਿਬ ਤੋਂ ਡਾ. ਹਰਬੰਸ ਲਾਲ, ਮੁਕਤਸਰ ਤੋਂ ਸਾਬਕਾ ਵਿਧਾਇਕ ਰਘਬੀਰ ਸਿੰਘ ਦਾ ਬਾਗੀ ਹੋ ਕੇ ਅਕਾਲੀ ਦਲ ਦੇ ਉਮੀਦਵਾਰ ਸੰਤ ਸਿੰਘ ਬਰਾੜ ਨਾਲ ਚਲੇ ਜਾਣ ਨਾਲ ਮੁਸੀਬਤ ਵਧੀ ਹੈ। ਇਸੇ ਤਰ੍ਹਾਂ ਜਲਾਲਾਬਾਦ ਤੋਂ ਹੰਸਰਾਜ ਜੋਸਨ ਸਮੇਤ ਕਈ ਹੋਰ ਉਮੀਦਵਾਰ ਵੀ ਮੁਸ਼ਕਲ ਪੇਸ਼ ਕਰ ਰਹੇ ਹਨ।

## ਪਿਤਾ-ਪੁੱਤਰਾਂ ਦਾ ਭਵਿੱਖ ਦਾਅ 'ਤੇ



ਦਿਲਚਸਪ ਗੱਲ ਇਹ ਹੈ ਕਿ ਇਸ ਵਾਰ ਤਿੰਨਾਂ ਪ੍ਰਮੁੱਖ ਦਾਅਵੇਦਾਰਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਪੀ.ਪੀ.ਪੀ ਤਿੰਨਾਂ ਦੇ ਪਿਤਾ-ਪੁੱਤਰ ਮੈਦਾਨ ਵਿਚ ਹਨ। ਪ੍ਰਕਾਸ਼ ਸਿੰਘ ਬਾਦਲ ਲੰਬੀ ਵਿਚ ਜਦੋਂ ਕਿ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਚੋਣ ਲੜ ਰਹੇ ਹਨ। ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਤੋਂ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਸਮਾਣਾ ਤੋਂ ਕਿਸਮਤ ਅਜ਼ਮਾ ਰਹੇ ਹਨ। ਮਨਪ੍ਰੀਤ ਬਾਦਲ ਗਿੱਦੜਬਾਹਾ ਅਤੇ ਮੌੜ ਤੋਂ ਮੈਦਾਨ ਵਿਚ ਹਨ, ਜਦੋਂ ਕਿ ਉਨ੍ਹਾਂ ਦੇ ਪਿਤਾ ਗੁਰਦਾਸ ਬਾਦਲ ਆਪਣੇ ਭਰਾ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ਼ ਲੰਬੀ ਤੋਂ ਉਮੀਦਵਾਰ ਹਨ।

**ਵਿਕਾਸ ਦਾ ਮੁੱਦਾ ਹੈ ਪ੍ਰਮੁੱਖ**

ਕੋਈ ਵੱਡਾ ਮੁੱਦਾ ਉਭਰ ਕੇ ਸਾਹਮਣੇ ਨਹੀਂ ਆਇਆ। ਚੋਣ ਐਲਾਨ ਪੱਤਰ ਤੋਂ ਬਾਅਦ ਵਿਕਾਸ ਦਾ ਮੁੱਦਾ ਸਭ ਤੋਂ ਵੱਡਾ ਨਜ਼ਰ ਆਇਆ ਹੈ। ਹਮੇਸ਼ਾਂ ਪੰਜਾਬ ਦੀ ਰਾਜਨੀਤੀ ਵਿਚ ਪੰਥਕ ਮੁੱਦਾ ਸਭ ਤੋਂ ਵੱਡਾ ਨਜ਼ਰ ਆਇਆ ਹੈ। ਹਮੇਸ਼ਾਂ ਪੰਜਾਬ ਦੀ ਰਾਜਨੀਤੀ ਵਿਚ ਪੰਥਕ ਮੁੱਦਾ ਅਹਿਮ ਰਹਿੰਦਾ ਸੀ, ਪਰ ਇਸ ਵਾਰ ਇਹ ਮੁੱਦਾ ਗਾਇਬ ਹੈ। ਸਾਰਿਆਂ ਨੇ ਚੋਣ ਐਲਾਨ ਪੱਤਰਾਂ ਵਿਚ ਰਿਆਇਤਾਂ ਦੀ ਝੜੀ ਲਗਾ ਦਿੱਤੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਨੇ ਇਹ ਨਹੀਂ ਦੱਸਿਆ ਕਿ ਇੰਨਾ ਪੈਸਾ ਕਿਥੋਂ ਆਵੇਗਾ। ਡੇਰਾ ਸਿਰਸਾ ਦੇ ਪ੍ਰਮੁੱਖ ਰਾਮ ਰਹੀਮ ਸਿੰਘ ਦਾ ਸਮਰਥਨ ਪਾਉਣ ਲਈ ਸਾਰੀਆਂ ਪਾਰਟੀਆਂ ਦੇ ਨੇਤਾ ਡੇਰੇ ਵਿਚ ਕਈ ਵਾਰ ਹਾਜ਼ਰੀ ਲਗਾ ਚੁੱਕੇ ਹਨ। ਵੱਡੇ ਪਰਿਵਾਰਾਂ ਰਸੂਖ ਦਾਅ 'ਤੇ ਲੱਗਾ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਲਈ ਰਣਇੰਦਰ ਨੂੰ ਜਿਤਾਉਣਾ ਆਸਾਨ ਨਹੀਂ ਹੈ, ਉਥੇ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਹੀ ਘਰ ਵਿਚ ਚੁਣੌਤੀ ਮਿਲ ਰਹੀ ਹੈ। ਮਨਪ੍ਰੀਤ ਬਾਦਲ ਨੂੰ ਵੀ ਸਖ਼ਤ ਮੁਕਾਬਲੇ ਕਾਰਨ ਅੱਡੀ ਚੋਟੀ ਦਾ ਜ਼ੋਰ ਲਗਾਉਣਾ ਪੈ ਰਿਹਾ ਹੈ।

**ਜ਼ਿਆਦਾਤਰ ਸੀਟਾਂ 'ਤੇ ਤਿਕੋਣਾ ਮੁਕਾਬਲਾ**

ਮਾਲਵਾ ਖੇਤਰ ਵਿਚ ਪ੍ਰਮੁੱਖ ਲੜਾਈ ਤਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਵਿਚਾਲੇ ਹੈ, ਪਰ ਜ਼ਿਆਦਾਤਰ ਸੀਟਾਂ 'ਤੇ ਸਾਂਝਾ ਮੋਰਚਾ ਦੇ ਚਲਦਿਆਂ ਤਿਕੋਣਾ ਮੁਕਾਬਲਾ ਹੈ। ਲਹਿਰਾ, ਅਮਰਗੜ੍ਹ, ਫਤਹਿਗੜ੍ਹ ਸਾਹਿਬ, ਮੌੜ, ਗਿੱਦੜਬਾਹਾ, ਖੰਨਾ ਆਦਿ ਸੀਟਾਂ 'ਤੇ ਪੀ.ਪੀ.ਪੀ ਦੇ ਉਮੀਦਵਾਰ ਤਕੜੀ ਟੱਕਰ ਦੇ ਰਹੇ ਹਨ।

## ਸਿਆਸੀ ਖੇਡ 'ਚ ਫਸੇ ਵੱਡੇ ਪਰਿਵਾਰ

ਪੰਜਾਬ ਦੀ ਸਿਆਸਤ ਵਿਚ ਤਾਕਤਵਰ ਪਰਿਵਾਰਾਂ ਦਾ ਭਵਿੱਖ ਇਸ ਵਾਰ ਦਾਅ 'ਤੇ ਹੈ। ਇਨ੍ਹਾਂ ਪਰਿਵਾਰਾਂ ਦੇ ਇਕ ਤੋਂ ਜ਼ਿਆਦਾ ਵਿਅਕਤੀ ਚੋਣ ਮੈਦਾਨ ਵਿਚ ਹਨ, ਪਰ ਵਿਧਾਨ ਸਭਾ ਦਾ ਰਾਹ ਇਨ੍ਹਾਂ ਲਈ ਸੌਖਾ ਨਹੀਂ ਹੈ। ਕਿਸੇ ਨੂੰ ਆਪਣੇ, ਕਿਸੇ ਨੂੰ ਆਪਣੇ ਬੇਟੇ ਅਤੇ ਦੂਸਰਿਆਂ ਨੂੰ ਆਪਣੀ ਪਤਨੀ ਲਈ ਭਾਰੀ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਲੰਬੀ ਵਿਚ ਆਪਣੀ ਚੋਣ ਜੀਵਨ ਦੀ ਮੁਸ਼ਕਿਲ ਲੜਾਈ ਲੜ ਰਹੇ ਹਨ। ਮਨਪ੍ਰੀਤ ਬਾਦਲ ਅਤੇ ਉਨ੍ਹਾਂ ਦੇ ਪਿਤਾ ਗੁਰਦਾਸ ਬਾਦਲ ਵੀ ਸਰਦਾਰੀ ਬਚਾਉਣ ਲਈ ਜੂਝ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਬੇਟੇ ਰਣਇੰਦਰ ਸਿੰਘ ਨੂੰ ਲੈ ਕੇ ਜ਼ੋਰ ਲਗਾਉਣਾ ਪਿਆ ਹੈ। ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਲਈ ਵੀ ਰਸਤਾ ਮੁਸ਼ਕਿਲ ਹੈ। ਇਸ ਤੋਂ ਇਲਾਵਾ ਮਾਝੇ ਚ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸੰਸਦ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਮੋਹਿੰਦਰ ਸਿੰਘ ਕੇ.ਪੀ ਨੂੰ ਵੀ ਆਪਣੀ ਪਤਨੀ ਨੂੰ ਜਿਤਾਉਣ ਲਈ ਜ਼ੋਰ ਲਾਉਣਾ ਪਿਆ ਹੈ।

**ਬਾਦਲ ਪਰਿਵਾਰ –**



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਵਿਚ ਬਾਦਲ ਖੁਦ ਲੰਬੀ, ਉਨ੍ਹਾਂ ਦੇ ਬੇਟੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਚੋਣ ਮੈਦਾਨ ਵਿਚ ਹਨ। ਬਾਦਲ ਦੀ ਨੂੰਹ ਸੰਸਦ ਮੈਂਬਰ ਹੈ। ਬਾਦਲ ਲਈ ਲੰਬੀ ਦੀ ਲੜਾਈ ਮੁਸ਼ਕਿਲ ਸਾਬਿਤ ਨਾ ਹੋਵੇ, ਇਸ ਲਈ ਪੂਰੇ ਪਰਿਵਾਰ ਦੀ ਸਰਦਾਰੀ ਦਾਅ 'ਤੇ ਲੱਗੀ ਰਹੀ। ਮੁੱਖ ਮੰਤਰੀ ਨੇ ਕਦੇ ਇੰਨੇ ਦਿਨ ਲੰਬੀ ਨੂੰ ਨਹੀਂ ਦਿੱਤੇ, ਜਿੰਨੇ ਇਸ ਵਾਰ ਦੇਣੇ ਪਏ ਕਿਉਂਕਿ ਉਨ੍ਹਾਂ ਦੇ ਮੁਕਾਬਲੇ ਲੰਬੀ ਵਿਚ ਉਨ੍ਹਾਂ ਦੀ ਚੋਣ ਮੁਹਿੰਮ ਦੇ ਲੰਬੇ ਸਮੇਂ ਤੋਂ ਇੰਚਾਰਜ ਉਨ੍ਹਾਂ ਦੇ ਛੋਟੇ ਭਰਾ ਗੁਰਦਾਸ ਬਾਦਲ ਹਨ। ਬਾਦਲ ਚੌਥੀ ਵਾਰ ਮੁੱਖ ਮੰਤਰੀ ਹਨ। ਦੋ ਵਾਰ ਮੁੱਖ ਮੰਤਰੀ ਉਹ ਲੰਬੀ ਤੋਂ ਜਿੱਤ ਕੇ ਹੀ ਬਣੇ ਹਨ। ਗੁਰਦਾਸ ਬਾਦਲ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਹਨ। ਬਾਦਲ ਇਸ ਨੂੰ ਆਖਰੀ ਚੋਣ ਲੜਾਈ ਕਹਿ ਰਹੇ ਸਨ। ਉਨ੍ਹਾਂ ਦੇ ਮੁਕਾਬਲੇ ਪਹਿਲਾਂ ਹੀ ਚੋਣ ਲੜ ਚੁੱਕੇ ਚਚੇਰੇ ਭਰਾ ਮਹੇਸ਼ਇੰਦਰ ਸਿੰਘ ਬਾਦਲ ਵੀ ਮਜਬੂਤ ਦਾਅਵੇਦਾਰ ਹਨ।

**ਮਨਪ੍ਰੀਤ ਬਾਦਲ–**



ਮਨਪ੍ਰੀਤ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਲੱਗ ਹੋ ਕੇ ਪੀਪਲਜ਼ ਪਾਰਟੀ ਆਫ ਪੰਜਾਬ ਬਣਾਈ। ਕਾਮਰੇਡਾਂ ਨਾਲ ਮਿਲ ਕੇ ਸਾਂਝਾ ਮੋਰਚਾ ਬਣਾ ਕੇ ਸਾਰੇ ਹਲਕਿਆਂ 'ਤੇ ਚੋਣਾਂ ਲੜੀਆਂ। ਮਨਪ੍ਰੀਤ ਖੁਦ ਦੋ ਸੀਟਾਂ ਗਿੱਦੜਬਾਹਾ ਅਤੇ ਮੌੜ ਤੋਂ ਚੋਣ ਮੈਦਾਨ ਵਿਚ ਹਨ। ਮਨਪ੍ਰੀਤ ਨੇ ਬਾਦਲ ਨੂੰ ਲੰਬੀ ਵਿਚ ਹੀ ਘੇਰਨ ਲਈ ਆਪਣੇ ਪਿਤਾ ਗੁਰਦਾਸ ਬਾਦਲ ਨੂੰ ਉਨ੍ਹਾਂ ਦੇ ਸਾਹਮਣੇ ਮੈਦਾਨ ਵਿਚ ਉਤਾਰਿਆ। ਬਾਦਲ ਪਰਿਵਾਰ ਨੇ ਮਨਪ੍ਰੀਤ ਦੇ ਮੁਕਾਬਲੇ ਗਿੱਦੜਬਾਹਾ ਤੋਂ ਤਾਂ ਕਿਸੇ ਨੂੰ ਮੈਦਾਨ ਵਿਚ ਨਹੀਂ ਉਤਾਰਿਆ, ਪਰ ਮਨਪ੍ਰੀਤ ਨੇ ਗਿੱਦੜਬਾਹਾ ਦੇ ਨਾਲ-ਨਾਲ ਇਕ ਹੋਰ ਸੀਟ 'ਤੇ ਦਾਅ ਖੇਡਿਆ ਹੈ ਕਿਉਂਕਿ ਉਹ ਕਿਸੇ ਵੀ ਸੂਰਤ ਵਿਚ ਆਪਣੀ ਸਰਦਾਰੀ ਬਚਾਉਣ ਦੀ ਕੋਸ਼ਿਸ਼ ਵਿਚ ਹਨ। ਉਨ੍ਹਾਂ ਦਾ ਪੂਰਾ ਪਰਿਵਾਰ ਪਤਨੀ ਵੀਨੂ ਬਾਦਲ, ਬੇਟਾਂ ਅਰਜੁਨ, ਆਦਿ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਰਹੇ।

**ਕੈਪਟਨ ਅਮਰਿੰਦਰ ਸਿੰਘ –**



ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਦੀ ਕਿਸ਼ਤੀ ਪਾਰ ਲਗਾਉਣ ਵਾਲੇ ਮੱਲਾਹ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੂੰ ਆਪਣੀ ਸੀਟ ਪਟਿਆਲਾ 'ਤੇ ਭਾਵੇਂ ਹੀ ਜ਼ਿਆਦਾ ਜ਼ੋਰ ਲਗਾਉਣ ਦੀ ਲੋੜ ਨਹੀਂ ਸੀ, ਪਰ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਸਮਾਣਾ ਵਿਚ ਤਕੜੀ ਟੱਕਰ ਵਿਚ ਫਸੇ ਹੋਏ ਹਨ। ਰਣਇੰਦਰ ਦੀ ਮਾਤਾ ਪ੍ਰਨੀਤ ਕੌਰ ਪਟਿਆਲਾ ਤੋਂ ਹੀ ਸੰਸਦ ਮੈਂਬਰ ਅਤੇ ਵਿਦੇਸ਼ ਰਾਜ ਮੰਤਰੀ ਹਨ। ਉਨ੍ਹਾਂ ਨੇ ਰਣਇੰਦਰ ਦੀ ਚੋਣ ਪ੍ਰਚਾਰ ਮੁਹਿੰਮ ਸੰਭਾਲੀ ਰੱਖੀ। ਰਣਇੰਦਰ ਨੇ ਆਪਣੇ ਪਿਤਾ ਦੇ ਨਾਮ 'ਤੇ ਜ਼ਿਆਦਾ ਵੋਟਾਂ ਮੰਗੀਆਂ। ਕਿੰਨਾ ਜ਼ੋਰ ਲਾਉਣਾ ਪਿਆ, ਇਸ ਦਾ ਅਨੁਮਾਨ ਇਸ ਗੱਲ ਤੋਂ ਹੀ ਲੱਗ ਰਿਹਾ ਸੀ ਕਿ ਪ੍ਰਨੀਤ ਕੌਰ ਸਮੇਤ ਸ਼ਾਹੀ ਪਰਿਵਾਰ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਦਰਵਾਜ਼ੇ ਦੇ ਚੱਕਰ ਕੱਟਦੇ ਰਹੇ।

**ਰਾਜਿੰਦਰ ਕੌਰ ਭੱਠਲ–**

ਪੰਜਾਬ ਦੀ ਮੁੱਖ ਮੰਤਰੀ ਰਹੀ ਅਤੇ ਹੁਣ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ 2007 ਦੀਆਂ ਚੋਣਾਂ ਵਿਚ ਵੀ ਸਖ਼ਤ ਟੱਕਰ ਨਾਲ ਚੰਦੂਮਾਜਰਾ ਤੋਂ ਢਾਈ ਸੌ ਵੋਟਾਂ ਨਾਲ ਜਿੱਤੀ ਸੀ। ਇਸ ਵਾਰ ਵੀ ਉਨ੍ਹਾਂ ਨੂੰ ਕਾਮੇਡੀਅਨ ਤੋਂ ਰਾਜਨੀਤੀ ਵਿਚ ਆਏ ਪੀ.ਪੀ.ਪੀ ਦੇ ਭਗਵੰਤ ਮਾਨ ਅਤੇ ਅਕਾਲੀ ਦਲ ਦੇ ਸੁਖਵੰਤ ਸਿੰਘ ਸਰਾਓ ਤੋਂ ਟੱਕਰ ਮਿਲੀ। ਪੀ.ਪੀ.ਪੀ ਨੇ ਤਾਂ ਇਥੋਂ ਤੱਕ ਸ਼ਿਕਾਇਤ ਕੀਤੀ ਕਿ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਨੇ ਅਕਾਲੀ ਪੰਚਾਂ, ਸਰਪੰਚਾਂ ਨੂੰ ਭੱਠਲ ਦਾ ਸਮਰਥਨ ਕਰਨ ਲਈ ਕਿਹਾ। ਹਾਲਾਂਕਿ ਜੇਕਰ ਇਸ ਹਲਕੇ ਦੇ ਲੋਕਾਂ ਦੀ ਮੰਨੀ ਜਾਵੇ ਤਾਂ ਨਤੀਜੇ ਕਾਫੀ ਹੈਰਾਨੀਜਨਕ ਆ ਸਕਦੇ ਹਨ।

**ਪ੍ਰਤਾਪ ਸਿੰਘ ਬਾਜਵਾ–**

ਪ੍ਰਤਾਪ ਸਿੰਘ ਬਾਜਵਾ ਦੇ ਦਿਲ ਵਿਚ ਕਿਤੇ ਮੁੱਖ ਮੰਤਰੀ ਅਹੁਦਾ ਵੀ ਛੁਪਿਆ ਦੱਸਿਆ ਜਾਂਦਾ ਹੈ। ਕਈ ਵਾਰ ਅਜਿਹੀਆਂ ਚਰਚਾਵਾਂ ਚਲਦੀਆਂ ਹਨ। ਉਨ੍ਹਾਂ ਨੇ ਆਪਣੀ ਪਤਨੀ ਚਰਨਜੀਤ ਕੌਰ ਨੂੰ ਕਾਦੀਆਂ ਤੋਂ ਟਿਕਟ ਦਿਵਾਈ । ਕਾਦੀਆਂ ਬਾਜਵਾ ਪਰਿਵਾਰ ਦਾ ਮਜਬੂਤ ਗੜ੍ਹ ਮੰਨਿਆ ਜਾਂਦਾ ਹੈ। ਇਸ ਲਈ ਇਹ ਲੜਾਈ ਉਨ੍ਹਾਂ ਲਈ ਕਾਫੀ ਆਸਾਨ ਮੰਨੀ ਜਾ ਰਹੀ ਸੀ, ਪਰ ਕਾਂਗਰਸ ਦੇ ਬਾਗੀ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਉਨ੍ਹਾਂ ਦੀ ਰਾਹ ਮੁਸ਼ਕਿਲ ਕਰ ਦਿੱਤੀ । ਉਨ੍ਹਾਂ ਨੂੰ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਅਤੇ ਛੋਟੇਪੁਰ ਨਾਲ ਤਿਕੋਣੇ ਮੁਕਾਬਲੇ ਵਿਚ ਜੂਝਣਾ ਪਿਆ।

**ਮਹਿੰਦਰ ਸਿੰਘ ਕੇ.ਪੀ–**

ਕੇ.ਪੀ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਰਹੇ ਹਨ। ਸਾਂਸਦ ਬਣਨ 'ਤੇ ਉਨ੍ਹਾਂ ਨੇ ਆਪਣੀ ਪੁਰਾਣੀ ਵਿਧਾਨ ਸਭਾ ਸੀਟ ਤੋਂ ਆਪਣੀ ਪਤਨੀ ਸੁਮਨ ਕੇ.ਪੀ ਨੂੰ ਮੈਦਾਨ ਵਿਚ ਉਤਾਰਿਆ ਹੈ।

-ਹਮੀਰ ਸਿੰਘ

# ਵਧਦੀ ਬੇਰੁਜ਼ਗਾਰੀ : ਉਦਾਰਵਾਦ ਦਾ ਜ਼ਾਲਮ ਚਿਹਰਾ

ਅਸ਼ੋਕ ਕੁਮਾਰ ਪਾਂਡੇ

ਇਨ੍ਹਾਂ ਸਾਲਾਂ ਵਿਚ ਭੂਮੰਡਲੀ ਵਿਵਸਥਾ ਨਾਲ ਲਗਾਅ ਜਿੰਨਾ ਵਧਦਾ ਜਾ ਰਿਹਾ ਹੈ, ਦੇਸ਼ ਦੀ ਅਰਥਵਿਵਸਥਾ ਉਤੇ ਭੂ-ਮੰਡਲੀ ਆਰਥਿਕ ਸ਼ਕਤੀਆਂ ਦੀ ਅਨਿਸ਼ਚਿਤਤਾਵਾਂ ਪ੍ਰਤੀ ਸਾਡੀ ਅਰਥ ਵਿਵਸਥਾ ਉਨੀ ਹੀ ਸੰਵੇਦਨਸ਼ੀਲ ਹੁੰਦੀ ਜਾ ਰਹੀ ਹੈ। ਹਾਲੀਆ ਮੰਦੀ ਨੇ ਸਾਡੇ ਦੇਸ਼ ਦੀ ਅਰਥਵਿਵਸਥਾ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ ਅਤੇ ਰੁਜ਼ਗਾਰ ਦੀ ਸਥਿਤੀ ਨੂੰ ਵੀ।

ਰੁਜ਼ਗਾਰ-ਬੇਰੁਜ਼ਗਾਰੀ ਉਤੇ ਕਿਰਤ ਬਿਊਰੋ ਦੀ ਅਕਤੂਬਰ-2010 ਵਿਚ ਪੇਸ਼ ਰਿਪੋਰਟ, ਪੂਰਵਕਥਨ-

ਪਿਛਲੇ ਸਾਲ ਅਕਤੂਬਰ ਵਿਚ ਆਈ ਇਸ ਰਿਪੋਰਟ ਵਿਚ ਹੀ ਨਹੀਂ ਬਲਕਿ ਇਸ ਤੋਂ ਪਹਿਲਾਂ ਤੇ ਬਾਅਦ ਵਿਚ ਆਈਆਂ ਬਾਕੀ ਰਿਪੋਰਟਾਂ ਅਤੇ ਅਧਿਐਨਾਂ ਤੋਂ ਇਹ ਤੱਥ ਬਿਲਕੁਲ ਸਾਫ ਹੋ ਗਿਆ ਹੈ ਕਿ ਪਿਛਲੇ ਕਈ ਸਾਲਾਂ ਤੋਂ ਦੇਸ਼ ਵਿਚ ਰੁਜ਼ਗਾਰ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਕ ਤਰ੍ਹਾਂ ਵਿਕਾਸ ਦੇ ਅੰਕੜੇ ਹਨ ਤਾਂ ਦੂਸਰੇ ਪਾਸੇ ਵਧਦੀ ਮਹਿੰਗਾਈ, ਭੁੱਖਮਰੀ ਅਤੇ ਬੇਰੁਜ਼ਗਾਰੀ। ਦੇਖਿਆ ਜਾਵੇ ਤਾਂ ਇਹ ਤਿੰਨੋਂ ਕੋਈ ਵੱਖ-ਵੱਖ ਚੀਜ਼ਾਂ ਨਹੀਂ ਬਲਕਿ ਇਕ ਹੀ ਤੱਥ ਦੇ ਵੱਖ-ਵੱਖ ਵਿਚਾਰ ਹਨ। ਬੇਰੁਜ਼ਗਾਰੀ ਜਾਂ ਫਿਰ ਮਜਦੂਰੀ ਵਾਲੇ ਦੂਸਰੇ ਦਰਜੇ ਦੇ ਅਸੁਰੱਖਿਅਤ ਬੇਰੁਜ਼ਗਾਰ ਪਰਿਵਾਰਾਂ ਦੀ ਕਿਰਤਾ ਸ਼ਕਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ, ਮਹਿੰਗਾਈ ਇਸ ਅੱਗ ਵਿਚ ਹੋਰ ਘਿਓ ਪਾਉਂਦੀ ਹੈ ਅਤੇ ਇਨ੍ਹਾਂ ਸਭ ਦਾ ਨਤੀਜਾ ਹੁੰਦਾ ਹੈ-ਕੁਪੋਸ਼ਣ ਅਤੇ ਅਨਪੜ੍ਹਤਾ। ਇਹ ਚੱਕਰ ਚਲਦਾ ਹੀ ਜਾਂਦਾ ਹੈ ਅਤੇ ਪੀੜ੍ਹੀਆਂ ਦਰ ਪੀੜੀਆਂ ਇਸ ਵਿਚ ਪਿਸਦੀਆਂ ਰਹਿੰਦੀਆਂ ਹਨ।




ਦੇਖਿਆ ਜਾਵੇ ਤਾਂ ਭਾਰਤ ਵਿਚ ਹੀ ਨਹੀਂ ਦੁਨੀਆ ਭਰ ਦੇ ਪੂੰਜੀਵਾਦੀ ਦੇਸ਼ਾਂ ਵਿਚ ਵੱਖਰੇ ਤੌਰ 'ਤੇ ਬੇਰੁਜ਼ਗਾਰ, ਖਾਸ ਤੌਰ 'ਤੇ ਉਚਿਤ ਅਤੇ ਸਨਮਾਨਜਨਕ ਰੁਜ਼ਗਾਰ ਪੈਦਾ ਕਰਨ ਲਈ ਅਲੱਗ ਤੋਂ ਨੀਤੀ ਬਣਾਉਣ ਦੀ ਜਗ੍ਹਾਂ ਸਾਰਾ ਜ਼ੋਰ ਅਜਿਹੀਆਂ ਨੀਤੀਆਂ ਉਤੇ ਰਿਹਾ, ਜਿਨ੍ਹਾਂ ਵਿਚ ਇਹ ਮਾਨਤਾ ਸੀ ਕਿ ਜੇਕਰ ਅਰਥਵਿਵਸਥਾ ਦੀ ਵਿਕਾਸ ਦਰ ਨੂੰ ਵਧਾ ਦਿੱਤਾ ਜਾਵੇ (ਜਿਸ ਦੇ ਲਈ ਨਿਜੀ ਪੂੰਜੀ ਦੇ ਵਿਕਾਸ ਉਤੇ ਜ਼ੋਰ ਦਿੱਤਾ ਗਿਆ) ਤਾਂ ਰੁਜ਼ਗਾਰ ਆਪਣੇ ਆਪ ਪੈਦਾ ਹੋ ਜਾਣਗੇ, ਪਰ ਅਨੁਭਵ ਇਸ ਨੂੰ ਸਹੀ ਸਿੱਧ ਨਹੀਂ ਕਰਦਾ। ਕਾਰਨ ਸਪਸ਼ਟ ਹੈ ਕਿ ਜਿਵੇਂ ਪ੍ਰਸਿੱਧ ਅਮਰੀਕੀ ਵਿਦਵਾਨ ਪ੍ਰੋਫੈਸਰ ਜਾਨ ਕੋਜੀ ਆਪਣੇ ਇਕ ਲੇਖ 'ਦਾ ਟ੍ਰਾਇਮਫ ਆਫ ਕੈਪਿਟਲਿਜ਼ਮ-ਜਾਬਲੇਸ ਨੇਸ਼ਨਜ਼' ਵਿਚ ਕਹਿੰਦੇ ਹਨ, 'ਦਰਅਸਲ, ਵਪਾਰੀਆਂ ਦੀਆਂ ਨੌਕਰੀਆਂ ਪੈਦਾ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਅਮਰੀਕਾ ਵਿਚ 'ਗੋਲਡ ਰਸ਼' ਦੇ ਉਦਾਹਰਣ ਨੂੰ ਦੇਖੀਏ, ਜਦੋਂ ਸੋਨਾ ਲੱਭ ਲਿਆ ਗਿਆ ਤਾਂ ਵਪਾਰੀ ਇਥੇ ਟੁੱਟ ਪਏ ਅਤੇ ਜਦੋਂ ਸਾਰਾ ਸੋਨਾ ਕੱਢ ਲਿਆ ਤਾਂ ਇਥੋਂ ਦੌੜ ਗਏ। ਖਾਨਾਂ ਤੋਂ ਪ੍ਰਾਪਤ ਪੂੰਜੀ ਦੀ ਵਰਤੋਂ ਉਨ੍ਹਾਂ ਨੇ ਉਤਪਾਦਕ ਧੰਦਿਆਂ ਵਿਚ ਨਹੀਂ ਕੀਤੀ ਅਤੇ ਨਾ ਹੀ ਹੁਣ ਬੇਰੁਜ਼ਗਾਰ ਹੋ ਚੁੱਕੇ ਮਜਦੂਰਾਂ ਲਈ ਨਵੇਂ ਰੁਜ਼ਗਾਰ ਪੈਦਾ ਕਰਨ ਵਿਚ। ਪੂੰਜੀਵਾਦੀ ਅਰਥਵਿਵਸਥਾਵਾਂ ਵਿਚ ਪੂੰਜੀ ਖਰਚ ਕਰਨ ਲਈ ਇਕੱਠੀ ਨਹੀਂ ਕੀਤੀ ਜਾਂਦੀ। ਇਹ ਕੇਵਲ ਚਲਦੇ ਰੱਖਣ ਲਈ ਇਕੱਠੀ ਕੀਤੀ ਜਾਂਦੀ ਹੈ, ਕਰਮਚਾਰੀ ਬੱਸ ਇਸੇ ਟੀਚੇ ਦੀ ਪੂਰਤੀ ਦੇ ਸਾਧਨ ਹੁੰਦੇ ਹਨ। ਜੇਕਰ ਹੁਣ ਵੀ ਇਕ ਵਪਾਰ ਬਿਨਾਂ ਕਰਮਚਾਰੀਆਂ ਦੇ ਉਪਯੋਗ ਦੇ ਧਨ-ਸੰਚਾਲਨ ਵਿਚ ਸਮਰਥ ਹੋ ਜਾਂਦਾ ਹੈ, ਉਹ ਅਜਿਹਾ ਹੀ ਕਰਦਾ ਹੈ ਅਤੇ ਇਹੀ ਅੱਜ ਅਮਰੀਕਾ ਵਿਚ ਵੱਡੇ ਪੱਧਰ 'ਤੇ ਹੋ ਰਿਹਾ ਹੈ। ਵਪਾਰੀਆਂ ਨੇ ਬਿਨਾਂ ਕਰਮਚਾਰੀਆਂ ਦੇ ਧਨ-ਸੰਚਾਲਨ ਦੇ ਤਰੀਕੇ ਲੱਭ ਲਏ ਹਨ ਅਤੇ ਸਰਕਾਰ ਨੇ ਅਜਿਹਾ ਕਰਨ ਵਿਚ ਉਨ੍ਹਾਂ ਦੀ ਮਦਦ ਕੀਤੀ ਹੈ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਹੈ।' ਅਜਿਹਾ ਇਕੱਲੇ ਅਮਰੀਕਾ ਵਿਚ ਹੀ ਨਹੀਂ ਹੋਇਆ। ਸਾਰੀ ਦੁਨੀਆਂ ਵਿਚ ਪੂੰਜੀਵਾਦੀ ਦੇਸ਼ਾਂ ਨੇ ਨਿਜੀਕਰਨ ਅਤੇ ਉਦਾਰੀਕਰਨ ਦੇ ਨਾਮ ਉਤੇ ਲਾਗੂ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਕੇ ਆਪਣੇ ਆਰਥਿਕ ਕੰਮਾਂ ਨੂੰ ਕੇਵਲ ਪੂੰਜੀਪਤੀਆਂ ਨੂੰ ਸਹੂਲਤਾਂ ਮੁਹੱਈਆ ਕਰਾਉਣ ਤੱਕ ਸੀਮਤ ਕਰ ਲਿਆ ਹੈ, ਉਸ ਦਾ ਇਹ ਨਤੀਜਾ ਜ਼ਰੂਰੀ ਹੀ ਸੀ। ਹਾਲ ਹੀ ਵਿਚ ਐਨ.ਐਸ.ਐਸ. ਦੁਆਰਾ ਜਾਰੀ ਬੇਰੁਜ਼ਗਾਰੀ ਦੇ ਅੰਕੜਿਆਂ ਅਤੇ ਬਾਰਵੀਂ ਪੰਜ ਸਾਲਾ ਯੋਜਨਾ ਦਾ ਪ੍ਰਸਤਾਵ ਪੱਤਰ ਇਨ੍ਹਾਂ ਹੀ ਨੀਤੀਆਂ ਅਤੇ ਉਨ੍ਹਾਂ ਦੇ ਸੰਭਾਵਿਤ ਨਤੀਜਿਆਂ ਦੀ ਗਵਾਹੀ ਦਿੰਦਾ ਹੈ।

ਬੇਰੁਜ਼ਗਾਰੀ 'ਤੇ ਐਨ.ਐਸ.ਐਸ.ਓ ਹਰ ਪੰਜ ਸਾਲ ਚ ਇਕ ਸਰਵੇ ਕਰਵਾਉਂਦਾ ਹੈ ਅਤੇ ਭਾਰਤ ਵਿਚ ਬੇਰੁਜ਼ਗਾਰੀ ਦੇ ਅੰਕੜਿਆਂ ਲਈ ਇਹੀ ਸਭ ਤੋਂ ਵੱਡਾ ਆਧਾਰ ਹੈ। ਇਸ ਸਬੰਧ ਵਿਚ ਆਖਰੀ ਸਰਵੇ 2009-10 ਵਿਚ ਕਰਵਾਇਆ ਗਿਆ, ਜਿਸ ਦੇ ਮੁਢਲੇ ਅੰਕੜੇ ਪਿਛਲੇ ਮਹੀਨੇ ਜਾਰੀ ਕੀਤੇ ਗਏ। ਇਹ ਅੰਕੜੇ ਨਾ ਕੇਵਲ ਹੈਰਾਨ ਕਰਨ ਵਾਲੇ ਹਨ, ਬਲਕਿ ਚਿੰਤਾ ਪੈਦਾ ਕਰਨ ਵਾਲੇ ਵੀ ਹਨ। ਇਨ੍ਹਾਂ ਅੰਕੜਿਆਂ ਤੋਂ ਜੋ ਪਹਿਲੀ ਚੀਜ਼ ਨਿਕਲ ਕੇ ਆਉਂਦੀ ਹੈ, ਉਹ ਹੈ ਦੇਸ਼ ਦੀ ਕੁੱਲ ਆਮ ਸਥਿਤੀ ਉਤੇ ਆਧਾਰਿਤ ਕਿਰਤ ਸ਼ਕਤੀ (ਲੋਕਾਂ ਦੀ ਉਹ ਗਿਣਤੀ ਜੋ ਜਾਂ ਤਾਂ ਕੰਮ ਕਰ ਰਹੀ ਹੈ ਜਾਂ ਕੰਮ ਦੀ ਭਾਲ ਵਿਚ ਹੈ) ਵਿਚ ਵਾਧਾ। ਸਾਲ 2004-05 ਤੋਂ 2009-10 ਦੇ ਇਸ ਦੌਰ ਵਿਚ ਜਦੋਂ ਦੇਸ਼ ਦੀ ਆਰਥਿਕ ਵਿਕਾਸ ਦਰ 9-10 ਫੀਸਦੀ ਦੇ ਉਚੇ ਪੱਧਰ ਉਤੇ ਰਹੀ ਤਾਂ ਦੇਸ਼ ਦੇ ਅੰਦਰ ਕਿਰਤ ਸ਼ਕਤੀ ਦਾ ਇਹ ਵਾਧਾ ਆਰਥਿਕ ਵਿਕਾਸ ਦੇ ਨਾਲ ਰੁਜ਼ਗਾਰ ਦੇ ਆਪਣੇ-ਆਪ ਵਧਣ ਦੇ ਤਰਕ ਉਤੇ ਸ਼ੁਰੂਆਤੀ ਪ੍ਰਸ਼ਨਚਿੰਨ੍ਹ ਖੜ੍ਹੇ ਕਰਦਾ ਹੈ। ਦੇਖਿਆ ਜਾਵੇ ਤਾਂ ਪੇਂਡੂ ਖੇਤਰਾਂ ਵਿਚ ਤਾਂ ਕਿਰਤ ਸ਼ਕਤੀ ਵਿਚ ਕਮੀ ਆਈ ਹੈ। ਜਿਥੇ 2004-05 ਵਿਚ ਇਸ ਵਿਚ ਸ਼ਾਮਿਲ ਕੁੱਲ ਲੋਕਾਂ ਦੀ ਗਿਣਤੀ 342.90 ਮਿਲੀਅਨ ਸੀ, ਉਥੇ 2009-10 ਵਿਚ ਇਹ ਗਿਣਤੀ ਘਟ ਕੇ 336.40 ਮਿਲੀਅਨ ਹੋ ਗਈ। ਸ਼ਹਿਰਾਂ ਵਿਚ ਇਸ ਵਿਚ ਮਾਮੂਲੀ ਵਾਧਾ ਦੇਖਿਆ ਗਿਆ ਅਤੇ ਇਸ ਸਮੇਂ ਦੌਰਾਨ ਇਹ 115 ਮਿਲੀਅਨ ਤੋਂ ਵਧ ਕੇ 122 ਮਿਲੀਅਨ ਹੋ ਗਈ।

ਇਹੀ ਨਹੀਂ, ਇਸ ਸਮੇਂ ਦੌਰਾਨ ਹਰ ਤਰ੍ਹਾਂ ਦੇ ਰੁਜ਼ਗਾਰ (ਸਵੈਰੁਜ਼ਗਾਰ, ਅੰਸ਼ਕਾਲਿਕ ਰੁਜ਼ਗਾਰ, ਘਰੇਲੂ ਰੁਜ਼ਗਾਰ ਆਦਿ) ਵਿਚ ਵਾਧੇ ਦੀ ਦਰ ਪਿਛਲੇ ਸਮੇਂ ਦੀ ਤੁਲਨਾ ਵਿਚ ਕਾਫੀ ਘੱਟ ਰਹੀ। ਜਿਥੇ 2000- 01 ਤੋਂ 2004-05 ਵਿਚਾਲੇ ਇਹ ਸਾਲਾਨਾ ਵਾਧਾ ਦਰ 2.7 ਫੀਸਦੀ ਸੀ, ਉਥੇ 2004-05 ਤੋਂ 2009-10 ਵਿਚਾਲੇ ਇਹ ਕੇਵਲ 0.82 ਫੀਸਦੀ ਰਹਿ ਗਈ। ਇਥੇ ਇਹ ਵੀ ਦੇਖਣਾ ਅਹਿਮ ਹੋਵੇਗਾ ਕਿ ਕਿਸ ਤਰ੍ਹਾਂ ਦੇ ਰੁਜ਼ਗਾਰਾਂ ਵਿਚ ਵਾਧਾ ਹੋਇਆ। ਸਭ ਤੋਂ ਹੈਰਾਨੀ ਵਾਲਾ ਤੱਥ ਹੈ ਸਵੈਰੁਜ਼ਗਾਰਾਂ ਵਿਚ ਕਮੀ। ਸਾਲ 2005-06 ਤੱਕ ਜਿੱਥੇ ਅਸਥਾਈ ਅਤੇ ਸੀਮਾਂਤ ਮਜਦੂਰਾਂ ਦੇ ਅਨੁਪਾਤ ਵਿਚ ਕਮੀ ਆ ਰਹੀ ਸੀ ਅਤੇ ਸਵੈਰੁਜ਼ਗਾਰਾਂ ਵਿਚ ਵਾਧਾ ਹੋ ਰਿਹਾ ਸੀ, ਉਥੇ 2009-10 ਵਿਚ ਇਹ ਰੁਝਾਨ ਉਲਟਾ ਹੋ ਗਿਆ। ਇਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਔਰਤਾਂ ਦੇ ਸਬੰਧ ਵਿਚ ਦੇਖਿਆ ਗਿਆ ਹੈ, ਜਿਥੇ 2004-05 ਵਿਚ ਕੁੱਲ 63.7 ਫੀਸਦੀ ਪੇਂਡੂ ਅਤੇ 47.7 ਫੀਸਦੀ ਸ਼ਹਿਰੀ ਔਰਤਾਂ ਸਵੈਰੁਜ਼ਗਾਰ ਕਰ ਰਹੀਆਂ ਸਨ, ਉਥੇ 2009-10 ਵਿਚ ਇਹ ਗਿਣਤੀ ਘਟ ਕੇ ਕ੍ਰਮਵਾਰ 55.7 ਫੀਸਦੀ ਅਤੇ 41.1 ਫੀਸਦੀ ਹੀ ਰਹਿ ਗਈ। ਪੁਰਸ਼ਾਂ ਲਈ ਇਹ ਅੰਕੜਾ ਪਿੰਡਾਂ ਵਿਚ 58.1 ਫੀਸਦੀ ਤੋਂ ਘਟ ਕੇ 53.5 ਫੀਸਦੀ ਅਤੇ ਸ਼ਹਿਰਾਂ ਵਿਚ 44.3 ਫੀਸਦੀ ਤੋਂ ਘਟ ਕੇ 41.1 ਫੀਸਦੀ ਰਹਿ ਗਿਆ, ਜਦਕਿ ਇਸ ਦੌਰਾਨ ਅਸਥਾਈ ਪੇਂਡੂ ਪੁਰਸ਼ ਕਿਰਤੀਆਂ ਦਾ ਅਨੁਪਾਤ 32.9 ਫੀਸਦੀ ਤੋਂ ਵਧ ਕੇ 38 ਫੀਸਦੀ ਅਤੇ ਪਿੰਡਾਂ ਲਈ 14.6 ਫੀਸਦੀ ਤੋਂ ਵਧ ਕੇ 17 ਫੀਸਦੀ ਹੋ ਗਿਆ। ਔਰਤਾਂ ਲਈ ਇਹ ਅਨੁਪਾਤ ਕ੍ਰਮਵਾਰ 32.6 ਫੀਸਦੀ ਤੋਂ ਵਧ ਕੇ 39.9 ਫੀਸਦੀ ਅਤੇ 16.7 ਫੀਸਦੀ ਤੋਂ ਵਧ ਕੇ 19.6 ਫੀਸਦੀ ਹੋ ਗਿਆ।

ਇਨ੍ਹਾਂ ਅੰਕੜਿਆਂ ਤੋਂ ਇਹ ਸਪਸ਼ਟ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਛੋਟੇ-ਛੋਟੇ ਕੰਮ-ਧੰਦਿਆਂ ਉਤੇ ਬੁਰਾ ਅਸਰ ਪਿਆ ਹੈ। ਖੋਮਚੇ, ਠੇਲੇ, ਸਬਜ਼ੀ ਦੀਆਂ ਦੁਕਾਨਾਂ ਅਤੇ ਔਰਤਾਂ ਅਤੇ ਪੁਰਸ਼ਾਂ ਦੁਆਰਾ ਬੇਹੱਦ ਘੱਟ ਪੂੰਜੀ ਨਾਲ ਕੀਤੇ ਜਾਣ ਵਾਲੇ ਵਪਾਰ ਵੱਡੀ ਪੂੰਜੀ ਦੇ ਦਬਾਅ ਵਿਚ ਲਾਭਕਾਰੀ ਨਹੀਂ ਹੋਏ ਅਤੇ ਇਨ੍ਹਾਂ ਰਾਹੀਂ ਆਪਣਾ ਪਾਲਣ-ਪੋਸ਼ਣ ਕਰਨ ਵਾਲੇ ਲੋਕ ਹੇਠਲੇ ਪੱਧਰ ਦੀ ਮਜਦੂਰੀ ਵਾਲੇ ਅਸੁਰੱਖਿਅਤ ਅਸਥਾਈ ਕਿਰਤੀ ਬਣਨ ਲਈ ਮਜਬੂਰ ਹੋਏ ਹਨ। ਅਜਿਹਾ ਇਸ ਤੱਥ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਨਿਯਮਿਤ ਤਨਖਾਹ ਵਾਲੇ ਬੇਰੁਜ਼ਗਾਰਾਂ ਵਿਚ ਵੀ ਇਸ ਦੌਰਾਨ ਕੋਈ ਬਹੁਤ ਸਕਾਰਾਤਮਕ ਤਬਦੀਲੀ ਦੇਖਣ ਨੂੰ ਨਹੀਂ ਮਿਲਦੀ। ਸਾਲ 2004-05 ਤੋਂ 2004-09 ਵਿਚਾਲੇ ਇਸ ਖੇਤਰ ਵਿਚ ਬਹੁਤ ਮਾਮੂਲੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸ਼ਹਿਰਾਂ ਵਿਚ ਨਿਯਮਿਤ ਤਨਖਾਹ ਵਾਲੇ ਕਿਰਤੀਆਂ ਦਾ ਅਨੁਪਾਤ ਪੁਰਸ਼ਾਂ ਲਈ 9 ਫੀਸਦੀ ਤੋਂ ਘਟ ਕੇ 8.5 ਫੀਸਦੀ ਹੋ ਗਿਆ ਹੈ ਅਤੇ ਪਿੰਡਾਂ ਵਿਚ 40.6 ਫੀਸਦੀ ਤੋਂ ਮਾਮੂਲੀ ਵਾਧੇ ਦੇ ਨਾਲ 41.9 ਫੀਸਦੀ ਹੋ ਗਿਆ ਹੈ। ਔਰਤਾਂ ਲਈ ਇਹ ਅੰਕੜਾ ਕ੍ਰਮਵਾਰ 3.7 ਫੀਸਦੀ ਤੋਂ ਵਧ ਕੇ 4.4 ਫੀਸਦੀ ਅਤੇ 35.6 ਫੀਸਦੀ ਤੋਂ ਵਧ ਕੇ 39.3 ਫੀਸਦੀ ਹੋਇਆ ਹੈ। ਸਾਫ ਹੈ ਕਿ ਇਹ ਮਾਮੂਲੀ ਤਬਦੀਲੀ ਸਵੈਰੁਜ਼ਗਾਰ ਵਿਚ ਆਈ ਭਾਰੀ ਕਮੀ ਦੀ ਪੂਰਤੀ ਨਹੀਂ ਕਰ ਰਿਹਾ। ਬੇਰੁਜ਼ਗਾਰ ਹੋਏ ਲੋਕਾਂ ਦੀ ਫੌਜ ਦਾ ਵੱਡਾ ਹਿੱਸਾ ਅਸਥਾਈ ਕਿਰਤੀਆਂ ਵਿਚ ਹੀ ਤਬਦੀਲ ਹੋਇਆ ਹੈ। ਕਿਰਤ ਸ਼ਕਤੀ ਵਿਚ ਆਈ ਕਮੀ (ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਗਿਣਤੀ ਵਿਚ ਆਈ ਕਮੀ) ਲਈ ਕੁਝ ਅਰਥਸ਼ਾਸਤਰੀ ਸਿੱਖਿਆ ਵਿਚ ਵਧਦੀ ਹਿੱਸੇਦਾਰੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 15-29 ਉਮਰ ਵਰਗ ਦੇ ਲੋਕ ਹੁਣ ਪਹਿਲਾਂ ਤੋਂ ਕਿਤੇ ਜ਼ਿਆਦਾ ਸਿੱਖਿਆ ਸੰਸਥਾਵਾਂ ਵਿਚ ਹਾਜ਼ਰ ਹਨ ਤਾਂ ਲਾਜ਼ਮੀ ਹੈ ਕਿ ਦੇਸ਼ ਵਿਚ ਕੰਮ ਲਈ ਉਪਲਬਧ ਲੋਕਾਂ ਦੀ ਗਿਣਤੀ ਵਿਚ ਕਮੀ ਆਏ। ਅਜਿਹਾ ਮੰਨਿਆ ਜਾ ਸਕਦਾ ਸੀ, ਪਰ ਇਸ ਹਾਲਤ ਵਿਚ ਦੋ ਚੀਜ਼ਾਂ ਉਤੇ ਧਿਆਨ ਦੇਣਾ ਜ਼ਰੂਰੀ ਹੈ। ਪਹਿਲਾ ਇਹ ਕਿ ਦੇਸ਼ ਵਿਚ ਮੌਜੂਦ ਬੇਰੁਜ਼ਗਾਰਾਂ ਦੀ ਗਿਣਤੀ ਫੌਜ ਦੇ ਇਕ ਹਿੱਸੇ ਨੂੰ ਉਨ੍ਹਾਂ ਦੀ ਥਾਂ ਲੈਣ ਲਈ ਸਾਹਮਣੇ ਆਉਣਾ ਚਾਹੀਦਾ ਸੀ ਅਤੇ ਇਸ ਤਰ੍ਹਾਂ ਸਥਿਰ ਕਿਰਤ ਸ਼ਕਤੀ ਦੇ ਬਰਕਸ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਕਮੀ ਦਿਖਣੀ ਚਾਹੀਦੀ ਸੀ, ਜੋ ਕਿ ਇਨ੍ਹਾਂ ਅੰਕੜਿਆਂ ਤੋਂ ਕਿਤੇ ਪ੍ਰਤੀਤ ਨਹੀਂ ਹੁੰਦੀ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਉਚ ਸਿੱਖਿਆ ਵਿਚ ਸ਼ਾਮਿਲ ਲੋਕਾਂ ਲਈ ਨਵੇਂ ਅਤੇ ਬਿਹਤਰ ਰੁਜ਼ਗਾਰਾਂ ਦੀ ਸਿਰਜਨਾ ਲਾਜ਼ਮੀ ਹੈ, ਜਿਸ ਨਾਲ ਕਿ ਆਪਣੀਆਂ ਸੰਸਥਾਵਾਂ ਤੋਂ ਨਿਕਲਣ ਤੋਂ ਬਾਅਦ ਇਨ੍ਹਾਂ ਲਈ ਉਚਿਤ ਰੁਜ਼ਗਾਰ ਉਪਲਬਧ ਹੋਣ। ਇਥੋਂ ਤੱਕ ਕਿ ਬਾਰ੍ਹਵੀਂ ਪੰਜ ਸਾਲਾ ਯੋਜਨਾ ਦੇ ਪ੍ਰਸਤਾਵ ਪੱਤਰ ਵਿਚ ਵੀ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ। ਇਹ ਪ੍ਰਸਤਾਵ ਪੱਤਰ ਸਵੀਕਾਰ ਕਰਦਾ ਹੈ ਕਿ 'ਵੱਡੀ ਗਿਣਤੀ ਵਿਚ ਪੜ੍ਹੇ-ਲਿਖੇ ਨੌਜਵਾਨ ਬਾਰ੍ਹਵੀਂ ਪੰਜ ਸਾਲਾ ਯੋਜਨਾ ਦੇ ਸਾਲਾਂ ਵਿਚ ਅਤੇ ਉਸ ਤੋਂ ਬਾਅਦ ਵੀ ਕਿਰਤ ਸ਼ਕਤੀ ਵਿਚ ਸ਼ਾਮਿਲ ਹੋਣਗੇ। ਇਸ ਦਾ ਸਿਧਾ ਭਾਵ ਇਹ ਹੈ ਕਿ ਰੁਜ਼ਗਾਰ/ਰੋਜ਼ੀ-ਰੋਟੀ ਕਮਾਉਣ ਦੇ ਮੌਕਿਆਂ ਨੂੰ ਬਹੁਤ ਤੇਜ਼ੀ ਨਾਲ ਵਧਾਉਣਾ ਹੋਵੇਗਾ, ਪਰ ਨਾ ਇਸ ਰਿਪੋਰਟ ਦੇ ਅੰਕੜੇ ਅਤੇ ਨਾ ਹੀ ਇਸ ਪ੍ਰਸਤਾਵ ਪੱਤਰ ਦੇ ਮਤੇ ਇਸ ਚਿੰਤਾ ਪ੍ਰਤੀ ਕਿਸੇ ਅਸਲ ਗੰਭੀਰਤਾ ਦਾ ਪਤਾ ਦਿੰਦੇ ਹਨ।

ਇਸ ਚਿੰਤਾ ਦੇ ਮੱਦੇਨਜ਼ਰ ਇਹ ਹੋਣਾ ਚਾਹੀਦਾ ਸੀ ਕਿ ਨਿਰਮਾਣ ਖੇਤਰ ਅਤੇ ਸੇਵਾ ਖੇਤਰ ਵਿਚ ਰੁਜ਼ਗਾਰ ਦਾ ਵਾਧਾ ਹੁੰਦਾ, ਪਰ ਐਨ.ਐਸ.ਐਸ ਦੇ ਅੰਕੜੇ ਇਸ ਦੇ ਉਲਟ ਕਹਿੰਦੇ ਹਨ। ਨਿਰਮਾਣ ਖੇਤਰ ਵਿਚ ਤਾਂ ਰੁਜ਼ਗਾਰ ਵਧਣ ਦੀ ਜਗ੍ਹਾਂ ਘਟ ਕੇ 8.1 ਫੀਸਦੀ ਤੋਂ 7.2 ਫੀਸਦੀ (ਪੇਂਡੂ ਖੇਤਰਾਂ ਵਿਚ) ਅਤੇ 24.6 ਫੀਸਦੀ ਤੋਂ ਘਟ 24.3 ਫੀਸਦੀ (ਸ਼ਹਿਰਾਂ ਵਿਚ) ਰਹਿ ਗਿਆ ਹੈ। ਹੋਰ ਖੇਤਰਾਂ ਵਿਚ ਵੀ ਕੋਈ ਜ਼ਿਕਰਯੋਗ ਵਾਧਾ ਨਹੀਂ ਦਿਖਾਈ ਦਿੰਦਾ, ਜਿਸ ਇਕਲੌਤੇ ਖੇਤਰ ਵਿਚ ਵਾਧਾ ਹੋਇਆ ਹੈ ਉਹ ਹੈ ਨਿਰਮਾਣ ਖੇਤਰ, ਜਿਸ ਦੀ ਕੁਲ ਰੁਜ਼ਗਾਰ ਵਿਚ ਹਿੱਸੇਦਾਰੀ ਸ਼ਹਿਰਾਂ ਵਿਚ 8. ਤੋਂ 10.2 ਫੀਸਦੀ ਅਤੇ ਪਿੰਡਾਂ ਵਿਚ 4.9 ਤੋਂ 9.4 ਫੀਸਦੀ ਹੋ ਗਈ ਹੈ। ਪਿੰਡਾਂ ਵਿਚ ਇਸ ਦਾ ਸਭ ਤੋਂ ਵੱਡਾ ਕਾਰਕ ਨਰੇਗਾ ਹੈ ਅਤੇ ਸ਼ਹਿਰਾਂ ਵਿਚ ਰਿਅਲ ਸੈਕਟਰ ਦਾ ਵਿਕਾਸ। ਜ਼ਾਹਿਰ ਹੈ ਕਿ ਦੋਨਾਂ ਥਾਵਾਂ ਉਤੇ ਉਚ ਸਿੱਖਿਆ ਪ੍ਰਾਪਤ ਨੌਜਵਾਨਾਂ ਲਈ ਰੁਜ਼ਗਾਰ ਦੀ ਕੋਈ ਵੱਡੀ ਗਿਣਤੀ ਨਹੀਂ ਦਿਖਾਈ ਦਿੰਦੀ।

ਉਂਝ ਐਨ.ਐਸ.ਐਸ ਅਤੇ ਸਰਕਾਰਾਂ ਨੇ ਇਸ ਦਾ ਇਕ ਕਾਰਨ ਸਰਵੇ ਦੇ ਸਮੇਂ ਨੂੰ ਮੰਦੀ ਦੇ ਕਾਰਨ ਇਕ ਅਸਮਾਨ ਸਮਾਂ ਦੱਸਿਆ ਹੈ। ਇਹੀ ਕਾਰਨ ਹੈ ਕਿ ਇਸ ਸਰਵੇ ਦੇ ਇਕ ਸਾਲ ਬਾਅਦ ਹੀ ਫਿਰ ਤੋਂ ਬੇਰੁਜ਼ਗਾਰੀ ਦਾ ਸਰਵੇ ਕਰਵਾਇਆ ਜਾ ਰਿਹਾ ਹੈ। ਜ਼ਾਹਿਰ ਹੈ ਕਿ ਮੰਦੀ ਦੇ ਕਾਰਨ ਅੰਕੜਿਆਂ ਉਤੇ ਕੁਝ ਫਰਕ ਤਾਂ ਜ਼ਰੂਰ ਪਿਆ ਹੋਵੇਗਾ। ਕੌਮਾਂਤਰੀ ਮਜਦੂਰ ਸੰਗਠਨ (ਆਈ.ਐਲ.ਓ) ਨੇ ਆਪਣੀ ਇਕ ਰਿਪੋਰਟ ਵਿਚ ਦਸੰਬਰ 2007 ਤੋਂ 2009 ਵਿਚਾਲੇ ਦੁਨੀਆਂ ਭਰ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਵਿਚ 198 ਤੋਂ 230 ਮਿਲੀਅਨ ਵਿਚਾਲੇ ਵਾਧੇ ਦਾ ਖਦਸ਼ਾ ਪ੍ਰਗਟਾਈ ਸੀ। ਭਾਰਤ ਵਿਚ ਕਿਰਤ ਬਿਊਰੋ ਦੁਆਰਾ ਅਕਤੂਬਰ ਤੋਂ ਦਸੰਬਰ 2008 ਵਿਚਾਲੇ 2581 ਉਦਯੋਗਿਕ ਇਕਾਈਆਂ ਲਈ ਕਰਵਾਏ ਇਕ ਸਰਵੇ ਦੇ ਨਤੀਜੇ ਵੀ ਇਸ ਦੌਰਾਨ 0.5 ਮਿਲੀਅਨ ਮਜਦੂਰਾਂ ਦੀ ਬੇਰੁਜ਼ਗਾਰੀ ਦੀ ਪੁਸ਼ਟੀ ਕਰਦੇ ਹਨ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
780-469-2677 FAX : 780-469-2026

KAPIL SHARMA

ਸੰਭਵ ਹੈ ਕਿ ਇਸ ਦਾ ਅਸਰ ਇਨ੍ਹਾਂ ਅੰਕੜਿਆਂ ਉਤੇ ਪਿਆ ਹੋਵੇ, ਪਰ ਉਹ ਕਿੰਨਾ ਹੈ, ਇਸ ਦਾ ਪਤਾ ਤਾਂ ਇਸ ਸਾਲ ਦੇ ਸਰਵੇ ਦੇ ਨਤੀਜਿਆਂ ਦੇ ਸਾਹਮਣੇ ਆਉਣ ਉਤੇ ਹੀ ਚੱਲੇਗਾ। ਹਾਲੇ ਤਾਂ ਹਾਲਤ ਇਹ ਹੈ ਕਿ ਮੰਦੀ ਦਾ ਭੂਤ ਅਮਰੀਕਾ ਤੋਂ ਲੈ ਕੇ ਹਿੰਦੋਸਤਾਨ ਤੱਕ ਫਿਰ ਤੋਂ ਮੰਡਰਾਉਣ ਲੱਗਿਆ ਹੈ। ਇਥੇ ਸਵਾਲ ਇਹ ਵੀ ਹੈ ਕਿ ਮੰਦੀ ਇਸੇ ਪੂੰਜੀਵਾਦੀ ਵਿਕਾਸ ਨੀਤੀ ਦੀ ਸੰਭਾਵਿਕ ਉਪਜ ਹੈ ਤਾਂ ਫਿਰ ਉਸ ਦੇ ਪ੍ਰਭਾਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਅੰਕੜਿਆਂ ਵਿਚ ਵਾਧਾ ਦਿਖਾਉਣਾ ਵੀ ਕਿੰਨਾ ਨਿਆਂਸੰਗਤ ਹੋਵੇਗਾ? ਕੀ ਇਹ ਦਾਅਵੇ ਦੇ ਨਾਲ ਕਿਹਾ ਜਾ ਸਕਦਾ ਹੈ ਕਿ ਭਵਿੱਖ ਵਿਚ ਕੋਈ ਮੰਦੀ ਨਹੀਂ ਆਵੇਗੀ? ਜਦੋਂ ਮੰਦੀ ਅਤੇ ਉਛਾਲ ਇਸ ਵਿਕਾਸ ਦੇ ਸੰਭਾਵਿਕ ਹਿੱਸੇ ਹਨ ਤਾਂ ਬਿਹਤਰ ਇਹੀ ਹੋਵੇਗਾ ਕਿ ਉਨ੍ਹਾਂ ਦੇ ਸਮੁੱਚੇ ਪ੍ਰਭਾਵਾਂ ਦੇ ਨਾਲ ਸਾਹਮਣੇ ਆਏ ਤੱਥਾਂ ਉਤੇ ਹੀ ਵਿਚਾਰ ਕੀਤਾ ਜਾਵੇ। ਸਾਫ ਹੈ ਕਿ ਮੰਦੀ ਦੇ ਬਹਾਨੇ ਰੁਜ਼ਗਾਰ ਪੈਦਾ ਕਰਨ ਦੀ ਅਸਫ਼ਲਤਾ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਰ ਇਸ ਤੋਂ ਵੀ ਚਿੰਤਾਜਨਕ ਗੱਲ ਇਹ ਹੈ ਕਿ ਯੋਜਨਾ ਕਮਿਸ਼ਨ ਦਾ ਪ੍ਰਸਤਾਵ ਪੱਤਰ ਇਸ ਤੋਂ ਸਬਕ ਲੈਣ ਨੂੰ ਤਿਆਰ ਨਹੀਂ ਹੈ। ਆਪਣੀਆਂ ਸ਼ੁਰੂਆਤੀ ਚਿੰਤਾਵਾਂ ਦੇ ਬਾਵਜੂਦ ਇਸ ਦਸਤਾਵੇਜ਼ ਵਿਚ ਰੁਜ਼ਗਾਰ ਵਿਚ ਵਾਧੇ ਲਈ ਕੋਈ ਰਣਨੀਤੀ ਐਲਾਨ ਨਹੀਂ ਕੀਤੀ ਗਈ ਹੈ। ਹਾਲਤ ਇਹ ਹੈ ਕਿ ਰੁਜ਼ਗਾਰ ਲਈ ਇਸ ਵਿਚ ਕੋਈ ਵਖੱਰਾ ਅਧਿਆਏ ਵੀ ਨਹੀਂ ਰੱਖਿਆ ਗਿਆ ਹੈ। ਸਾਫ਼ ਹੈ ਕਿ ਹੁਣ ਤੱਕ ਉਲਟ ਅਨੁਭਵਾਂ ਦੇ ਬਾਵਜੂਦ ਸਾਡੇ ਨੀਤੀ-ਨਿਰਮਾਤਾ ਇਹੀ ਮੰਨ ਰਹੇ ਹਨ ਕਿ ਕੁਲ ਘਰੇਲੂ ਉਤਪਾਦਨ ਦੀ ਵਿਕਾਸ ਦਰ ਵਧਣ ਨਾਲ ਰੁਜ਼ਗਾਰ ਆਪਣੇ ਆਪ ਵਧ ਜਾਵੇਗਾ। ਤਦ ਤਾਂ ਨਿਰਮਾਣ ਖੇਤਰ ਵਿਚ ਕੁਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿਚ ਭਾਰੀ ਵਾਧੇ ਦੇ ਬਰਕਸ ਨਕਾਰਾਤਮਕ ਵਾਧੇ ਦੇ ਬਾਵਜੂਦ ਇਹ ਦਿਖਾਇਆ ਜਾ ਰਿਹਾ ਹੈ ਕਿ 'ਨਿਰਮਾਣ ਖੇਤਰ ਵਿਚ ਰੁਜ਼ਗਾਰ ਪੈਦਾ ਕਰਨ ਦੀ ਦਰ ਇਸ ਗਤੀ ਨਾਲ ਵਧਾਈ ਜਾਣੀ ਚਾਹੀਦੀ ਹੈ ਕਿ ਸਾਲ 2025 ਵਿਚ ਇਸ ਖੇਤਰ ਵਿਚ 100 ਮਿਲੀਅਨ ਹੋਰ ਨੌਕਰੀਆਂ ਪੈਦਾ ਹੋਣ।' ਹੁਣ ਜੇਕਰ 2004-05 ਤੋਂ 2009-10 ਵਿਚਾਲੇ ਨਿਰਮਾਣ ਖੇਤਰ ਵਿਚ 8 ਫੀਸਦੀ ਵਿਕਾਸ ਦੇ ਬਾਵਜੂਦ ਇਸ ਖੇਤਰ ਵਿਚ ਰੁਜ਼ਗਾਰ ਵਿਚ ਕਮੀ ਆਈ ਤਾਂ ਬਿਨਾਂ ਕਿਸੇ ਹੋਰ ਕੋਸ਼ਿਸ਼ ਦੇ ਆਉਂਦੇ ਸਾਲਾਂ ਵਿਚ ਇਹ ਵਾਧੂ ਨੌਕਰੀਆਂ ਕਿਵੇਂ ਪੈਦਾ ਕੀਤੀਆਂ ਜਾਣਗੀਆਂ, ਇਸ ਦਾ ਸਹਿਜ ਅਨੁਮਾਨ ਲਗਾਇਆ ਜਾ ਸਕਦਾ ਹੈ।

ਜ਼ਾਹਿਰ ਹੈ ਕਿ ਨੇੜ ਭਵਿੱਖ ਵਿਚ ਬੇਰੁਜ਼ਗਾਰੀ ਦੀ ਇਸ ਡਰਾਉਣੀ ਸਮੱਸਿਆ ਨਾਲ ਨਜਿੱਠਣ ਦੀ ਨਾ ਤਾਂ ਕੋਈ ਤਿਆਰੀ ਦਿਖਾਈ ਦਿੰਦੀ ਹੈ ਅਤੇ ਨਾ ਹੀ ਕੋਈ ਸਹੀ ਇੱਛਾ ਸ਼ਕਤੀ। ਦੁਨੀਆਂ ਭਰ ਵਿਚ ਵਿਕਾਸ ਦਰ ਅਤੇ ਬੇਰੁਜ਼ਗਾਰੀ ਦੇ ਇਕੱਠੇ ਵਧਣ ਦੀਆਂ ਬਾਕੀ ਉਦਾਹਰਣਾਂ ਦੇ ਬਾਵਜੂਦ ਸਰਕਾਰਾਂ ਇਸ ਤੋਂ ਕੋਈ ਸਬਕ ਲੈਣ ਲਈ ਤਿਆਰ ਨਹੀਂ ਹਨ। ਇਸ ਦਾ ਮਾੜਾ ਨਤੀਜਾ ਸਾਰੀ ਦੁਨੀਆਂ ਦੇ ਸਾਹਮਣੇ ਆ ਰਿਹਾ ਹੈ। ਵਿਸ਼ਵ ਦੀ ਸਭ ਤੋਂ ਵੱਡੀ ਆਰਥਿਕ ਤਾਕਤ ਹੋਣ ਦਾ ਦਾਅਵਾ ਕਰਨ ਵਾਲਾ ਅਮਰੀਕਾ ਇਸ ਸਮੇਂ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਰੁਜ਼ਗਾਰ ਸਮੱਸਿਆ ਨਾਲ ਜੂਝ ਰਿਹਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਦੀ ਲੋਕਪ੍ਰਿਯਤਾ ਗਿਰਾਵਟ ਵਿਚ ਜਾ ਰਹੀ ਹੈ ਅਤੇ ਪੂੰਜੀਵਾਦ ਦੇ ਸੰਕਟਮੋਚਕ ਪਾਲ ਕਰੂਗਮੈਨ ਦੇ ਕੋਲ ਵੀ ਓਬਾਮਾ ਦੀ ਰੁਜ਼ਗਾਰ ਯੋਜਨਾ ਉਤੇ ਹੈਰਾਨੀ ਅਤੇ ਉਸ ਤੋਂ ਉਮੀਦ ਕਰਨ ਤੋਂ ਇਲਾਕਾ ਕੋਈ ਚਾਰਾ ਨਜ਼ਰ ਨਹੀਂ ਆ ਰਿਹਾ। ਬ੍ਰਿਟੇਨ ਵਿਚ 'ਦਾ ਗਾਰਜੀਅਨ' ਵਿਚ ਛਪੀ ਇਕ ਰਿਪੋਰਟ ਅਨੁਸਾਰ ਬੇਰੁਜ਼ਗਾਰਾਂ ਦੀ ਗਿਦਤੀ 2.51 ਮਿਲੀਅਨ ਨੂੰ ਪਾਰ ਕਰ ਚੁੱਕੀ ਹੈ ਅਤੇ ਇਸ ਵਿਚ ਸਭ ਤੋਂ ਵੱਡੀ ਗਿਣਤੀ 9,72,000 ਨੌਜਵਾਨ ਬੇਰੁਜ਼ਗਾਰਾਂ ਦੀ ਹੈ। ਸਪੇਨ ਵਿਚ 2007 ਤੋਂ 2011 ਵਿਚਾਲੇ ਬੇਰੁਜ਼ਗਾਰਾਂ ਦੀ ਦਰ 8 ਫੀਸਦੀ ਤੋਂ ਵਧ ਕੇ 21.2 ਫੀਸਦੀ ਹੋ ਗਈ ਹੈ ਅਤੇ 46.2 ਫੀਸਦੀ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲ ਪਾ ਰਹੀ ਹੈ। ਪਿਛਲੇ ਪੰਜ ਸਾਲਾਂ ਵਿਚ ਸਪੇਨ ਸਹਿਤ ਸਾਰੇ ਓ.ਈ.ਸੀ.ਡੀ (ਆਰਗੇਨਾਈਜੇਸ਼ਨ ਫਾਰ ਇਕੌਨਮਿਕ ਕੋਆਪ੍ਰੇਸ਼ਨ ਐਂਡ ਡਿਵੈਲਪਮੈਂਟ) ਦੇ ਰਈਸ ਸਮਝੇ ਜਾਣ ਵਾਲੇ ਬਾਕੀ ਦੇਸ਼ਾਂ (ਜਿਨ੍ਹਾਂ ਵਿਚ ਗ੍ਰੀਸ, ਆਇਰਲੈਂਡ, ਇਟਲੀ, ਫਰਾਂਸ, ਅਮਰੀਕਾ, ਪੁਰਤਗਾਲ, ਬ੍ਰਿਟੇਨ, ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਦੇਸ਼ ਸ਼ਾਮਿਲ ਹਨ) ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਵਿਚ ਭਾਰੀ ਵਾਧਾ ਹੋਇਆ ਹੈ। ਯੂਰਪੀ ਯੂਨੀਅਨ ਵਿਚ 25 ਸਾਲ ਤੋਂ ਘੱਟ ਉਮਰ ਦੇ 20 ਫੀਸਦੀ ਨੌਜਵਾਨ ਬੇਰੁਜ਼ਗਾਰ ਹਨ। ਹਾਲਤ ਇਹ ਹੈ ਕਿ ਓਬਾਮਾ ਦੇ ਐਲਾਨਾਂ ਦੇ ਬਾਵਜੂਦ ਅਮਰੀਕਾ ਵਿਚ ਬੇਰੁਜ਼ਗਾਰੀ ਭੱਤੇ ਲਈ ਬਿਨੈਕਾਰਾਂ ਦੀ ਗਿਣਤੀ ਲਗਤਾਰ ਵਧਦੀ ਜਾ ਰਹੀ ਹੈ। 15 ਸਤੰਬਰ ਨੂੰ ਅਖ਼ਬਾਰਾਂ ਵਿਚ ਛਪੀ ਖ਼ਬਰ ਅਨੁਸਾਰ ਸਤੰਬਰ ਦੇ ਪਹਿਲੇ ਹਫ਼ਤੇ ਵਿਚ 4 ਲੱਖ 28 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਉਥੇ ਬੇਰੁਜ਼ਗਾਰੀ ਭੱਤੇ ਲਈ ਅਰਜੀਆਂ ਦਿੱਤੀਆਂ। ਇਥੇ ਇਹ ਦੱਸ ਦੇਣਾ ਵੀ ਯੋਗ ਹੋਵੇਗਾ ਕਿ ਅਮਰੀਕੀ ਸੰਸਦ ਵਿਚ ਰਿਪਬਲਿਕਨ ਪਾਰਟੀ ਨੇ ਓਬਾਮਾ ਦੀ ਰੁਜ਼ਗਾਰ ਯੋਜਨਾ ਦਾ ਵਿਰੋਧ ਇਸ ਆਧਾਰ ਉਤੇ ਕੀਤਾ ਹੈ ਕਿ ਇਸ ਲਈ ਅਮੀਰਾਂ ਉਤੇ ਜੋ ਟੈਕਸੇਸ਼ਨ ਹੋਵੇਗਾ, ਉਸ ਨਾਲ ਆਰਥਿਕ ਵਾਧਾ ਪ੍ਰਭਾਵਿਤ ਹੋਵੇਗਾ। ਇਸ ਦੀ ਤੁਲਨਾ ਤੁਸੀਂ ਭਾਰਤੀ ਪੂੰਜੀਪਤੀਆਂ ਦੀ ਸੰਸਥਾ ਫਿੱਕੀ ਦੀਆਂ ਉਨ੍ਹਾਂ ਪ੍ਰਤੀਕਿਰਿਆਵਾਂ ਜਾਂ ਫਿਰ ਸੁਪਰੀਮ ਕੋਰਟ ਦੇ ਅਨਾਜ ਵੰਡ ਦੇਣ ਦੇ ਪ੍ਰਸਤਾਵ ਉਤੇ ਪ੍ਰਧਾਨ ਮੰਤਰੀ ਦੀ ਪ੍ਰਤੀਕਿਰਿਆ ਨਾਲ ਕਰ ਸਕਦੇ ਹੋ। ਅਜਿਹੇ ਵਿਚ ਬੇਰੁਜ਼ਗਾਰਾਂ ਵਿਚ ਕਮੀ ਲਈ ਵੱਖਰੇ ਤੌਰ 'ਤੇ ਕੋਈ ਨੀਤੀ ਬਣਾਉਣ ਦੀ ਜਗ੍ਹਾਂ ਵਿਕਾਸ ਦੇ ਸਹਾਰੇ ਰੁਜ਼ਗਾਰ ਪੈਦਾ ਕਰਨ ਦੇ ਤਰਕ ਮਜ਼ਾਕੀਆ ਹੀ ਨਹੀਂ, ਜ਼ਾਲਮ ਵੀ ਲਗਦੇ ਹਨ।

ਜ਼ਾਹਿਰ ਹੈ ਕਿ ਮੰਦੀ ਦੇ ਸਮਾਪਤੀ ਦੇ ਐਲਾਨਾਂ ਦੇ ਬਾਵਜੂਦ ਪੂੰਜੀਵਾਦੀ ਵਿਸ਼ਵ ਦਾ ਸੰਕਟ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਕਦੇ ਉਹ ਕਰਜ਼ਾ ਸੰਕਟ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ ਤਾਂ ਕਦੇ ਬੇਰੁਜ਼ਗਾਰੀ ਦੇ ਰੂਪ ਵਿਚ। ਦੁਨੀਆ ਪਰ ਵਿਚ ਸ਼ਾਸਕਾਂ ਦੇ ਖ਼ਿਲਾਫ਼ ਜਿਹੜਾ ਗੁੱਸਾ ਫੁਟਦਾ ਦਿਖਾਈ ਦੇ ਰਿਹਾ ਹੈ, ਉਸ ਦੀਆਂ ਜੜ੍ਹਾਂ ਵੀ ਇਨ੍ਹਾਂ ਸੰਕਟਾਂ ਦੀਆਂ ਜੜ੍ਹਾਂ ਵਿਚ ਹਨ, ਪਰ ਪੂੰਜੀਵਾਦੀ ਸਤਾਵਾਂ ਪੂੰਜੀਪਤੀਆਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਕਰਨ ਜਾਂ ਉਦਾਰੀਕਰਨ ਦੀਆਂ ਨੀਤੀਆਂ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ। ਬਦਲਾਂ ਦੀ ਅਣਹੋਂਦ ਨੇ ਹਾਲੇ ਪੂੰਜੀਵਾਦ ਦੇ ਸਾਹਮਣੇ ਕੋਈ ਸੰਕਟ ਤਾਂ ਨਹੀਂ ਖੜ੍ਹਾ ਕੀਤਾ ਹੈ, ਪਰ ਜਿਸ ਤਰ੍ਹਾਂ ਦਾ ਭਵਿੱਖ ਸਾਹਮਣੇ ਦਿਖਾਈ ਦੇ ਰਿਹਾ ਹੈ, ਉਸ ਵਿਚ ਅਸੰਭਵ ਕੁਝ ਵੀ ਨਹੀਂ ਹੈ।

# ਨਾਮਕਰਨ ਦੀ ਰਾਜਨੀਤੀ

**ਪ੍ਰੀਤੀਸ਼ ਨੰਦੀ**

ਮਮਤਾ ਬੈਨਰਜੀ ਨੇ ਇੰਦਰਾ ਭਵਨ ਦਾ ਨਾਮ ਬਦਲ ਦਿੱਤਾ ਤਾਂ ਵੱਡਾ ਹੰਗਾਮਾ ਮਚ ਗਿਆ। ਇਹ ਭਵਨ ਕਦੇ ਜਯੋਤੀ ਬਸੂ ਦਾ ਅਧਿਕਾਰਿਕ ਨਿਵਾਸ ਹੋਇਆ ਕਰਦਾ ਸੀ। ਮਮਤਾ ਨੇ ਹੁਣ ਇਸ ਦਾ ਨਾਮ ਇੰਦਰਾ ਭਵਨ ਦੇ ਸਥਾਨ 'ਤੇ ਨਜਰੂਲ ਭਵਨ ਕਰ ਦਿੱਤਾ ਹੈ ਅਤੇ ਉਹ ਇਥੇ ਕਵੀ ਨਜਰੂਲ ਇਸਲਾਮ ਦੀ ਯਾਦ ਵਿਚ ਇਕ ਮਿਊਜ਼ੀਅਮ ਖੋਲ੍ਹਣਾ ਚਾਹੁੰਦੀ ਹੈ।

ਭਵਨਾਂ, ਸੜਕਾਂ ਅਤੇ ਸੰਸਥਾਵਾਂ ਦੇ ਨਾਮਕਰਨ ਅਤੇ ਨਾਮ ਤਬਦੀਲੀ ਦੀ ਰਾਜਨੀਤੀ ਭਾਰਤ ਵਿਚ ਕਾਫੀ ਸਮੇਂ ਤੋਂ ਹੋ ਰਹੀ ਹੈ। ਮੁੰਬਈ ਨੂੰ ਹੀ ਲਿਆ ਜਾਵੇ ਤਾਂ ਅੱਜ ਇਸ ਸ਼ਹਿਰ ਵਿਚ ਅਜਿਹੀਆਂ ਕਈ ਸੜਕਾਂ ਅਤੇ ਚੌਰਾਹੇ ਹਨ, ਜਿਨ੍ਹਾਂ ਦੇ ਨਾਮ ਬਦਲੇ ਜਾ ਚੁੱਕੇ ਹਨ। ਮੈਂ ਸ਼ਰਤ ਲਗਾ ਕੇ ਕਹਿ ਸਕਦਾ ਹਾਂ ਕਿ ਇਕ ਫੀਸਦੀ ਤੋਂ ਵੀ ਘੱਟ ਮੁੰਬਈ ਵਾਸੀ ਉਨ੍ਹਾਂ ਮਹਾਨ ਵਿਅਕਤੀਆਂ ਨੂੰ ਜਾਣਦੇ ਹੋਣਗੇ, ਜਿਨ੍ਹਾਂ ਦੇ ਨਾਮ ਉਤੇ 90 ਫੀਸਦੀ ਸੜਕਾਂ ਅਤੇ ਚੌਰਾਹਿਆਂ ਦਾ ਨਾਮਕਰਨ ਕੀਤਾ ਗਿਆ ਹੈ।

ਪਰ ਇਹ ਕੋਈ ਨਹੀਂ ਜਾਣਦਾ ਕਿ ਆਖਿਰ ਨਾਮ ਕਿਉਂ ਬਦਲਿਆ ਜਾਂਦਾ ਹੈ। ਜੇਕਰ ਸੁਣੀਆਂ-ਸੁਣਾਈਆਂ ਗੱਲਾਂ ਉਤੇ ਯਕੀਨ ਕੀਤਾ ਜਾਵੇ ਤਾਂ ਇਹ ਸੱਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜੇਕਰ ਤੁਹਾਡੇ ਕੋਲ ਪੈਸਾ ਹੈ ਅਤੇ ਜੇਕਰ ਤੁਹਾਡੇ ਕਿਸੇ ਕਾਰਪੋਰੇਟਰ ਨਾਲ ਚੰਗੇ ਸਬੰਧ ਹਨ ਤਾਂ ਤੁਸੀਂ ਕਿਸੇ ਵੀ ਸੜਕ ਜਾਂ ਚੌਕ ਦਾ ਨਾਮਕਰਨ ਆਪਣੇ ਬਾਪ-ਦਾਦਾ ਦੇ ਨਾਮ ਉਤੇ ਕਰਵਾ ਸਕਦੇ ਹੋ, ਫਿਰ ਭਾਵੇਂ ਹੀ ਉਨ੍ਹਾਂ ਨੇ ਕਿਸੇ ਅਪਰਾਧ ਵਿਚ ਜੇਲ੍ਹ ਦੀ ਸਜ਼ਾ ਹੀ ਕਿਉਂ ਨਾ ਕੱਟੀ ਹੋਵੇ। ਹਾਲ ਹੀ ਵਿਚ ਖ਼ਬਰ ਆਈ ਸੀ ਕਿ ਦਿੱਲੀ ਦੇ ਮਸ਼ਹੂਰ ਚਾਂਦਨੀ ਚੌਂਕ ਨੂੰ ਹੁਣ ਤੇਂਦੂਲਕਰ ਚੌਂਕ ਕਹਿ ਕੇ ਬੁਲਾਇਆ ਜਾਵੇਗਾ। ਸਚਿਨ ਤੇਂਦੂਲਕਰ ਦੇ ਹਾਲੀਆ ਔਸਤ ਪ੍ਰਦਰਸ਼ਨ ਦੇ ਬਾਵਜੂਦ ਮੇਰੇ ਮਨ ਵਿਚ ਉਨ੍ਹਾਂ ਪ੍ਰਤੀ ਕੋਈ ਨਕਾਰਾਤਮਕ ਵਿਚਾਰ ਨਹੀਂ ਹੈ, ਪਰ ਅਸੀਂ ਆਪਣੇ ਇਤਿਹਾਸ ਦੀ ਸਮੁੱਚੀ ਵਿਰਾਸਤ ਨੂੰ ਕਿਉਂ ਗਵਾਈਏ? ਅਸੀਂ ਉਨ੍ਹਾਂ ਯਾਦਾਂ ਨੂੰ ਕਿਉਂ ਗਵਾ ਦੇਈਏ, ਜਿਨ੍ਹਾਂ ਨੇ ਚਾਂਦਨੀ ਚੌਂਕ ਦਾ ਇਹ ਨਾਮ ਆਪਣੇ ਅੰਦਰ ਸਮੇਟਿਆ ਹੋਇਆ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਇਤਿਹਾਸ ਦਾ ਪੁਨਰਲੇਖਨ ਕਰਨ ਦੀ ਸਾਡੀ ਬੇਸਮਝ ਪ੍ਰਵਿਰਤੀ ਦਾ ਇਕ ਹੋਰ ਤ੍ਰਾਸਦੀ ਭਰਿਆ ਪੁਸ਼ਟੀਕਰਨ ਹੋਵੇਗਾ। ਇਹ ਠੀਕ ਉਂਝ ਹੀ ਹੋਵੇਗਾ, ਜਿਵੇਂ ਮੁੰਬਈ ਵਿਚ ਉਨ੍ਹਾਂ ਸੁੰਦਰ ਮੂਰਤੀਆਂ ਨੂੰ ਹਟਾ ਦਿੱਤਾ ਗਿਆ ਹੈ, ਜਿਨ੍ਹਾਂ ਕਰਕੇ ਕਾਲਾ ਘੋੜਾ ਨਾਮਕ ਸਥਾਨ ਨੂੰ ਇਹ ਨਾਮ ਮਿਲਿਆ ਸੀ। ਇਹ ਮੂਰਤੀਆਂ ਉਪਨਿਵੇਸ਼ਕ ਸ਼ਾਸਕ ਦੀ ਯਾਦਗਾਰ ਨਹੀਂ ਸਨ, ਉਹ ਉਸ ਮਹਾਨ ਕਲਾ ਦਾ ਨਮੂਨਾ ਸਨ, ਜੋ ਪਹਿਲਾਂ ਸਾਡੇ ਚੌਰਾਹਿਆਂ ਦੀ ਸਜਾਵਟ ਹੋਇਆ ਕਰਦੀਆਂ ਸਨ। ਹੁਣ ਅਸੀਂ ਉਨ੍ਹਾਂ ਦੇ ਸਥਾਨ ਉਤੇ ਨੇਤਾਵਾਂ ਦੀਆਂ ਮੂਰਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ, ਜਿਨ੍ਹਾਂ ਵਿਚ ਕੋਈ ਕਲਾਤਮਕ ਸੁੰਦਰਤਾ ਨਹੀਂ ਹੈ।

ਕਿਸੇ ਵੀ ਸੜਕ ਦੇ ਨਾਮ ਬਦਲਣ ਦਾ ਇਹ ਮਕਸਦ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਨੂੰ ਜ਼ਿਆਦਾ ਆਸਾਨੀ ਨਾਲ ਖੋਜ ਸਕੀਏ, ਇਹ ਨਹੀਂ ਕਿ ਉਹ ਸਾਨੂੰ ਇਹ ਦੱਸੇ ਕਿ ਸਾਨੂੰ ਕਿਹੜੇ ਵਿਅਕਤੀਆਂ ਦਾ ਸਨਮਾਨ ਕਰਨਾ ਚਾਹੀਦਾ ਹੈ। ਇਤਿਹਾਸ ਦੀਆਂ ਕਿਤਾਬਾਂ ਆਮ ਤੌਰ 'ਤੇ ਅਜਿਹਾ ਹੀ ਕਰਦੀਆਂ ਹਨ। ਮਹਾਤਮਾ ਗਾਂਧੀ ਰੋਡ ਹਮੇਸ਼ਾਂ ਐਮ.ਜੀ ਰੋਡ ਬਣ ਜਾਂਦਾ ਹੈ। ਸਵਾਮੀ ਵਿਵੇਕਾਨੰਦ ਰੋਡ ਹਮੇਸ਼ਾਂ ਐਸ.ਵੀ ਰੋਡ ਬਣ ਜਾਂਦਾ ਹੈ। ਬਹੁਤ ਸਾਰੇ ਲੋਕ ਇਨ੍ਹਾਂ ਸੜਕਾਂ ਦਾ ਪੂਰਾ ਨਾਮ ਵੀ ਨਹੀਂ ਜਾਣਦੇ। ਇੰਟਰਨੈਟ ਉਤੇ ਪੂਰੀ ਸੂਚੀ ਉਪਲਬਧ ਹੈ ਕਿ ਅੱਜ 7500 ਤੋਂ ਜ਼ਿਆਦਾ ਸੜਕਾਂ, ਸੰਸਥਾਵਾਂ ਅਤੇ ਸ਼ਾਸਕੀ ਯੋਜਨਾਵਾਂ ਅਜਿਹੀਆਂ ਹਨ, ਜਿਨ੍ਹਾਂ ਦਾ ਨਾਮ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਜਾਂ ਰਾਜੀਵ ਗਾਂਧੀ ਦੇ ਨਾਮ ਉਤੇ ਰੱਖਿਆ ਗਿਆ ਹੈ, ਪਰ ਕੀ ਅਸਲ ਵਿਚ ਅਸੀਂ ਇਨ੍ਹਾਂ ਵਿਅਕਤੀਆਂ ਨੂੰ ਇਨ੍ਹਾਂ ਸੰਸਥਾਵਾਂ ਅਤੇ ਸੜਕਾਂ ਦੇ ਕਾਰਨ ਹੀ ਯਾਦ ਰੱਖਦੇ ਹਾਂ? ਮਾਇਆਵਤੀ ਨੇ ਪੂਰੇ ਉਤਰ ਪ੍ਰਦੇਸ਼ ਵਿਚ ਆਪਣੀਆਂ, ਕਾਂਸ਼ੀਰਾਮ ਅਤੇ ਬਾਬਾ ਸਾਹਿਬ ਅੰਬੇਦਕਰ ਦੀਆਂ ਅਣਗਿਣਤ ਮੂਰਤੀਆਂ ਲਗਵਾ ਦਿੱਤੀਆਂ, ਪਰ ਕੀ ਇਸ ਨਾਲ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਸਥਾਈ ਮੁਕਾਮ ਮਿਲ ਸਕੇਗਾ?




ਸਾਰੇ ਸਭਿਅਕ ਰਾਸ਼ਟਰ ਆਪਣੇ ਇਤਿਹਾਸ ਨੂੰ ਸੰਭਾਲ ਕੇ ਰੱਖਦੇ ਹਨ, ਪਰ ਉਸ ਦਾ ਇਸ ਤਰ੍ਹਾਂ ਪੁਨਰਲੇਖਨ ਕਰਨ ਦੀ ਕੋਸ਼ਿਸ਼ ਕਿਉਂ ਕੀਤੀ ਜਾਵੇ? ਅਸਲ ਵਿਚ ਸਾਨੂੰ ਆਪਣੇ ਇਤਿਹਾਸ ਨਾਲ ਛੇੜਖਾਨੀ ਕਰਨ ਦੀ ਬਜਾਏ ਆਪਣੇ ਲਈ ਇਕ ਬਿਹਤਰ ਭਵਿਖ ਦੇ ਨਿਰਮਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਡੇ ਸਾਰਿਆਂ ਦੇ ਆਪਣੇ-ਆਪਣੇ ਨਾਇਕ ਹਨ। ਮੈਂ ਫੌਜ ਦੇ ਕਿਸੇ ਅਜਿਹੇ ਜਵਾਨ ਨੂੰ ਯਾਦ ਰੱਖਣਾ ਚਾਹੁੰਦਾ ਹਾਂ, ਜਿਸ ਨੇ ਕਾਰਗਿਲ ਵਿਚ ਸਾਡੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਆਪਣੀ ਜਾਨ ਗਵਾ ਦਿੱਤੀ ਜਾਂ ਮੈਂ ਕਿਸੇ ਅਜਿਹੇ ਅਣਜਾਣ ਫਾਰੈਸਟ ਰੇਂਜਰ ਦੀ ਯਾਦ ਨੂੰ ਸੰਭਾਲ ਕੇ ਰੱਖਣਾ ਚਾਹੁੰਦਾ ਹਾਂ, ਜਿਸ ਨੂੰ ਕੁਝ ਲੋਕਾਂ ਨੇ ਇਸ ਲਈ ਗੋਲੀ ਨਾਲ ਮਾਰ ਦਿੱਤੀ ਸੀ ਕਿਉਂਕਿ ਉਸ ਨੇ ਜੰਗਲੀ ਜੀਵਨ ਨੂੰ ਤਬਾਹ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ ਜਾਂ ਮੈਂ ਕਿਸੇ ਅਜਿਹੇ ਪੇਂਡੂ ਨੂੰ ਯਾਦ ਕਰਨਾ ਚਾਹੁੰਦਾ ਹਾਂ, ਜਿਸ ਨੂੰ ਇਸ ਲਈ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਸ ਨੇ ਪਿੰਡ ਦੇ ਕਿਸੇ ਦਲਿਤ ਪਰਿਵਾਰ ਦੇ ਅਧਿਕਾਰਾਂ ਦੀ ਗੱਲ ਕੀਤੀ ਸੀ। ਮੇਰੇ ਨਾਇਕਾਂ ਦੀ ਸੂਚੀ ਵਿਚ ਉਹ ਨੌਜਵਾਨ ਐਮ.ਬੀ.ਏ ਸ਼ਾਮਿਲ ਹੋਵੇਗਾ, ਜਿਸ ਨੇ ਵਿਦੇਸ਼ ਵਿਚ ਆਪਣਾ ਕੈਰੀਅਰ ਬਣਾਉਣ ਦੀ ਥਾਂ ਆਪਣੇ ਦੇਸ਼ ਪਰਤ ਕੇ ਪਿੰਡ ਵਾਸੀਆਂ ਦੀ ਸਹਾਇਤਾ ਕੀਤੀ। ਜਾਂ ਉਹ ਲੋਕ ਮੇਰੇ ਨਾਇਕ ਹੋਣਗੇ, ਜੋ ਕਿਸੇ ਫਿਰਕੂ ਦੰਗੇ ਜਾਂ ਜਾਗੀਗਤ ਸੰਘਰਸ਼ਾਂ ਵਿਚ ਇਨਸਾਨੀਅਤ ਦੇ ਪੱਖ ਵਿਚ ਉਠ ਖੜ੍ਹੇ ਹੋਏ ਹੋਣ ਅਤੇ ਆਪਣੀ ਜਾਨ ਗਵਾ ਦਿੱਤੀ ਹੋਵੇ। ਸਾਡੇ ਸਾਰਿਆਂ ਦੇ ਆਪਣੇ-ਆਪਣੇ ਨਾਇਕ ਹੁੰਦੇ ਹਨ। ਸਰਕਾਰ ਸਾਡੇ ਉਤੇ ਆਪਣੇ ਨਾਇਕ ਨਹੀਂ ਥੋਪ ਸਕਦੀ।

ਸਾਨੂੰ ਕਿਸੇ ਵੀ ਵਿਅਕਤੀ ਨੂੰ ਯਾਦ ਰੱਖਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਤਿਹਾਸ ਦਾ ਲੇਖਨ ਸਰਕਾਰੀ ਫਰਮਾਨ ਉਤੇ ਨਹੀਂ ਕੀਤਾ ਜਾ ਸਕਦਾ। ਦਿੱਲੀ ਵਿਚ ਕਿੰਨੇ ਲੋਕ ਜਾਣਦੇ ਹਨ ਕਿ ਜੋਸਿਪ ਬ੍ਰੋਜ ਟਿਟੋ ਕੌਣ ਸਨ? ਦਿੱਲੀ ਦੀਆਂ ਸਭ ਤੋਂ ਬਿਹਤਰੀਨ ਸੜਕਾਂ ਵਿਚੋਂ ਇਕ ਦਾ ਨਾਮਕਰਨ ਉਨ੍ਹਾਂ ਦੇ ਨਾਮ ਨਾਲ ਕਿਉਂ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਉਨ੍ਹਾਂ ਦੇ ਖੁਦ ਦੇ ਲੋਕ ਉਨ੍ਹਾਂ ਨੂੰ ਭੁਲਾ ਚੁੱਕੇ ਹਨ ਅਤੇ ਉਹ ਜਿਸ ਦੇਸ਼ ਦੇ ਸਰਪਰਸਤ ਸਨ, ਉਨ੍ਹਾਂ ਦਾ ਨਾਮੋ-ਨਿਸ਼ਾਨ ਵੀ ਨਕਸ਼ੇ ਤੋਂ ਮਿਟ ਚੁੱਕਾ ਹੈ। ਜਾਂ ਫਿਰ ਜਨਤਕ ਦਫਤਰਾਂ ਵਿਚ ਸਾਡੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਕਿਉਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ? ਆਖਿਰ ਅਸੀਂ ਇਕ ਲੋਕਤੰਤ੍ਰਿਕ ਦੇਸ਼ ਵਿਚ ਰਹਿ ਰਹੇ ਹਾਂ। ਸਾਨੂੰ ਅਜਿਹੇ ਨਾਇਕਾਂ ਦੀ ਲੋੜ ਨਹੀਂ ਹੈ, ਜਿਨ੍ਹਾਂ ਨੂੰ ਸਾਡੇ ਉਤੇ ਥੋਪਿਆ ਜਾਵੇ। ਅਸੀਂ ਆਪਣੇ ਨਾਇਕਾਂ ਦੀ ਖੁਦ ਚੋਣ ਕਰਨ ਦੇ ਸਮਰਥ ਹਾਂ।


Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA · empowered by AXIOM MORTGAGE PARTNERS · AMBA · BBB ACCREDITED BUSINESS · think MORTGAGE think AMP™


Krishna(KK)Gupta, AMP
"Experienced, Knowledgeable, Committed"
Serving the Community Since 1999

# ਮੀਡੀਆ ਤੰਤਰ ਅਤੇ ਸਰਕਾਰੀ ਤੰਤਰ ਦੀ ਭਾਈਵਾਲੀ

ਦਵਿੰਦਰ ਸਿੰਘ

ਲਾਤੀਨੀ ਭਾਸ਼ਾ ਦੇ ਸ਼ਬਦ 'ਮੀਡੀਆ' ਦੇ ਅਰਥ ਪਹਿਲਾਂ ਚਾਹੇ ਕੁਝ ਵੀ ਹੋਣ, ਪਰ ਹੁਣ ਇਸ ਵਿਚ ਬਹੁਤ ਕੁਝ ਸ਼ਾਮਿਲ ਹੋ ਚੁੱਕਾ ਹੈ। ਇਸ ਦੇ ਰੂਪਾਕਾਰ ਵੀ ਬਹੁਭਾਂਤੀ ਹੋ ਗਏ ਹਨ। ਸਮੁੱਚੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਇੰਟਰਨੈਟ ਵੀ ਸ਼ਾਮਿਲ ਹੈ। ਪਰ ਇਸ ਦੀ ਭੂਮਿਕਾ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਇਸ ਦੀ ਭੂਮਿਕਾ 'ਮੱਧ ਵਿਚਕਾਰ' ਤੋਂ ਨਿਕਲ ਕੇ ਇਕ ਪਾਸੜ ਹੋ ਕੇ ਰਹਿ ਗਈ ਹੈ। ਲੋਕਾਂ ਦੀ ਗੱਲ ਕਰਨ ਨਾਲੋਂ ਇਹ ਸਰਕਾਰਾਂ ਦੇ ਰਾਜਨੀਤਿਕ ਅੰਗ ਲਈ ਵਿਸ਼ੇਸ਼ ਰੋਲ ਦਾ ਧਾਰਨੀ ਬਣ ਗਿਆ ਹੈ।

ਮੀਡੀਆ ਨੇ ਸਮਾਜਿਕ, ਆਰਥਿਕ, ਸਭਿਆਚਾਰਕ, ਧਾਰਮਿਕ, ਵਿਗਿਆਨਕ ਅਤੇ ਹੋਰ ਖੇਤਰਾਂ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਸਾਂਝ ਪਾਠਕਾਂ ਤੇ ਲੋਕਾਂ ਨਾਲ ਪੁਆਉਣੀ ਹੁੰਦੀ ਹੈ ਜਾਂ ਇਨ੍ਹਾਂ ਗਤੀਵਿਧੀਆਂ ਜਾਂ ਵਰਤਾਰਿਆਂ ਦੇ ਅੰਦਰੂਨੀ ਤੇ ਬਾਹਰੀ ਕਾਰਨਾਂ ਨੂੰ ਲੋਕਾਂ ਸਾਹਮਣੇ ਲਿਆਉਣਾ ਹੁੰਦਾ ਹੈ। ਹੋ ਸਕਦਾ ਹੈ ਮੀਡੀਆ ਦੇ ਸ਼ੁਰੂਆਤੀ ਦਿਨਾਂ ਵਿਚ ਇਸ ਦਾ ਸੁਭਾਅ ਅਤੇ ਕਾਰਜ ਲੋਕ ਮੁਖਤਾ ਵੱਲ ਰਿਹਾ ਹੋਵੇ, ਅਵਾਮ ਦੀ ਆਵਾਜ਼ ਬਣਨਾ ਹੋਵੇ। ਪਰ ਅਜੋਕੇ ਦੌਰ ਵਿਚ ਇਸ ਦੇ ਉਦੇਸ਼ ਤੇ ਕਾਰਜ ਵਿਹਾਰ ਮੂਲੋਂ ਹੀ ਬਦਲ ਚੁੱਕੇ ਹਨ।

ਅੱਜ ਸਮੇਂ ਦੀ ਲੋੜ ਹੈ ਕਿ ਮੀਡੀਆ ਦੇ ਰੋਲ ਅਤੇ ਕੰਮਾਂ-ਕਾਰਾਂ ਦੇ ਢੰਗ ਦੀ ਪੁਣਛਾਣ ਕਰੀਏ। ਮੀਡੀਆ ਹੁਣ ਰਾਜਨੀਤਿਕ ਆਗੂਆਂ, ਸਰਕਾਰਾਂ, ਕੁਲੀਨ ਵਰਗਾਂ ਤੇ ਇਨ੍ਹਾਂ ਦੇ ਸਰਮਾਏਦਾਰ ਘਰਾਣਿਆਂ ਤੇ ਅਦਾਰਿਆਂ ਦੇ ਵਿਚਾਰਾਂ ਦਾ ਝੰਡਾ ਬਰਦਾਰ ਬਣ ਚੁੱਕਿਆ ਹੈ। ਇਸ ਵਿਸ਼ਵੀਕਰਨ ਦੇ ਦੌਰ ਵਿਚ ਮੀਡੀਆ ਸਰਵਉਚ ਸ਼ਕਤੀ ਬਣ ਕੇ ਉਭਰਿਆ ਹੈ ਜਾਂ ਕਹੋ ਕਿ ਇਹ ਸਰਕਾਰਾਂ ਦੇ ਕੰਮਾਂ ਵਿਚ ਵਿਚ ਸਿੱਧਾ ਹਿੱਸੇਦਾਰ ਹੈ। ਚਾਹੇ ਮੀਡੀਆ ਨੇ ਸਧਾਰਨ ਆਦਮੀ ਨੂੰ 'ਵਿਸ਼ਵ ਪਿੰਡ' ਨਾਲ ਜੋੜਿਆ ਹੈ ਤੇ ਇਸ ਨਾਲ ਮੀਡੀਆ ਦੀ ਪਹੁੰਚ ਵਧੀ ਹੈ, ਜੋ ਸਾਡੀਆਂ ਸੱਭਿਆਚਾਰਕ ਧਾਰਨਾਵਾਂ ਤੇ ਸਮਾਜਿਕ ਵਰਤਾਰਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ।

ਇਸ ਪਹੁੰਚ ਦੀ ਕੋਈ ਹੱਦਬੰਦੀ ਨਿਸ਼ਚਿਤ ਨਹੀਂ ਹੈ। ਇਲੈਕਟ੍ਰੋਨਿਕ ਮੀਡੀਆ ਵਿਚ ਟੀ.ਆਰ.ਪੀ ਦੇ ਵਾਧੇ ਲਈ ਸਭ ਹੱਦ-ਬੰਨੇ ਟੱਪੇ ਜਾਂਦੇ ਹਨ। ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਪੇਸ਼ ਕਰਨਾ ਮੀਡੀਆ ਦਾ ਦੁਰਾਚਾਰ ਹੈ। ਪ੍ਰਿੰਟ ਮੀਡੀਆ ਵੀ ਇਸ ਤੋਂ ਬਚਿਆ ਨਹੀਂ ਹੈ। ਮੀਡੀਆ ਵਿਚ ਸਨਸਨੀਖੇਜ਼ ਖ਼ਬਰਾਂ ਲਈ ਕਿਹੜੀਆਂ ਚਾਲਾਂ ਚਲੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਜੇ ਜਾਣੀਏ ਤਾਂ ਉਹ ਹੋਰ ਵੀ ਸਨਸਨੀਖੇਜ਼ ਹੋਣਗੀਆਂ। ਖ਼ਬਰਾਂ ਨੂੰ ਮਸਾਲਾ ਲਾ ਕੇ ਲੋਕਾਂ ਵਿਚ ਸਨਸਨੀ ਫੈਲਾ ਕੇ ਆਪਣੀ ਵਿੱਕਰੀ ਵਧਾਈ ਜਾਂਦੀ ਹੈ। ਲੋਕਾਂ ਨੂੰ ਆਕ੍ਰਸ਼ਿਤ ਕਰਨ ਲਈ ਝੂਠੀਆਂ ਖ਼ਬਰਾਂ ਫੈਲਾਈਆਂ ਜਾਂਦੀਆਂ ਹਨ। ਇਹ ਸਾਰਾ ਕੁਝ ਨਿੱਜੀ ਮੁਨਾਫ਼ੇ ਲਈ ਹੁੰਦਾ ਹੈ। ਇਸ ਦੇ ਇਵਜ਼ ਵਜੋਂ ਸਿਆਸਤ ਤੇ ਸਰਮਾਏਦਾਰੀ ਦੀ ਬੋਲੀ ਦੀ ਪ੍ਰੋੜ੍ਹਤਾ ਕੀਤੀ ਜਾਂਦੀ ਹੈ। ਫਲਸਰੂਪ ਮੀਡੀਆ, ਸਰਮਾਏਦਾਰਾਂ, ਸਰਕਾਰਾਂ ਅਤੇ ਸਮੁੱਚੇ ਸਰਕਾਰੀ ਤੰਤਰ ਦਾ ਗਠਜੋੜ ਹੋ ਜਾਂਦਾ ਹੈ। ਇਸ ਲਈ ਮੀਡੀਆ ਤੇ ਸਰਕਾਰਾਂ ਦੇ ਹਿੱਤ ਸਾਂਝੇ ਹੋ ਜਾਂਦੇ ਹਨ। ਰਾਜਨੀਤਿਕ ਸ਼ਬਦ ਆਪਣੇ ਸੰਕਲਪਿਕ ਸ਼ਬਦ ਅਦੇ ਅਰਥ ਤੱਕ ਹੀ ਸੀਮਤ ਨਹੀਂ ਰਿਹਾ। ਬਲਕਿ ਵਿਹਾਰ ਵਿਚ ਇਹਦੇ ਵਿਚ ਬਹੁਤ ਕੁਝ ਸ਼ਾਮਿਲ ਹੋਇਆ ਹੈ। ਮੀਡੀਆ ਨੂੰ ਜਮਹੂਰੀਅਤ ਦਾ ਇਕ ਅਹਿਮ ਅੰਗ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਪਰ ਅਸਲੀਅਤ ਵਿਚ ਇਹ ਅੰਗ 'ਵਿੱਥ' ਰੱਖਦਾ ਹੋਇਆ ਖੁਦ ਹੀ ਰਾਜਨੀਤੀ ਕਰਦਾ ਹੈ, ਜਿਸ ਵਿਚ ਕੂਟਨੀਤੀ ਜ਼ਿਆਦਾ ਸ਼ਾਮਿਲ ਹੁੰਦੀ ਹੈ। ਮਸਲਨ ਪੂੰਜੀਵਾਦੀ ਸੋਚ ਦਾ ਪ੍ਰਾਪੇਗੰਡਾ ਕਰਨ ਵਾਲੇ ਇਕ 'ਹਿਸਟਰੀ ਚੈਨਲ' ਨੇ ਦੁਨੀਆ ਦੇ ਵੱਡੇ ਕ੍ਰਾਂਤੀਕਾਰੀ 'ਚੀ ਗੁਵੇਰਾ' ਨੂੰ ਇਕ ਆਲਮੀ ਅੱਤਵਾਦੀ ਵਜੋਂ ਪੇਸ਼ ਕੀਤਾ ਸੀ। ਇਸ ਤਰ੍ਹਾਂ ਮਾਈਕਲ ਮੂਰ ਦੀ ਫਿਲਮ 'ਸਿੱਕੋ' ਦਾ ਅੰਤ ਇਕ ਅਮਰੀਕੀ ਚੈਨਲ ਨੇ ਸੰਪਾਦਤ ਕਰਕੇ ਆਪਣੇ ਵੱਲੋਂ ਬਣਾਇਆ 'ਅੰਤ' ਇਸ ਵਿਚ ਜੋੜ ਦਿੱਤਾ ਸੀ। ਸੋ ਕਿਸੇ ਵੀ ਦੇਸ਼ ਵਿਚ ਜਦੋਂ ਕਿਸੇ ਸੱਚਾਈ ਨੂੰ ਸਰਕਾਰ ਨਹੀਂ ਦਬਾ ਰਹੀ ਹੁੰਦੀ, ਜਿਵੇਂ ਜੂਲੀਅਨ ਅਸਾਂਜ ਦੇ ਕੇਸ ਵਿਚ ਹੋਇਆ, ਤਾਂ ਇਸ ਨੂੰ ਮੀਡੀਆ ਵੱਲੋਂ ਦਬਾ ਦਿੱਤਾ ਜਾਂਦਾ ਹੈ।

ਸੋ ਇਥੇ ਸਰਕਾਰਾਂ ਦੇ ਨਾਲ-ਨਾਲ ਮੀਡੀਆ ਵੀ ਲੋਕਾਂ ਲਈ ਮੁਸੀਬਤ ਤੇ ਜਾਲ-ਸਾਜ਼ ਹੈ। ਭਾਰਤ ਦੀ ਸਥਿਤੀ ਵਿਚ ਦੇਖੀਏ ਤਾਂ ਪੂੰਜੀਵਾਦੀ ਅਰਥਚਾਰੇ ਵਿਚ ਜਮਹੂਰੀਅਤ ਇਕ ਭੁਲੇਖੇ ਤੋਂ ਵੱਧ ਕੁਝ ਵੀ ਨਹੀਂ, ਕਿਉਂਕਿ ਜਮਹੂਰੀਅਤ ਦੀਆਂ ਸਭ ਤੋਂ ਵੱਡੀਆਂ ਤਾਕਤਾਂ ਵਿਚ ਇਕ ਮੀਡੀਆ ਹੈ ਤੇ ਪੂੰਜੀਵਾਦੀ ਸੰਸਾਰ ਵਿਚ ਮੀਡੀਆ ਨਿੱਜੀ ਹੱਥਾਂ ਵਿਚ ਹੁੰਦਾ ਹੈ। ਸੋ ਅਕਸਰ ਇਸ ਵੱਲੋਂ ਜਿਸ ਵਿਚਾਰ ਜਾਂ ਜੀਵਨ ਢੰਗ ਦਾ ਪ੍ਰਾਪੇਗੰਡਾ ਕੀਤਾ ਜਾਂਦਾ ਹੈ, ਉਹ ਸਰਕਾਰ ਪੱਖੀ ਜਾਂ ਮੀਡੀਆ ਦੀ ਹਾਲਤ (ਆਰਥਿਕ/ਸਿਆਸੀ) ਠੀਕ ਰੱਖਣ ਲਈ ਹੁੰਦਾ ਹੈ। ਭਾਵੇਂ ਭਾਰਤੀ ਲੋਕ ਇਹ ਸੋਚਦੇ ਹਨ ਕਿ ਉਹ ਇਕ ਮਹਾਨ ਲੋਕਤੰਤਰ ਵਿਚ ਰਹਿ ਰਹੇ ਹਨ, ਪਰ ਅਸਲ ਵਿਚ ਉਨ੍ਹਾਂ ਦੀ ਸੋਚ, ਵਿਚਾਰਾਂ, ਅਵਚੇਤਨ ਨੂੰ ਸਰਕਾਰਾਂ ਤੇ ਸਰਮਾਏਦਾਰਾਂ ਦੇ ਲਾਭ, ਹਿੱਤਾਂ ਮੁਤਾਬਿਕ ਢਾਲਿਆ ਜਾਂਦਾ ਹੈ।

ਸਰਕਾਰਾਂ ਤੇ ਵਪਾਰਕ ਘਰਾਣੇ ਲੋਕਾਂ ਨੂੰ 'ਕੂੜਾਦਾਨ' ਸਮਝਦੇ ਹਨ ਕਿਉਂਕਿ ਉਹ ਮੀਡੀਆ ਦੇ ਸਾਂਝ ਖ਼ਿਆਲੀ ਨਾਲ ਲੋਕਾਂ ਨੂੰ ਆਪਣੀ ਕੂੜ ਸੋਚ/ਵਿਚਾਰ ਪੇਸ਼ ਕਰਾਉਂਦੇ ਹਨ। ਆਮ ਲੋਕਾਂ ਨੂੰ ਉਸ ਵਿਚਾਰ ਵਿਚ ਕੂੜ ਜਾਂ ਸੱਚ ਦਾ ਅੰਤਰ ਪਤਾ ਨਹੀਂ ਲੱਗਦਾ; ਸਗੋਂ ਹਰ ਆਮ ਆਦਮੀ ਉਨ੍ਹਾਂ ਦੀ ਬੋਲੀ ਨੂੰ ਸਹੀ ਮੰਨਣ ਲੱਗਦਾ ਹੈ। ਇਥੇ ਇਹ ਗੱਲ ਵੇਖਣਯੋਗ ਹੈ ਕਿ ਸਰਕਾਰਾਂ ਆਪਣੀ ਜਮਹੂਰੀਅਤ ਤੋਂ ਲਾਂਭੇ ਚਲੀਆਂ ਜਾਂਦੀਆਂ ਹਨ। ਜੂਲੀਅਨ ਅਸਾਂਜ ਨੇ, ਜੋ ਮੀਡੀਆ ਜਾਂ ਸਰਕਾਰ ਬਾਰੇ ਗੱਲਾਂ ਨਸ਼ਰ ਕੀਤੀਆਂ ਹਨ, ਉਹ ਗੈਰ ਸਧਾਰਨ ਹਨ-ਆਮ ਨਾਗਰਿਕ ਉਸ ਤੋਂ ਪਹਿਲਾਂ ਉਨ੍ਹਾਂ ਬਾਰੇ ਕਲਪਨਾ ਵੀ ਨਹੀਂ ਕਰ ਸਕਦਾ ਸੀ। ਉਸ ਸਮੇਂ ਦੀਆਂ ਸਰਕਾਰਾਂ ਜਾਂ ਮੀਡੀਆ ਦੀ ਪਹੁੰਚ/ਸੋਚ ਉਨ੍ਹਾਂ ਗੱਲਾਂ ਬਾਰੇ ਹੋਰ ਸੀ। ਅਸਲ ਵਿਚ ਮੀਡੀਆ ਦੀ ਬੋਲੀ ਸਰਕਾਰ ਦੀ ਬੋਲੀ ਸੀ। ਵੇਖਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਬਾਰੇ ਜਾਂ ਭੇਤਾਂ ਬਾਰੇ ਅਸਾਂਜ ਨੇ ਤੱਥ ਬਿਆਨ ਕੀਤੇ ਹਨ, ਉਨ੍ਹਾਂ ਦੀ ਆਪਣੀ ਆਵਾਜ਼ ਕਿੱਥੇ ਹੈ? ਮੀਡੀਆ ਨੇ ਉਨ੍ਹਾਂ ਨੂੰ ਆਪਣੀ ਆਵਾਜ਼ ਦੇਣੀ ਸੀ। ਪਰ ਇਸ ਤਰ੍ਹਾਂ ਨਹੀਂ ਹੋਇਆ, ਇਹ ਕਿ ਮੀਡੀਆ ਸਰਕਾਰੀ ਪਹੁੰਚ/ਸੋਚ ਨੂੰ ਆਪਣੀ ਆਵਾਜ਼ ਦਿੰਦਾ ਰਿਹਾ।

ਜੂਲੀਅਨ ਅਸਾਂਜ ਨਾਲ ਜੋ ਹੋ ਰਿਹਾ ਹੈ, ਇਸ ਤੋਂ ਪਹਿਲਾਂ ਵੀ ਘੋਖ ਕਰਨ ਵਾਲੇ ਪੱਤਰਕਾਰਾਂ 'ਤੇ ਸੱਤਾ ਦੇ ਗਲਤ ਕੰਮਾਂ ਦੀ ਸੂਚਨਾ ਦੇਣ ਵਾਲਿਆਂ ਲੋਕਾਂ ਨਾਲ ਹੋਇਆ ਹੈ। ਸਰਕਾਰਾਂ ਦੀਆਂ ਗਲਤ ਨੀਤੀਆਂ ਦੀ ਪੋਲ ਖੋਲ੍ਹਣ ਵਾਲੇ ਬਹੁਤ ਸਾਰੇ ਪੱਤਰਕਾਰ ਮਾਰੇ ਜਾ ਚੁੱਕੇ ਹਨ। ਇਰਾਕ ਜੰਗ ਦੌਰਾਨ ਕਈ ਮੀਡੀਆ ਕਰਮੀਆਂ ਨੂੰ ਮਾਰ ਦਿੱਤਾ ਗਿਆ ਸੀ, ਜਿਨ੍ਹਾਂ ਵਿਚ 'ਚੌਸੇ ਬੇਲੀ' ਅਤੇ 'ਵਿਨਸੈਟ' ਵਰਗੇ ਪ੍ਰਮੁੱਖ ਪੱਤਰਕਾਰ ਸ਼ਾਮਿਲ ਸਨ। ਸ੍ਰੀਲੰਕਾ ਦੇ ਅਖ਼ਬਾਰ 'ਸੰਡੇ ਲੀਡਰ' ਦੇ ਸੰਪਾਦਕ ਲਾਸੰਥਾ ਵਿਕਰਮਾਤੁੰਗਾ ਨੂੰ ਰਾਸ਼ਟਰਪਤੀ ਰਾਜ ਪਕਸ਼ਾ ਦੀ ਸਰਕਾਰ ਦੇ ਗਲਤ ਕੰਮਾਂ ਦੀ ਪੋਲ ਖੋਲ੍ਹਣ ਕਰਕੇ ਕਤਲ ਕਰ ਦਿੱਤਾ ਸੀ। ਸੋ ਸਰਕਾਰਾਂ ਮੀਡੀਆ ਨੂੰ ਆਪਣੇ ਉਦੇਸ਼ਾਂ/ਹਿੱਤਾਂ ਲਈ ਵਰਤਦੀਆਂ ਹਨ।

ਕਈ ਵਪਾਰਕ ਘਰਾਣਿਆਂ ਦੇ ਮੀਡੀਆ ਗਰੁੱਪ ਹਨ। ਕਈ ਮੀਡੀਆ ਗਰੁੱਪ ਸਿੱਧੇ ਹੀ ਰਾਜਨੀਤੀ ਕਰਦੇ ਹਨ ਜਾਂ ਸਰਮਾਏਦਾਰੀ ਵਿਚਾਰਾਂ ਦੀ ਬੋਲੀ ਬੋਲਦੇ ਹਨ। ਚਾਹੇ ਅਜੋਕੇ ਦੌਰ ਵਿਚ ਪੂੰਜੀਵਾਦੀ ਪ੍ਰਬੰਧ/ਸਰਮਾਏਦਾਰੀ ਦੀ ਚਕਾਚੌਂਧ ਨੇ ਆਮ ਮਨੁੱਖ 'ਤੇ ਮਾਰੂ ਪ੍ਰਭਾਵ ਪਾਏ ਹਨ। ਪਰ ਫਿਰ ਇਕ ਆਵਾਜ਼ ਸੀ, ਜਿਸ ਤੋਂ ਆਸ ਸੀ। ਜਿਵੇਂ ਛੋਟੇ ਅਖ਼ਬਾਰ ਜਾਂ ਮੀਡੀਆ ਗਰੁੱਪ। ਪਰ ਉਹ ਸਰਕਾਰਾਂ ਦੇ ਸਿੱਧੇ ਪ੍ਰਭਾਵ ਥੱਲੇ ਆ ਚੁੱਕੇ ਸਨ। ਇਥੇ ਇਸ ਗੱਲ ਦੀ ਪੁਸ਼ਟੀ ਪ੍ਰਸਿੱਧ ਅਰਥ ਸ਼ਾਸਤਰੀ ਅਮ੍ਰਿਤਿਆ ਸੇਨ ਵੀ ਕਰਦਾ ਹੈ, ''ਭਾਰਤ ਦੇ ਬਹੁਤ ਸਾਰੇ ਪ੍ਰੰਪਰਾਗਤ ਸਮੂਹਾਂ ਵਿਚ ਔਰਤਾਂ, ਲੜਕੀਆਂ ਤੇ ਸਮੂਹਿਕ ਜੀਵਨ ਵਿਚ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਜਿਊਣ ਵਾਲੇ ਲੋਕਾਂ 'ਤੇ ਪੈਣ ਵਾਲੇ ਦਬਾਵਾਂ ਅਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਅਹਿਮ ਸਿਧਾਂਤਕ ਜਾਮਾ ਪਹਿਨਾਇਆ ਜਾ ਰਿਹਾ ਹੈ, ਜਿਸ ਕਾਰਨ ਸਮਰਾਜਵਾਦ ਅਤੇ ਪੂੰਜੀਵਾਦ ਦੁਆਰਾ ਸ਼ੋਸ਼ਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸਰਕਾਰਾਂ ਨਹੀਂ ਕਰ ਰਹੀਆਂ ਅਤੇ ਸਿਤਮਜ਼ਰੀਫੀ ਇਹ ਕਿ ਮੀਡੀਆ ਇਸ ਵਿਚ ਲੋਕ ਮੁਖਤਾ ਤੋਂ ਬੇਮੁੱਖ ਹੋ ਕੇ ਸਰਕਾਰ ਮੁਖੀ ਹੋ ਕੇ ਉਸ ਦੀ ਵਕਾਲਤ ਕਰ ਰਿਹਾ ਹੈ। ਮੁੱਖ ਧਾਰਾ ਦੇ ਮੀਡੀਆ ਨੇ ਆਮ ਲੋਕਾਂ ਦੀ ਆਵਾਜ਼ ਨੂੰ ਤਹਿ ਸ਼ੁਦਾ ਨੀਤੀ ਤਹਿਤ ਨਜ਼ਰ ਅੰਦਾਜ਼ ਕੀਤਾ ਹੈ। ਮੀਡੀਆ ਲੋਕ ਪੱਖੀ ਅੰਦੋਲਨਾਂ ਨੂੰ ਸਨਮੁੱਖ ਨਹੀਂ ਕਰਦਾ, ਬਲਕਿ ਸਰਕਾਰਾਂ ਦਾ ਨਕਾਬੀ ਚਿਹਰਾ ਵੀ ਦਿਖਾਉਂਦਾ ਹੈ। ਅਜੋਕਾ ਦੌਰ ਸਰਕਾਰ ਤੇ ਸਰਮਾਏਦਾਰੀ ਵੱਲੋਂ ਅਸਿੱਧੇ ਤੇ ਲੁਕਵੇਂ ਦਮਨ ਦਾ ਸਮਾਂ ਹੈ। ਪਰ ਮੀਡੀਆ ਉਸ ਦੀ ਪਰਦਾਪੋਸ਼ੀ ਕਰ ਰਿਹਾ ਹੈ ਕਿਉਂਕਿ ਅਸਿੱਧੇ ਤੌਰ 'ਤੇ ਉਹ ਸਰਕਾਰਾਂ ਦਾ ਭਾਈਵਾਲ ਹੈ। ਪਰ ਜੋ ਲੋਕਾਂ ਨੂੰ ਦਿਖਾਉਂਦਾ/ਪੇਸ਼ ਕਰਦਾ ਹੈ, ਉਹ ਹੋਰ ਵੀ ਦੀਰਘ ਮਾਰੂ ਅਸਰ ਕਰਦਾ ਹੈ। ਭਾਰਤ ਵਰਗੇ ਪਛੜੇ ਸਮਾਜਾਂ ਦੇ ਬੁੱਧੀਜੀਵੀ ਵਰਗ ਦੀ ਲੋੜ ਅਤੇ ਫਰਜ਼ ਹੈ ਕਿ ਉਹ ਰਾਜਨੀਤਿਕ ਪੈਂਤੜੇ ਤੋਂ ਆਪਣੇ ਬਾਰੇ ਅਤੇ ਦੂਸਰਿਆਂ ਬਾਰੇ ਅਜ਼ਾਦਾਨਾ ਰਾਏ ਬਣਾਉਣ ਅਤੇ ਮੀਡੀਆ ਰਾਹੀਂ ਲੋਕਾਂ ਸਾਹਮਣੇ ਰੱਖਣ।

ਪੂੰਜੀਵਾਦ ਹੁਣ ਭਾਵੇਂ ਤੀਸਰੀ ਦੁਨੀਆ ਦੇ ਮੁਲਕਾਂ ਅੰਦਰ ਤਰੱਕੀ ਚਾਹੁੰਦਾ ਹੈ। ਪਰ ਤਰੱਕੀ ਦੁਨੀਆ ਦੇ ਹੋਰ ਪੱਛੜੇ ਰਾਜਾਂ ਲਈ ਕਈ ਬਹੁਤ ਗਹਿਰੇ ਸੰਕਟ ਖੜ੍ਹੇ ਕਰ ਰਹੀ ਹੈ। ਬਹੁਕੌਮੀ ਕੰਪਨੀਆਂ ਵੱਲੋਂ ਵਿਗਿਆਪਨਾਂ, ਨਾਵਾਂ ਤੇ ਟ੍ਰੇਡ ਮਾਰਕਾਂ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਮਾਰਕੀਟਿੰਗ ਅੱਜ-ਕੱਲ੍ਹ ਪੂੰਜੀਵਾਦੀ ਅਰਥ ਵਿਵਸਥਾ ਅੰਦਰ ਇਕ ਸਰਬ ਵਿਆਪੀ ਸ਼ਕਤੀ ਬਣ ਗਈ ਹੈ। ਨੌਮ ਚੌਮਸਕੀ ਦਾ ਵਿਚਾਰ ਹੈ ਕਿ ਮਾਰਕਿੰਟਗ ਨੂੰ ਫੈਲਾਉਣ ਲਈ ਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਮੀਡੀਆ ਰਾਹੀਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਪ੍ਰਸਾਰਿਤ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਪੂੰਜੀ ਹੈ, ਕਿਉਂਕਿ ਮੀਡੀਆ ਸੰਚਾਲਕਾਂ ਦਾ ਉਦੇਸ਼ ਸਮਾਜ ਨੂੰ ਸਹੀ ਸੇਧ ਦੇਣਾ ਨਹੀਂ ਬਲਕਿ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ। ਇਸ ਲਈ ਮੀਡੀਆ ਇਸ ਤਰ੍ਹਾਂ ਦੇ ਸਭਿਆਚਾਰ ਦੀ ਜਕੜ ਪੈਦਾ ਕਰਨ ਦੇ ਆਹਰੇ ਲੱਗਿਆ ਹੋਇਆ ਹੈ, ਜਿਸ ਨਾਲ ਮੌਜੂਦਾ ਸਿਸਟਮ ਨੂੰ ਬੁਨਿਆਦੀ ਪ੍ਰੇਸ਼ਾਨੀ ਨਾ ਹੋਵੇ। ਮੀਡੀਆ ਵਿਚ ਸਰਕਾਰ ਤੇ ਪੂੰਜੀਪਤੀਆਂ ਦੀ ਸਿੱਧੀ ਦਖ਼ਲ-ਅੰਦਾਜ਼ੀ ਹੈ, ਅਸਲ ਵਿਚ ਸਿੱਧਾ ਕਬਜ਼ਾ ਹੈ। ਸੋ ਮੀਡੀਆ ਤੇ ਸਰਕਾਰ ਆਪਣੇ ਮੁਨਾਫੇ ਦੀ ਖਾਤਰ ਲੋਕਾਂ ਨੂੰ ਦੁਨੀਆ/ਸਿਸਟਮ ਦੀ ਉਹੀ ਤਸਵੀਰ ਪੇਸ਼ ਕਰਦੇ ਹਨ, ਜਿਹੜੀ ਉਨ੍ਹਾਂ ਦੇ ਹਿੱਤਾਂ ਲਈ ਠੀਕ ਹੈ। ਤੁਸੀਂ ਆਮ ਹੀ ਦੇਖਦੇ ਹੋ ਕਿ ਮੀਡੀਆ ਕੁਝ ਖ਼ਬਰਾਂ ਲੋੜ ਤੋਂ ਵੱਧ ਉਭਾਰਦਾ ਹੈ ਤੇ ਕੁਝ ਬਿਲਕੁਲ ਹੀ ਹਾਸ਼ੀਆਕ੍ਰਿਤ ਕਰਦਾ ਹੈ।

ਲੋਕ ਪੱਖੀ ਅੰਦੋਲਨਾਂ, ਵਿਅਕਤੀਗਤ ਉਦਮ ਅਤੇ ਸਮਾਜਿਕ ਸੇਧ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸੂਚਨਾ ਨਹੀਂ ਦਿੱਤੀ ਜਾਂਦੀ। ਲਿੰਗ ਭੇਦ ਦੀ ਖ਼ਬਰ, ਧਨਾਢ ਵਰਗ ਵੱਲੋਂ ਕੀਤਾ ਜਾ ਰਿਹਾ ਆਮ ਆਦਮੀ 'ਤੇ ਜ਼ੁਲਮ ਜਾਂ ਸਰਕਾਰੀ, ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਤੇ ਠੇਕੇਦਾਰੀ ਪ੍ਰਣਾਲੀ ਨਾਲ ਸੰਵੇਦਨਸ਼ੀਲ ਮਨੁੱਖਾਂ ਦੀ ਹੋ ਰਹੀ ਲੁੱਟ-ਖਸੁੱਟ ਨੂੰ ਮੀਡੀਆ ਕਦੇ ਥਾਂ ਨਹੀਂ ਦਿੰਦਾ। ਮਜਦੂਰਾਂ ਦੀ ਜਾਂ ਆਮ ਲੋਕਾਂ ਦੇ ਹਿੱਤਾਂ ਦੀ ਗੱਲ ਕਰਨ ਵਾਲੀਆਂ ਯੂਨੀਅਨਾਂ/ਸੰਗਠਨਾਂ/ਸੰਸਥਾਵਾਂ/ਪ੍ਰਦਰਸ਼ਨਾਂ/ਵਿਅਕਤੀਆਂ ਦਾ ਮੀਡੀਆ ਨੋਟਿਸ ਨਹੀਂ ਲੈਂਦਾ। ਇਸ ਵਰਤਾਰੇ ਨੂੰ ਨੌਮ ਚੌਮਸਕੀ ਨੇ 'ਫਿਲਟਰ ਆਊਟ ਦਾ ਨਿਊਜ਼' ਕਿਹਾ ਹੈ। ਇਹ ਇਕ ਤਰ੍ਹਾਂ ਦਾ ਲੋਕਾਂ 'ਤੇ ਅਸਿੱਧਾ ਆਤੰਕ ਹੈ, ਜਿਸ ਦੀ ਪਰਿਭਾਸ਼ਾ ਨਹੀਂ ਹੈ। ਪੂਰਬੀ ਰਾਜਾਂ ਵਿਚ ਸਿਸਟਮ ਤੇ ਸੱਤਾ ਦੀਆਂ ਨੀਤੀਆਂ ਨੂੰ ਸਹੀ ਦੱਸਣ ਲਈ ਹੱਥਕੰਡੇ ਵਰਤੇ ਜਾਂਦੇ ਹਨ। ਉਥੇ ਦੇ ਮੂਲ ਲੋਕਾਂ ਦੇ ਵਿਦਰੋਹ ਨੂੰ ਵੱਖਵਾਦੀ/ਅੱਤਵਾਦੀ ਦੱਸਣ ਲਈ ਮੀਡੀਆ ਰਾਹੀਂ ਚਾਲਾਂ ਖੇਡੀਆਂ ਜਾਂਦੀਆਂ ਹਨ। ਜਦੋਂ ਕੋਈ ਅਦਾਰਾ/ਸੰਸਥਾ/ਸਰਕਾਰ/ਵਿਅਕਤੀ/ਵਰਗ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤਾਂ ਉਹ ਆਦਮੀ ਜਾਂ ਸੰਸਥਾ ਮੀਡੀਆ ਵਿਚ ਆਪਣੀ ਪੂੰਜੀ ਦੀ ਪਹੁੰਚ ਵਰਤ ਕੇ ਜਾਂ ਆਪਣੇ ਰਾਜਨੀਤਿਕ ਰਸੂਖ ਕਾਰਨ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰ ਦਿੰਦਾ ਹੈ। ਪਰ ਉਸ ਆਮ ਆਦਮੀ ਜਾਂ ਵਰਗ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ, ਬਲਕਿ ਮੀਡੀਆ ਉਸ ਦੇ ਵਿਰੋਧ ਵਿਚ ਭੁਗਤਦਾ ਹੈ। ਸਿਤਮਜ਼ਰੀਫੀ ਦੇਖੋ ਕਿ ਆਮ ਲੋਕਾਈ ਵੀ ਮੀਡੀਆ ਦੀ ਪਹੁੰਚ ਨੂੰ ਸਹੀ ਮੰਨ ਕੇ ਉਸ ਪੀੜਤ ਦੇ ਵਿਰੋਧ ਵਿਚ 'ਫਤਵਾ' ਜਾਰੀ ਕਰ ਦਿੰਦੀ ਹੈ। ਉਸ ਵਰਗ ਜਾਂ ਆਦਮੀ ਲਈ ਪ੍ਰੈਸ ਦੀ ਆਜ਼ਾਦੀ ਅਰਥਹੀਣ ਹੋ ਕੇ ਰਹਿ ਜਾਂਦੀ ਹੈ। ਮੈਂ ਆਪਣੀ ਨਿੱਜੀ ਖੋਜ ਅਤੇ ਪਹੁੰਚ ਨਾਲ ਅਸਲੀਅਤ ਵਿਚ ਮੂਲੋਂ ਹੀ ਉਲਟ ਸਥਿਤੀ ਦੇਖਦਾ ਹਾਂ। ਇਸ ਗੱਲ ਦੀ ਗਵਾਹੀ ਮਨੁੱਖੀ ਵਿਕਾਸ ਰਿਪੋਰਟ-2002 ਦੀਆਂ ਹੇਠ ਲਿਖੀਆਂ ਸਤਰਾਂ ਤੋਂ ਹੋ ਜਾਂਦੀ ਹੈ-

''ਵਿਸ਼ਵੀਕਰਨ ਨੇ ਦੋ ਸਮਾਨਅੰਤਰ ਵਿਸ਼ਵ ਪੈਦਾ ਕਰ ਦਿੱਤੇ ਹਨ। ਇਕ ਵਿਸ਼ਵ ਉਹ ਜਿਸ ਕੋਲ ਆਮਦਨ ਹੈ, ਸਿੱਖਿਆ ਹੈ ਤੇ ਸਿੱਖਿਅਕ ਸੰਪਰਕ ਹੈ, ਉਸ ਲਈ ਸੂਚਨਾ ਪ੍ਰਾਪਤ ਕਰਨਾ ਤੇ ਸੂਚਨਾ ਦੇਣਾ ਸਰਲ ਤੇ ਸੌਖਾ ਹੈ। ਦੂਸਰੇ ਪਾਸੇ ਉਹ ਵਿਸ਼ਵ ਹੈ ਜਿਸ ਦਾ ਭਵਿੱਖ ਅਨਿਸ਼ਚਿਤ ਤੇ ਧੀਮਾ ਹੈ। ਉਸ ਲਈ ਸੂਚਨਾ ਤੱਕ ਪਹੁੰਚਣਾ ਮਹਿੰਗਾ ਤੇ ਅਸੰਭਵ ਹੈ। ਜਦੋਂ ਇਹ ਦੋਵੇਂ ਵਿਸ਼ਵ ਨਾਲ-ਨਾਲ ਰਹਿੰਦੇ ਹਨ ਤੇ ਮੁਕਾਬਲੇ ਕਰਦੇ ਹਨ ਤਾਂ ਨਿਸ਼ਚਿਤ ਤੌਰ 'ਤੇ ਗਰੀਬਾਂ ਦੀ ਦੁਨੀਆ ਪੱਛੜ ਜਾਂਦੀ ਹੈ।''

ਬਿਲਕੁਲ ... ਇਸੇ ਤਰ੍ਹਾਂ ਜਦੋਂ ... ਸਰਕਾਰੀ ਲਾਬੀ ਜਾਂ ਪੂੰਜੀਪਤੀ ਆਪਣੀ ਨੀਤੀ ਜਾਂ ਵਿਚਾਰਧਾਰਾ (ਜ਼ਬਰ-ਜ਼ੁਲਮ) ਨਾਲ ਕਿਸੇ ਸਮਾਜ ਜਾਂ ਵਰਗ ਜਾਂ ਮਨੁੱਖ ਨੂੰ ਆਪਣੇ ਸ਼ਿਕਾਰ ਬਣਾਉਂਦੇ ਹਨ। ਇਸ ਵੇਲੇ ਮੀਡੀਆ ਵੀ ਇਨ੍ਹਾਂ ਦੀ ਵਕਾਲਤ ਕਰਦਾ ਹੈ। ਕਰਦਾ ਵੀ ਇੰਨੇ ਸੋਹਣੇ ਢੰਗ ਨਾਲ ਹੈ ਕਿ ਬਾਕੀ ਦੀ ਲੋਕਾਈ ਨੂੰ ਆਪਣੇ ਨਾਲ ਖੜ੍ਹਾ ਕਰ ਲੈਂਦਾ ਹੈ। ਪਰ ਸ਼ੋਸ਼ਿਤ ਧਿਰ ਦੀ ਮੀਡੀਆ ਤੱਕ ਪਹੁੰਚ ਬਾਹਰੀ ਹੋ ਜਾਂਦੀ ਹੈ, ਜਿਸ ਨਾਲ ਉਹ ਲੋਕਾਈ ਜਾਂ ਜਨ ਸਮੂਹ ਦੀ ਹਮਾਇਤ ਲੈਣ ਤੋਂ ਸਹਿਜੇ ਹੀ ਵਾਂਝਾ ਹੋ ਜਾਂਦਾ ਹੈ। ਇਹੋ ਜਿਹੇ ਪ੍ਰਸੰਗ ਵਿਚ ਕੋਈ ਆਮ ਆਦਮੀ ਹੈ ਤਾਂ ਆਪਣੇ ਆਪ ਨੂੰ ਠੱਗਿਆ ਤੇ ਬਿਖਰਿਆ ਹੋਇਆ ਮਹਿਸੂਸ ਕਰਦਾ ਹੈ। ਬੋਦ੍ਰਿਲਾਰਦ ਅਨੁਸਾਰ- 'ਅਜੋਕਾ ਯੁੱਗ ਉਪਭੋਗਤਾ ਦਾ ਯੁੱਗ ਹੈ' ਉਸ ਅਨੁਸਾਰ ਮੰਡੀ ਵਿਚ ਹੁਣ ਮਾਲ ਨਹੀਂ ਵਿਕਦਾ; ਸਗੋਂ ਸੰਕੇਤ ਵੀ ਵਿਕਦੇ ਹਨ। ਭਾਰਤ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਸੰਚਾਰ ਮਾਧਿਅਮਾਂ ਵਿਚ ਬਹੁਤ ਵਿਸਥਾਰ ਹੋਇਆ ਹੈ। ਭਾਰਤੀ ਸ਼ਾਸ਼ਕ ਵਰਗ ਨੇ ਸਰਮਾਏਦਾਰੀ ਘਰਾਣਿਆਂ ਤੇ ਬਹੁਕੌਮੀ ਕੰਪਨੀਆਂ ਨਾਲ ਮਿਲ ਕੇ ਮੀਡੀਆ ਨੂੰ ਆਪਣੇ ਹਿੱਤਾਂ ਲਈ ਵਰਤਿਆ ਹੈ। ਸਾਨੂੰ ਲੋੜ ਹੈ ਮੀਡੀਆ ਦੇ ਇਨ੍ਹਾਂ ਸੰਚਾਰ ਸਾਧਨਾਂ ਦੇ ਵਿਚਾਰਧਾਰਕ ਨਜ਼ਰੀਏ ਨੂੰ ਵਾਚਣ ਦੀ।

ਇਸ ਸੂਚਨਾ ਸਾਧਨਾਂ ਰਾਹੀਂ ਸ਼ਾਸ਼ਕ ਵਰਗ ਤੇ ਸਰਮਾਏਦਾਰੀ ਵਰਗ ਇਹ ਤੈਅ ਕਰ ਰਹੇ ਹਨ ਕਿ ਲੋਕਾਂ ਨੂੰ ਕਿਹੜੀ ਜਾਣਕਾਰੀ ਦੇਣੀ ਹੈ ਤੇ ਕਿਹੜੀ ਨਹੀਂ। ਮੀਡੀਆ ਦਾ ਆਪਣਾ ਨਜ਼ਰੀਆ/ਵਿਚਾਰ ਕੁਝ ਵੀ ਨਹੀਂ। ਉਹ ਸਰਕਾਰ/ਸਿਸਟਮ/ਸੱਤਾ ਦਾ ਪਿਛਲੱਗ ਬਣਿਆ ਹੋਇਆ ਹੈ। ਲੋਕਾਂ ਦੀਆਂ ਬੁਨਿਆਦੀ ਲੋੜਾਂ, ਮੰਗਾਂ, ਮਸਲਿਆਂ ਤੇ ਵਿਚਾਰਾਂ ਨੂੰ ਮੌਜੂਦਾ ਮੀਡੀਆ ਕ੍ਰਾਂਤੀ ਨੇ ਬੜੀ ਚਲਾਕੀ ਨਾਲ ਨਕਾਰ ਦਿੱਤਾ ਹੈ। ਕੀ ਅੱਜ ਮੀਡੀਆ ਦਾ ਕੰਮ ਮਨੁੱਖ ਦੀ ਹਾਰ ਬਾਰੇ ਹੀ ਲਿਖਣਾ ਹੈ? ਕੀ ਇਸ ਵਿਚ ਤਰਕ, ਬੁੱਧੀ, ਵਿਵੇਕ, ਆਸ ਉਮੀਦ, ਉਤਸ਼ਾਹ ਅਤੇ ਕਿਸੇ ਚੰਗੇ ਬਦਲ ਲਈ ਕੋਈ ਥਾਂ ਨਹੀਂ? ਪਰ ਹਾਂ, ਸੱਚ ਮੀਡੀਆ ਨੇ ਦੇਸ਼ ਦੇ ਲੋਕਾਂ ਲਈ ਸਾਰੇ ਵੱਡੇ ਨਾਵਾਂ ਦੀ ਸ਼ਮੂਲੀਅਤ ਵਾਲੇ ਅਦਾਲਤੀ ਕੇਸਾਂ ਵਿਚ ਨਿਆਂ ਪ੍ਰਾਪਤ ਵੀ ਕੀਤਾ। (ਚਾਹੇ ਉਹ ਨਿਆਂ ਦੇ ਨਾਂ 'ਤੇ ਮਜ਼ਾਕ ਹੀ ਸੀ) ਇਨ੍ਹਾਂ ਕੇਸਾਂ ਵਿਚ ਜੈਸਿਕਾ ਲਾਲ, ਪ੍ਰਿਦਰਸ਼ਨ ਮੱਟੂ, ਨਿਤਿਸ਼ ਕਟਾਰਾ ਅਤੇ ਰੁਚਿਕਾ ਗਿਰਹੋਤਰਾ ਕੇਸ਼ ਸ਼ਾਮਿਲ ਹਨ। ਪਰ ਇਨ੍ਹਾਂ ਦੀ ਅਗਵਾਈ ਕੀਤੀ ਕਿਹੜੇ ਵਰਗ ਨੇ ਹੈ, ਸਵਾਲ ਹੈ? ਕਲਪਨਾ ਕਰੋ ਕਿ ਰੁਚਿਕਾ ਕੇਸ ਵਿਚ ਸਿਰੇ ਦਾ ਆਹਲਾ ਅਫਸਰ 20 ਸਾਲ ਬਚਿਆ ਰਿਹਾ ਤਾਂ ਬਾਕੀ ਸਰਕਾਰੀ ਅੰਗਾਂ/ਵਿਭਾਗਾਂ ਵਿਚ ਕੀ ਹੁੰਦਾ ਹੋਵੇਗਾ। ਉਨ੍ਹਾਂ ਦੀ ਆਵਾਜ਼ ਮੀਡੀਆ ਨਹੀਂ ਬਣਦਾ ਹੈ। ਇਨ੍ਹਾਂ ਕੇਸਾਂ ਵਿਚ ਸਮੇਂ ਦੀਆਂ ਸਰਕਾਰਾਂ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਮੱਗਰਮੱਛੀ ਹੰਝੂ ਆਏ ਹਨ। ਮੀਡੀਆ ਨੇ ਇਸ ਨਾਲ ਦਿਖਾਇਆ ਕਿ ਦੇਖੋ! ਮੀਡੀਆ ਨਿਰਪੱਖ ਹੈ। ਇਹ ਕਿਸ ਤਰ੍ਹਾਂ ਦੀ ਨਿਰਪੱਖਤਾ ਹੈ, ਪਰ ਅਜਿਹਾ ਨਹੀਂ ਹੈ। ਮੀਡੀਆ ਮਜਦੂਰ, ਘੱਟ ਗਿਣਤੀਆਂ, ਕਿਸਾਨ, ਗਰੀਬ ਜਾਂ ਬੇਰੁਜ਼ਗਾਰ ਨੌਜਵਾਨ ਦੀ ਪੈਰਵੀ ਨਹੀਂ ਕਰੇਗਾ। ਇਸ ਸਾਰੇ ਘਟਨਾਕ੍ਰਮ ਵਿਚ ਮੀਡੀਆ ਦਾ ਵਿਚਾਰ/ਨਜ਼ਰ ਉਹੀ ਹੋਵੇਗੀ ਜੋ ਸਿਸਟਮ/ਵਿਵਸਥਾ/ਸਰਕਾਰ ਤੇ ਸੱਤਾ ਦੀ ਆਵਾਜ਼ ਹੈ। ਉਸ ਦੀ ਆਪਣੀ ਨਿਰਪੱਖ ਨਜ਼ਰ/ਆਵਾਜ਼/ਵਿਚਾਰ ਕੁਝ ਵੀ ਨਹੀਂ ਹੈ। ਜਿਵੇਂ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਐਸ.ਆਰ.ਏ ਗਿਲਾਨੀ ਨੂੰ ਸੰਸਦੀ ਹਮਲੇ ਵੇਲੇ ਖ਼ਤਰਨਾਕ ਅੱਤਵਾਦੀ ਬਣਾ ਦਿੱਤਾ ਗਿਆ ਸੀ। ਸਿਰਫ ਇਕ ਟੈਲੀਫੋਨ ਕਾਲ ਕਾਰਨ। ਕਿਉਂਕਿ ਮੀਡੀਆ ਨੇ ਸੱਤਾ/ਸਰਕਾਰ ਦੀ ਬੋਲੀ ਨੂੰ ਸਹੀ ਮੰਨਿਆ ਸੀ। ਇਸ ਤਰ੍ਹਾਂ 'ਕਸ਼ਮੀਰ ਟਾਈਮਜ਼' ਦੇ 'ਦਿੱਲੀ ਬਿਊਰੋ' ਦੇ ਚੀਫ ਜੀਲਾਨੀ ਨੂੰ ਸਰਕਾਰ ਦੇ ਕਹਿਣ 'ਤੇ ਮੀਡੀਆ ਨੇ ਅੱਤਵਾਦੀ ਬਣਾ ਦਿੱਤਾ ਸੀ। ਬਾਅਦ ਵਿਚ ਪਤਾ ਚੱਲਿਆ ਕਿ ਉਸ ਕੋਲ ਅਜਿਹਾ ਕੁਝ ਵੀ ਨਹੀਂ ਸੀ। ਕਸ਼ਮੀਰ ਮਸਲੇ ਤੇ ਹੋਰ ਪੇਚੀਦਾ ਰਾਜਨੀਤਿਕ ਤੇ ਸਮਾਜਿਕ ਮਸਲਿਆਂ ਬਾਰੇ ਮੀਡੀਆ ਦੀ ਬੋਲੀ ਉਹੀ ਹੈ ਜੋ ਸਰਕਾਰ ਦੀ ਹੈ। ਪਿਛਲੇ ਦਿਨਾਂ ਵਿਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਲਈ ਮੀਡੀਆ ਦੀ ਪਹੁੰਚ/ਨਜ਼ਰੀਆ ਉਹੀ ਹੈ ਜੋ ਸਰਕਾਰ/ਸੱਤਾ/ਸਟੇਟ ਦਾ ਹੈ। ਭਾਵ ਸਟੇਟ/ਸੱਤਾ ਤੋਂ ਬਾਹਰੀ ਮੀਡੀਆ ਦਾ ਆਪਣਾ ਕੁਝ ਵੀ ਨਹੀਂ।

ਪੀੜਤ ਅਤੇ ਸ਼ੋਸ਼ਿਤ ਧਿਰ ਲਈ ਸਟੇਟ/ਸੱਤਾ ਨਾਲ ਦਸਤ-ਪੰਜਾਂ ਲੈਣ ਜਾਂ ਮੜਿਕਣਾ ਸੌਖਾ ਹੋ ਸਕਦਾ ਹੈ, ਪਰ ਮੀਡੀਆ ਸਟੇਟ/ਸੱਤਾ ਜਾਂ ਕਾਬਜ਼ ਧਿਰ ਦੀ ਖੁੱਲ੍ਹੀ ਵਕਾਲਤ ਕਰਕੇ ਪੀੜਤ ਧਿਰ ਨਾਲ ਸਿਰੇ ਦਾ ਆਤੰਕੀ ਬਣ ਕੇ ਪੇਸ਼ ਆਉਂਦਾ ਹੈ। ਮੀਡੀਆ ਦੇ ਨਾਂਹ ਪੱਖੀ ਰੋਲ ਨੂੰ ਸਾਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ ਕਿਉਂਕਿ ਇਸ ਨਾਲ ਸਾਡੀਆਂ ਲੋਕ ਲਹਿਰਾਂ ਦਬਦੀਆਂ ਹਨ। ਕਿਸੇ ਚੰਗੇ ਵਿਚਾਰ ਜਾਂ ਵਰਤਾਰੇ ਪ੍ਰਤੀ ਵੀ ਲੋਕਾਂ ਦਾ ਨਜ਼ਰੀਆ ਨਾਂਹ ਪੱਖੀ ਹੋ ਜਾਂਦਾ ਹੈ। ਹਾਕਮ ਜਮਾਤਾਂ ਨੇ ਅਜੋਕੇ ਮੀਡੀਆ ਨੂੰ ਕੰਟਰੋਲ ਕਰ ਰੱਖਿਆ ਹੈ। ਭਾਰਤ ਦੀ ਅਜੋਕੀ ਮੀਡੀਆ ਪ੍ਰਣਾਲੀ ਸਿਆਸੀ ਮੰਡੀ ਦੇ ਅਸੂਲਾਂ ਨੂੰ ਚਾਰੇ ਪਾਸੇ ਫੈਲਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। 'ਮੀਡੀਆ ਤੰਤਰ' ਵੱਲੋਂ ਇਸ ਸਮੇਂ ਅਜਿਹੇ ਕਾਇਦੇ ਕਾਨੂੰਨ ਸਹੀ ਮੰਨ ਕੇ ਲੋਕਾਂ ਸਾਹਮਣੇ ਪੇਸ਼ ਕੀਤੇ ਜਾ ਰਹੇ ਹਨ, ਜਿਹੜੇ ਆਮ ਲੋਕਾਂ, ਘੱਟ ਗਿਣਤੀਆਂ, ਮਜਦੂਰਾਂ, ਛੋਟੇ ਮੁਲਾਜ਼ਮਾਂ, ਕਿਸਾਨਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ ਨੂੰ ਧੁੰਦਲਾ ਕਰਕੇ ਭਿਆਨਕਤਾ ਵੱਲ ਸੁੱਟ ਰਹੇ ਹਨ। ਅੱਜ ਭਾਵੇਂ ਸਰਕਾਰੀ ਤੰਤਰ ਤੇ ਹਾਕਮ ਜਮਾਤ ਆਰਥਿਕਤਾ ਦੇ ਸਹੀ ਹੋਣ ਬਾਰੇ ਕਹਿ ਰਹੇ ਹਨ, ਪਰ ਆਮ ਲੋਕਾਂ ਦੇ ਹਾਲਾਤ ਨਿੱਘਰਦੇ ਜਾ ਰਹੇ ਹਨ ਤੇ ਮੀਡੀਆ ਇਸ ਨਿਘਾਰ ਲਈ ਸਹਿਯੋਗੀ ਦੀ ਭੂਮਿਕਾ ਕਰ ਰਿਹਾ ਹੈ। ਹੋਣਾ ਇਹ ਚਾਹੀਦਾ ਹੈ ਕਿ ਮੀਡੀਆ ਸਰਕਾਰ ਨੂੰ ਲੋਕ ਮੁਖਤਾ ਵੱਲ ਪ੍ਰੇਰਿਤ ਕਰੇ। ਇਸ ਕਰਕੇ ਪ੍ਰਸਿੱਧ ਅਮਰੀਕੀ ਚਿੰਤਕ ਈ.ਐਮ ਵੁੱਡ ਲਿਖਦੀ ਹੈ ਕਿ ਇਹ ਯਤਨ ਇਨ੍ਹਾਂ ਖੇਤਰਾਂ ਨੂੰ ਅਖੌਤੀ ਲੋਕਤੰਤਰ ਤੋਂ ਮੁਕਤ ਕਰਾਉਣ ਲਈ ਹੀ ਨਹੀਂ ਹੋਣੇ ਚਾਹੀਦੇ, ਬਲਕਿ ਪੂੰਜੀ ਦੇ ਸਿੱਧੇ ਕੰਟਰੋਲ ਤੇ ਮੰਡੀਆ ਦੇ ਅਸਿੱਧੇ ਪ੍ਰਭਾਵ ਤੋਂ ਖਹਿੜਾ ਛੁਡਾਉਣ ਵੱਲ ਵੀ ਸੇਧਤ ਹੋਣੇ ਚਾਹੀਦੇ ਹਨ। 'ਹਰੀ ਭੂਮੀ' ਦੇ ਸੰਪਾਦਕ ਹਿਮਾਂਸ਼ੂ ਤ੍ਰਿਵੇਦੀ ਨੇ ਮੀਡੀਆ ਸੈਮੀਨਾਰ ਵਿਚ ਕਿਹਾ ਸੀ, ''ਵਿਕਾਸ ਦੇ ਅੰਕੜੇ ਮਿਲੀ ਭੁਗਤ ਨਾਲ ਪੇਸ਼ ਕੀਤੇ ਜਾਂਦੇ ਹਨ। ਜਦ ਸੁਰੱਖਿਅਤ, ਸਿਹਤ ਤੇ ਸਿੱਖਿਆ ਦੀ ਹਾਲਤ ਚਿੰਤਾਜਨਕ ਹੈ।'' ਸੋ ਮੀਡੀਆ ਦੇ ਕਿਰਦਾਰ, ਨਜ਼ਰੀਏ ਤੇ ਕਾਰਜ ਨੂੰ ਡੂੰਘਾਈ ਨਾਲ ਸਮਝਣ ਦੀ ਲੋੜ ਹੈ, ਜੋ ਇਸ ਦੀ ਤਿੱਖੀ ਦ੍ਰਿਸ਼ਟੀ ਕਾਰਨ ਆਸ ਕੀਤੀ ਜਾਂਦੀ ਹੈ। ਨਾਲ ਹੀ ਕਾਰਪੋਰੇਟ ਢਾਂਚੇ ਤੇ ਉਸ ਦੇ ਰਾਜਨੀਤਿਕ ਅਰਥ-ਸ਼ਾਸਤਰ ਦੇ ਸੰਦਰਭ ਤੋਂ ਜਾਂਚਣ-ਪਰਖਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

''ਕੀ ਕਿਆਸ ਕੀਤਾ ਜਾ ਸਕਦਾ ਹੈ ਕਿ ਅੱਜ ਦੇ ਸੰਪਾਦਕੀ ਸਾਡੇ ਜੀਵਨ ਨੂੰ ਤਬਾਹ ਕਰਨ ਵਾਲੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਨ। ਇਹ ਨਿਰਾਸ਼ਾ ਵਾਲੇ ਸਮੇਂ ਦਾ ਦੌਰ ਹੈ।'' ਇਹ ਵਿਚਾਰ ਸਾਹਿਤ ਦਾ ਨੌਬਲ ਪੁਰਸਕਾਰ 2008 ਪ੍ਰਾਪਤ ਕਰਨ ਵਾਲੇ ਫਰਾਂਸੀਸੀ ਨਾਵਲਕਾਰ ਗੁਰਤਾਵ ਕਲੇਜੀਓ ਨੇ ਇਕ ਭੇਂਟ ਵਾਰਤਾ ਵਿਚ ਪ੍ਰਗਟ ਕੀਤੇ ਸਨ।

ਸੰਪਰਕ ਨੰ: 98889-81137, 85285-11584

LIQUOR STORE ON SALE

Located In a Very Busy Plaza
Close To Cineplex, Restaurants

ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।

ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।

Contact / ਸੰਪਰਕ : ਪਾਲ ਬੜਵਾਲ
587-708-6866



ਮਿਲਵੁਡਜ਼ ਸਜ਼ੂਕੀ ਦੇ ਮਾਲਕ ਜੈਸੀ ਪ੍ਰਹਾਰ 'ਕਰਾਈਮ ਸਟੋਪਰਜ਼' ਦੇ ਟੀਮ ਮੈਂਬਰਾਂ ਨਾਲ



ਕੈਬਨਿਟ ਟੂਰ' ਦੌਰਾਨ ਮੰਤਰੀ ਕਿਮਚੱਕ, ਪਾਰਲੀਮਾਨੀ ਸਕੱਤਰ ਨਰੇਸ਼ ਭਾਰਦਵਾਜ, ਐਮ. ਐਲ. ਏਜ਼. ਜੀਨ ਜਵੈਂਜਡਸਕੀ ਤੇ ਪੀਟਰ ਸੰਧੂ ਸਾਊਥ ਐਡਮਿੰਟਨ ਦੇ ਕਾਰੋਬਾਰੀਆਂ ਨਾਲ



'ਸੈਨੇਟ' ਦੀ ਦੌੜ 'ਚ ਸ਼ਾਮਿਲ ਉਮੀਦਵਾਰ ਐਡਮਿੰਟਨ ਮਿੱਲਕਰੀਕ ਪੀ.ਸੀ. ਐਸੋ. ਦੇ ਪ੍ਰਧਾਨ ਦੇਵ ਪੁਰੇਵਲ, ਪਾਰਲੀਮਾਨੀ ਸੱਕਤਰ ਨਰੇਸ਼ ਭਾਰਦਵਾਜ, ਐਮ. ਐਲ. ਏਜ਼. ਜੀਨ ਜਵੈਂਜਡਸਕੀ ਤੋਂ ਪੀਟਰ ਸੰਧੂ ਨਾਲ



'ਰੈਨੋਵੇਸ਼ਨ' ਸ਼ੋ ਦੌਰਾਨ ਉਦਯੋਗਪਤੀਆਂ ਦੇ ਵੱਖ-ਵੱਖ ਸਟਾਲ



'ਮਿਲਵੁਡਜ਼ ਕਮਿਊਨਿਟੀ ਪੁਲੀਸਿੰਗ ਦੇ ਵਲੰਟੀਅਰ 10ਵੀਂ ਸਾਲਗਿਰਾ ਮੌਕੇ ਬਰੰਚ ਦੌਰਾਨ



'ਓਪਨ ਹਾਊਸ' ਦੌਰਾਨ ਰੌਨ ਰੰਧਾਵਾ ਅਤੇ ਸੁਹੇਲ ਕਾਦਰੀ ਆਪਣੇ ਸਮਰਥਕਾਂ ਨਾਲ


# Asian Western Grocery Store

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

## ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।










For more information call
Balraj @
**780-756-2225**
**780-660-2061**

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME
FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

SAVE ON DOOR KNOBS & HANDLES!
Austin Door Lock and Handle Set ONLY $49.99
Villa Passage Knob ONLY $13.99
Taymor TRANSITIONAL
2 Piece Deadbolt ONLY $19.99
Globe Knob ONLY $9.99

MOULDING SPECIALS!
ALEXANDRIA Moulding
#5010 1⅜" x 4⅜" MDF Primed $1.20 /linear foot
#412 ⅝" x 4¼" MDF Primed $0.60 /linear foot
#411 ⁹⁄₁₆" x 3" MDF Primed $0.49 /linear foot
#3140 ⅜" x 3¼" MDF Primed $0.29 /linear foot
#357 2⅛" x ⅞" MDF Primed $0.19 /linear foot

SAVE ON BATHROOM FIXTURES!
4 Piece Bath Set: Infinity and Corona Models
Taymor MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.

Fancy Doors & Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors Paris
Double "Paris" Doors ONLY $400.99
Single "Paris" Door ONLY $200.99
Interior Door Bostonian
6-Panel Pre-Hung 18" x 36" ONLY $55.99
Exterior Door
6-Panel Steel Door with Brick Moulding Pre-Hung (32" or 36") with 4.5" jamb ONLY $149.99
Creston ONLY $169.99 Slab
Pantry ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
Parlaiment Pre-Hung 32" or 36" ONLY $299.00
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 25

# ਬੀਬੀ ਨੂੰ ਡੋਲੇ ਪੁਆ ਮੇਰੇ ਬਾਬਲਾ

1980 ਦੀ ਗੱਲ ਹੈ, ਮੈਂ ਗੌਰਮਿੰਟ ਕਾਲਜ ਰੋਪੜ, ਅਡਹਾਕ ਲੈਕਚਰਾਰ ਲੱਗਾ ਹੋਇਆ ਸਾਂ। ਇਥੇ ਹੀ ਮੇਰੀ ਕੁਲੀਗ ਮੈਡਮ ਸੁਰਿੰਦਰ ਵੀ ਪੜ੍ਹਾਉਂਦੀ ਸੀ। ਚੰਗੀ ਗੱਲ ਇਹ ਕਿ ਸ਼ਹਿਰ ਵਿਚ ਅਸੀਂ ਇਕ ਦੂਜੇ ਦੇ ਪੜੌਸੀ ਵੀ ਸਾਂ। ਖ਼ੂਬ ਗੱਲਾਂ ਬਾਤਾਂ ਹੁੰਦੀਆਂ ਸਨ। ਉਹ ਅੰਮ੍ਰਿਤਾ ਪ੍ਰੀਤਮ ਦੀ ਭਗਤ ਸੀ। ਇਕ ਉਸ ਦੀ ਸਹੇਲੀ ਭੋਲੀ ਵੀ ਉਸੇ ਵਰਗ ਵਿਚਾਰਾਂ ਦੀ ਧਾਰਣੀ ਸੀ। ਦੋਨੋਂ ਅਣ ਵਿਆਹੀਆਂ। ਇਨ੍ਹਾਂ ਦਿਨਾਂ ਵਿਚ ਮੇਰੇ ਵਿਆਹ ਨੂੰ ਸਾਲ ਕੁ ਹੋ ਚੁੱਕਾ ਸੀ। ਮੈਂ ਪ੍ਰਗਤੀਵਾਦੀ। ਅੰਮ੍ਰਿਤਾ ਦੇ ਇਸਤ੍ਰੀਵਾਦ ਤੇ ਪ੍ਰਗਤੀਵਾਦ ਦੇ ਕਈ ਵਾਰ ਸਿੰਗ ਫਸ ਜਾਂਦੇ। ਖ਼ੈਰ! ਜਿੰਨਾ ਚਿਰ ਅਸੀਂ ਪੜੌਸੀ ਰਹੇ ਵਾਹਵਾ ਲੰਘੀ। ਸੁਰਿੰਦਰ ਦੀ ਉਮਰ ਵਿਆਹ ਦੀ ਹੋ ਰਹੀ ਸੀ। ਘਰ ਵਾਲੇ ਉਸ ਲਈ ਵਰ ਲੱਭ ਰਹੇ ਸਨ। ਅਖੀਰ ਉਸ ਦਾ ਵਿਆਹ ਤੈਅ ਹੋ ਗਿਆ। ਉਸ ਗਵਾਂਢੀ ਹੋਣ ਕਰਕੇ ਮੈਨੂੰ ਵੀ ਸੱਦਾ ਦਿੱਤਾ। ਮੈਂ ਕਿਹਾ, ''ਮੈਂ ਆਵਾਂਗਾ ਜ਼ਰੂਰ, ਪਰ ਇਕ ਸ਼ਰਤ 'ਤੇ ਕਿ ਰਿਕਾਰਡਿੰਗ ਲਈ ਮੈਂ ਤਿਆਰ ਹੋ ਕੇ ਆਵਾਂਗਾ।'' ਉਹ ਕਿਉਂਕਿ ਮੇਰਾ ਇਹ ਸ਼ੌਕ ਜਾਣਦੀ ਸੀ, ਇਸ ਲਈ ਮੰਨ ਗਈ। ਉਸ ਦਾ ਘਰ ਉੜਮੁੜ (ਟਾਂਡਾ) ਕਸਬੇ ਵਿਚ ਸੀ।

ਵਿਆਹ ਵਾਲੇ ਦਿਨ ਤੋਂ ਦੋ ਦਿਨ ਪਹਿਲਾਂ ਮੈਂ ਪੁੱਛਦਾ-ਪੁੱਛਾਂਦਾ ਉਥੇ ਪਹੁੰਚ ਗਿਆ। ਉੜਮੁੜ ਟਾਂਡਾ ਮੇਰੇ ਲਈ ਓਪਰਾ ਨਹੀਂ ਸੀ ਕਿਉਂਕਿ ਇਥੇ ਮੈਂ ਗੌਰਮਿੰਟ ਕਾਲਜ ਵਿਚ ਦੋ ਸਾਲ ਪੜ੍ਹਾ ਚੁੱਕਾ ਸਾਂ, ਪਰ ਫਿਰ ਵੀ ਘਰ ਲੱਭਣ ਲਈ ਕਾਫੀ ਦੇਰ ਲੱਗ ਗਈ। ਸ਼ਾਮ ਦਾ ਵਕਤ ਸੀ ਵਿਆਹ ਵਿਚ ਵਿਹਲ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਪਰ ਫਿਰ ਵੀ ਰਾਤ ਦੇ ਨੌਂ ਕੁ ਵਜੇ ਇਕ ਕਮਰੇ ਵਿਚ ਪ੍ਰਬੰਧ ਕੀਤਾ ਗਿਆ। ਵੱਡੀ ਦਿੱਕਤ ਇਹ ਸੀ ਕਿ ਅਖੰਡ ਪਾਠ ਵਿਚ ਵਿਘਨ ਪੈਂਦਾ ਸੀ। ਖ਼ੈਰ! ਸਪੀਕਰ ਬੰਦ ਕਰਾ ਕੇ ਔਰਤਾਂ ਗਾਉਣ ਲਈ ਤਿਆਰ ਹੋ ਗਈਆਂ। ਇਹ ਤਾਂ ਮੈਨੂੰ ਪਤਾ ਸੀ ਕਿ ਪਹਿਲਾਂ ਸੁਹਾਗ ਗਾਏ ਜਾਣਗੇ ਕਿਉਂਕਿ ਵਿਆਹ ਤੇ ਪੰਜ ਸੁਹਾਗ, ਮੁੰਡੇ ਦੇ ਵਿਆਹ 'ਤੇ ਪੰਜ ਘੋੜੀਆਂ (ਘੱਟੋ ਘੱਟ) ਗਾਉਣੀਆਂ ਸ਼ਗਨ ਗਿਣਿਆ ਜਾਂਦਾ ਹੈ। ਗੀਤ ਅਧੂਰਾ ਨਹੀਂ ਛੱਡਿਆ ਜਾਂਦਾ। ਨਾਨੀ ਨਾਭੀ ਕਿਹਾ ਕਰਦੀ ਸੀ, ''ਗੀਤ ਪੂਰਾ ਕਰੋ ਨਹੀਂ ਤਾਂ ਵੱਡੇ-ਵੱਡੇ ਗਿੱਲੜ ਹੋਣੇ ਐਂ ਤੁਹਾਡੇ'' ਇਹ ਵੀ ਚੰਗਾ ਡਰਾਵਾ ਸੀ। ਔਰਤਾਂ ਨੇ ਮਾਹੌਲ ਦਾ ਧਿਆਨ ਰੱਖ ਕੇ ਨੀਵੀਂ ਆਵਾਜ਼ ਵਿਚ ਗਾਉਣਾ ਸ਼ੁਰੂ ਕੀਤਾ।

*ਨੀ ਵੱਢ ਵੱਢ ਕਣਕਾਂ ਢੇਰ ਲਾਏ, ਸਾਹਿਬਾਂ ਪਲੜਾ ਫੇਰਿਆ।*
*ਗੜ ਗੜ ਕਰਦੀ ਜੰਜ ਆਈ, ਸੰਭਲ ਬਾਬਲਾ ਮੇਰਿਆ।*

ਸੁਹਾਗ ਤਾਂ ਮੈਂ ਬਹੁਤੇ ਸੁਣੇ ਸੀ, ਪਰ ਇਸ ਗੀਤ ਦੀ ਲੈਅ ਮੌਲਿਕ ਸੀ। 'ਸਾਹਿਬਾਂ ਪਲੜਾ' ਫੇਰਿਆ ਤਾਂ ਅੱਜ ਤੱਕ ਮੇਰੀ ਪਕੜ ਵਿਚ ਨਹੀਂ ਆਇਆ। ਜੰਜ ਦਾ ਗੜਗੜ ਕਰਕੇ (ਗੱਡਿਆਂ ਉਪਰ) ਆਉਣ ਦਾ ਚਿੱਤਰ ਹੋਰ ਕਿਸੇ ਸੁਹਾਗ ਵਿਚ ਮੈਨੂੰ ਨਜ਼ਰ ਨਹੀਂ ਆਇਆ। ਮੇਰੀ ਦਿਲਚਸਪੀ ਇਕਦਮ ਵਧ ਗਈ। ਮੇਰਾ ਹੁਣ ਤੱਕ ਅਨੁਭਵ ਹੈ ਕਿ ਜੋ ਤੁਸੀਂ ਇਕ ਪਿੰਡ ਵਿਚ ਨਿੱਠ ਕੇ ਫੀਲਡ ਵਰਕ ਕਰ ਲਉ ਤਾਂ ਆਲੇ ਦੁਆਲੇ ਦੇ ਪੰਜ ਦੱਸ ਮੀਲਾਂ ਵਿਚ ਤੁਹਾਨੂੰ ਉਹੋ ਜਿਹੇ ਹੀ ਗੀਤ ਮਿਲਣਗੇ। ਦੂਰ ਹੱਟਦਿਆਂ ਨਵੇਂ ਗੀਤ ਸੁਣਨ ਨੂੰ ਲੱਭਦੇ ਹਨ। ਉੜਮੁੜ ਮੈਂ ਪਹਿਲੀ ਵਾਰ ਆਇਆ ਸਾਂ। ਇਸ ਦੇ ਆਲੇ ਦੁਆਲੇ ਦੇ ਕਿਸੇ ਪਿੰਡ ਵਿਚ ਨਹੀਂ ਸਾਂ ਗਿਆ। ਇਸ ਲਈ ਇਥੇ ਵੀ ਨਵੇਂ ਗੀਤ ਮਿਲਣ ਲੱਗੇ ਸਨ। ਔਰਤਾਂ ਸੁਹਾਗ ਵਿਚ ਪੂਰੀ ਤਰ੍ਹਾਂ ਗੁਆਚ ਗਈਆਂ ਕਿਉਂਕਿ ਉਸ ਵਿਚਲੇ ਭਾਵ ਅੱਜ ਦੀ ਸਥਿਤੀ ਵਿਚ ਮਿਲ ਰਹੇ ਹਨ।

*ਨੀ ਧੀਆਂ ਦਾ ਬਾਬਲ, ਕਦੇ ਨਾ ਨਿਮਿਆਂ,*
*ਧੀਆਂ ਨੇ ਆਣ ਨਿਵਾ ਲਿਆ।*
*ਗਲ ਪਾ ਕੇ ਪਲੜਾ, ਅਰਜ਼ ਕਰਦਾ,*
*ਧੀਆਂ ਦਾ ਕਾਜ, ਰਚਾ ਲਿਆ।*

ਮੈਂ ਦੇਖਿਆ ਸੁਰਿੰਦਰ ਭਾਵੁਕ ਹੋ ਗਈ ਸੀ। ਉਹ ਉਠ ਕੇ ਹੋਰ ਕੰਮ ਕਰਨ ਦਾ ਬਹਾਨਾ ਕਰਨ ਲੱਗ ਪਈ। ਔਰਤਾਂ ਨੇ ਗੀਤ ਅਗਾਂਹ ਵਧਾਧਿਆ। ਅਗਾਂਹ ਵੀਰ/ਭੈਣ, ਤਾਇਆ/ਭਤੀਜ, ਮਾਮਾ/ਭਾਣਜੀ ਦੇ ਰਿਸ਼ਤਿਆਂ ਦਾ ਦੁਹਰਾ ਸੀ। ਇਸ ਲਈ ਮੈਂ ਹੁਣ ਪੂਰੀ ਤਰ੍ਹਾਂ ਸਹਿਜ ਹੋ ਕੇ ਗੀਤ ਦੀ ਲੈਅ ਵਿਚ ਗੁਆਚ ਗਿਆ, ਜਦੋਂ ਤੱਕ ਗੀਤ ਖ਼ਤਮ ਨਹੀਂ ਹੋਇਆ। ਮੈਂ ਸੋਚ ਰਿਹਾ ਸੀ ਕਿ ਸਮਾਜ ਵਿਚ ਧੀ ਬੇਗਾਨਾ ਧਨ ਗਿਣੀ ਜਾਂਦੀ ਹੈ। ਪਿਉ ਧੀ ਨੂੰ ਦੂਜੇ ਘਰ ਵੀ ਤੋਰਦਾ ਹੈ। ਦਾਜ ਵੀ ਦਿੰਦਾ ਹੈ। ਧੀ ਦੇ ਵਿਆਹ ਤੇ ਇਸ ਦੇ ਬਾਵਜੂਦ ਉਹ ਗਲ ਵਿਚ ਪੱਲਾ ਪਾ ਕੇ ਮਿੰਨਤਾ ਕਰਦਾ ਹੈ। 'ਥੋੜਾ ਦੇਣ, ਬਹੁਤੀ ਮਿੰਨਤ' ਇਸ ਸਮੇਂ ਦਾ ਅਖਾਣ ਹੈ। ਸਦੀਆਂ ਤੋਂ ਸਾਰੇ ਸਮਾਜ ਨੇ ਇਸ ਸਭ ਕੁਝ ਨੂੰ ਪ੍ਰਵਾਨ ਕੀਤਾ ਹੋਇਆ ਹੈ, ਜਿਸ ਦਾ ਪ੍ਰਗਟਾ ਇਹ ਗੀਤ ਕਰ ਰਿਹਾ ਸੀ। ਸਥਿਤੀ ਨੂੰ ਭਾਵੁਕ ਪੱਧਰ 'ਤੇ ਹੰਢਾਇਆ ਜਾਂਦਾ ਰਿਹਾ ਹੈ, ਪਰ ਰਸਤਾ ਕੋਈ ਨਹੀਂ। ਔਰਤਾਂ ਨੇ ਅਗਲਾ ਸੁਹਾਗ ਛੇੜਿਆ।

*ਹਾਇ ਨੀ ਲਿੰਬੀ ਪੋਚੀ ਮਾੜੀ, ਪਲੰਘ ਡੁਹਾ ਦੇਨੀ ਆਂ।*
*ਹਾਇ ਨੀ ਉਤੇ ਚੜ੍ਹ ਸੁੱਤਾ ਮੇਰਾ ਬਾਬਲ, ਤੇ ਨੀਂਦ ਨਾ ਆਂਵਦੀਏ।*
*ਬਾਬਲ ਕਿਥੇ ਗਈ ਨੀਂਦ ਪਿਆਰੀ, ਘਰ ਕੰਨਿਆਂ ਕੁਮਾਰੀ,*
*ਸਲ੍ਹਾਰੀ (ਦੁਲਾਰੀ) ਬੇਟੀ ਵਰ ਮੰਗਦੀ।*
*ਅੱਛਾ ਘਰ ਦਿਆਂਗੇ, ਅੱਛਾ ਵਰ ਦਿਆਂਗੇ।*

ਇਹ ਸੁਹਾਗ ਜੁਆਨ, ਵਿਆਹ ਲਾਇਕ ਹੋਈ ਬੇਟੀ ਦੇ ਬਾਪ ਦੀ ਮਾਨਸਿਕਤਾ ਦਾ ਬਿਆਨ ਕਰਦਾ ਸੀ। ਇਸ ਦੀ ਲੈਅ ਕਈ ਹੋਰ ਸੁਹਾਗਾਂ ਨਾਲ ਮੇਲ ਖਾਂਦੀ ਸੀ। ਔਰਤਾਂ ਨੇ ਥੋੜ੍ਹਾ ਸਾਹ ਲੈ ਕੇ ਤੀਜਾ ਸੁਹਾਗ ਛੇੜ ਲਿਆ। ਸੁਰਿੰਦਰ ਦੀ ਮਾਂ ਵੀ ਭਰੇ ਗਲੇ ਨਾਲ ਉਠ ਕੇ ਚਲੀ ਗਈ। ਤਿੰਨ ਚਾਰ ਔਰਤਾਂ ਨੇ ਹੀ ਅਗਲਾ ਗੀਤ ਛੁਹਿਆ।

*ਚੰਨਣ ਰੁੱਖ, ਲਵਾ ਮੇਰੇ ਬਾਬਲਾ,*
*ਲੁਆ ਮੇਰੇ ਲੱਖੀਆ, ਚੰਨਣ ਰੁੱਖ ਲਵਾਈਏ।*
*ਮਸ਼ਕਾਂ ਦਾ ਪਾਣੀ, ਲਵਾ ਮੇਰੇ ਬਾਬਲਾ,*
*ਲਵਾ ਮੇਰੇ ਲੱਖੀਆ, ਮਸ਼ਕਾਂ ਦਾ ਪਾਣੀ ਲਵਾਈਏ,*
*ਲੌਂਗਾਂ ਦੀ ਵਾੜ ਦਵਾ ਮੇਰੇ ਬਾਬਲਾ,*
*ਲਵਾ ਮੇਰੇ ਲੱਖੀਆ, ਲੌਂਗਾ ਦੀ ਵਾੜ ਦੁਆਈਏ।*

ਇਸ ਸੁਹਾਗ ਦੀ ਲੈਅ ਵਿਚ ਇਕ ਵੱਖਰੀ ਖਿੱਚ ਸੀ, 'ਲੱਖੀਆ ਤੇ ਵਿਸਰਾਮ ਤੇ ਫਿਰ ਲਵਾਈਏ ਤੇ ਲੰਮੀ ਹੇਕ। ਇਹ ਲੈਅ ਵੀ ਮੈਂ ਪਹਿਲੀ ਵਾਰ ਸੁਣ ਰਿਹਾ ਸਾਂ। ਤਿੰਨ ਪੰਗਤੀਆਂ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਰਹੀ ਸੀ ਕਿ ਸੁਹਾਗ ਵਿਚ ਬਿਰਤਾਂਤ ਦਾ ਅੰਸ਼ ਸੀ। ਬੇਦੀ ਉਪਰ ਗੱਡਣ ਲਈ ਕੇਲੇ ਨਹੀਂ ਚੰਨਣ ਦੇ ਰੁੱਖ,



ਆਲਾ ਦੁਆਲਾ ਵਲਗਣ ਲਈ ਲੌਂਗਾਂ ਦੀ ਵਾੜ। ਮਸ਼ਕਾਂ ਦਾ ਛਿੜਕਾ। ਵਾਰੇ ਜਾਣ ਨੂੰ ਜੀਅ ਕਰਦਾ ਹੈ, ਇਸ ਕਲਪਨਾ ਤੋਂ। ਇਸੇ ਕਲਪਨਾ ਦਾ ਸੁਹਾਗ ਸਾਰੇ ਗੀਤਾਂ ਵਿਚੋਂ ਉਭਰ ਰਿਹਾ ਸੀ।

*ਲਹੌਰੋਂ ਤਰਖਾਣ ਮੰਗਾ ਮੇਰੇ ਬਾਬਲਾ,*
*ਮੰਗਾ ਮੇਰੇ ਲੱਖੀਆ, ਲਹੌਰੋਂ ਤਰਖਾਣ ਮੰਗਾਈਏ।*
*ਮੁੱਢੋਂ ਤਾਂ ਬੂਟਾ ਵੱਢਾ ਮੇਰੇ ਬਾਬਲਾ,*
*ਵਢਾ ਮੇਰੇ ਲੱਖੀਆ ਮੁੱਢੋ ਤਾਂ ਬੂਟਾ ਵੱਢਾਈਏ।*
*ਬੀਬੀ ਦਾ ਡੋਲਾ, ਬਣਾ ਮੇਰੇ ਬਾਬਲਾ,*
*ਬਣਾ ਮੇਰੇ ਲੱਖੀਆ, ਬੀਬੀ ਦਾ ਡੋਲਾ ਬਣਾਈਏ।*
*ਆਪਣੀ ਜੂਹੋਂ ਲੰਘਾ ਮੇਰੇ ਬਾਬਲਾ, ਲੰਘਾ ਮੇਰੇ ਲੱਖੀਆ,*
*ਆਪਣੀ ਜੂਹੋਂ ਲੰਘਾਈਏ।*

ਸੋਜ਼ਮਈ ਲੈਅ ਵਿਚ ਬੇਟੀ ਨੂੰ ਡੋਲੇ ਵਿਚ ਪਾ ਜੂਹੋਂ ਬਾਹਰ ਭੇਜਣ ਤੱਕ ਦਾ ਵਰਣਨ ਸੀ ਇਥੇ। ਇਸੇ ਦੌਰਾਨ ਸੁਰਿੰਦਰ ਦੀ ਮਾਤਾ ਅੱਖਾਂ ਪੂੰਝਦੀ ਬਾਹਰ ਆਈ। ਲਾਲ ਸੁਰਖ ਸਨ ਉਸ ਦੀਆਂ ਅੱਖਾਂ। ਇਕ ਰਿਸ਼ਤੇਦਾਰ ਨੇ ਉਸ ਨੂੰ ਸੰਭਾਲਿਆ। ਅੰਦਰ ਕੀ ਹੋ ਰਿਹਾ ਸੀ, ਸਾਨੂੰ ਕਿਸੇ ਨੂੰ ਕੁਝ ਪਤਾ ਨਹੀਂ ਸੀ। ਔਰਤਾਂ ਪਹਿਲਾਂ ਵਾਲੀਆਂ ਹੇਕਾਂ ਵਿਚ ਅਗਲਾ ਸੁਹਾਗ ਛੋਹ ਬੈਠੀਆਂ ਸਨ।

*ਆ ਨੀ ਮਾਏ ਰਲ ਗੱਲਾਂ ਕਰੀਏ, ਆਈ ਵਿਛੋੜੇ ਦੀ ਰਾਤ।*
*ਕਿਕਰ ਨੀ ਜਾਈਏ, ਰਲ ਗੱਲਾਂ ਕਰੀਏ, ਸਾਜਨ ਖਲੋਤੇ ਬੂਹਿਉਂ ਬਾਹਰ।*



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਮਾਈ ਤੋਂ ਬਾਅਦ ਭੈਣਾਂ, ਭਾਬੋਆਂ ਨੂੰ ਗੱਲਾਂ ਕਰਨ ਦਾ ਸੱਦਾ ਦਿੰਦਾ ਇਹ ਸੁਹਾਗ ਵੀ ਖ਼ਤਮ ਹੋ ਗਿਆ। ਲੱਗਦਾ ਸੀ ਹੁਣ ਇਹ ਔਰਤਾਂ ਸਾਰੀ ਰਾਤ ਗਾਉਂਦੀਆਂ ਰਹਿਣਗੀਆਂ। ਇਕ ਹਟਦੀ ਤੇ ਦੂਸਰੀ ਆਗੂ ਬਣ ਬਹਿੰਦੀ। ਚਾਰ ਸੁਹਾਗ ਹੋ ਚੁੱਕੇ ਸਨ, ਘੱਟੋ ਘੱਟ ਇਹ ਇਕ ਹੋਰ ਸੁਹਾਗ ਗਾਉਣਗੀਆਂ ਤੇ ਫਿਰ ਹੋਰ ਗੀਤ। ਇਹ ਮੇਰਾ ਅਨੁਭਵ ਸੀ। ਅਗਲਾ ਸੁਹਾਗ ਸੀ।

*ਲੌਂਗਾਂ ਦੇ ਆਏ ਵਪਾਰੀ, ਸਾਡੇ ਬਾਗੀਂ ਆ ਉਤਰੇ*
*ਅੰਦਰ ਵੜਕੇ ਨਾ ਰੋ ਮੇਰੇ ਬਾਬਲ,*
*ਤੇਰੇ ਸੱਦੇ ਸਾਜਨ, ਆ ਉਤਰੇ।*
*ਮੈਂ ਨਾ ਸੱਦੇ ਮੇਰੀ ਲਾਡ ਲਾਡੀਕੀਏ,*
*ਲਾਲ ਵਿਹਾਵਣ ਆ ਉਤਰੇ।*

ਬਾਅਦ ਵਿਚ ਮੈਂ ਇਹ ਸੋਚਦਾ ਰਿਹਾ ਕਿ ਟਾਂਡੇ ਦਾ ਅਰਥ ਠਹਿਰਨ ਦਾ ਥਾਂ ਹੈ। ਕਦੇ ਟਾਂਡਾ (ਉੜਮੁੜ) ਵੀ ਵਪਾਰੀਆਂ ਦਾ ਥਾਂ ਰਿਹਾ ਹੈ, ਇਸੇ ਲਈ ਇਨ੍ਹਾਂ ਸੁਹਾਗਾਂ ਵਿਚ ਲੌਂਗ, ਚੰਨਣ ਆਦਿ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ। ਇਹ ਗੀਤ ਚੱਲ ਹੀ ਰਿਹਾ ਸੀ ਕਿ ਦੂਜੇ ਅੰਦਰੋਂ ਜ਼ੋਰ-ਜ਼ੋਰ ਦੀ ਰੋਣ ਦੀ ਆਵਾਜ਼ ਆਈ। ਅੰਦਰ ਝਾਤੀ ਮਾਰੀ ਤਾਂ ਸੁਰਿੰਦਰ ਤੇ ਉਸ ਦੀ ਮੰਮੀ ਇਕ ਦੂਜੇ ਦੇ ਗੱਲ ਲੱਗ ਕੇ ਰੋ ਰਹੀਆਂ ਸਨ। ਮੈਂ ਇਕ ਔਰਤ ਨੂੰ ਉਨ੍ਹਾਂ ਪਾਸ ਭੇਜ ਦਿੱਤਾ। ਉਮੀਦ ਸੀ ਕਿ ਮਾਹੌਲ ਸਾਵਾਂ ਹੋ ਜਾਵੇਗਾ। ਇਸ ਲਈ ਮੈਂ ਇਕ ਹੋਰ ਗੀਤ ਸੁਣਨ ਬੈਠ ਗਿਆ। ਉਨ੍ਹਾਂ ਔਰਤਾਂ ਨੇ ਇਕ ਸੁਹਾਗ ਸ਼ੁਰੂ ਕੀਤਾ, ਜੋ ਮੈਂ ਪਹਿਲਾਂ ਸੁਣਿਆ ਹੋਇਆ ਸੀ ਪਰ ਮੈਂ ਟੋਕਿਆ ਨਾ।

*ਪੰਜ ਮਣ ਚੌਲ, ਪੰਜਾਹ ਮਣ ਆਟਾ, ਤੀਹ ਮਣ ਦਹੀਂ ਵੇ ਜੰਮਾਇਆ,*
*ਸੁਣ ਮੇਰੀਏ ਭੋਲੀਏ ਮਾਈਏ, ਤੂੰ ਕੇਹਦੜਾ, ਕਾਜ ਰਚਾਇਆ।*
*ਪੰਜ ਮਣ ਚੌਲ, ਪੰਜਾਬ ਮਣ ਆਟਾ ਤੀਹ ਮਣ ਦਹੀਂ ਵੇ ਜੰਮਾਇਆ।*
*ਸੁਣ ਮੇਰੀਏ ਭੋਲੀਏ ਬੇਟੀ, ਮੈਂ ਤੇਰਾ ਕਾਜ ਰਚਾਇਆ।*

ਇਸ ਸੁਹਾਗ ਦੀ ਕਲਪਨਾ ਵੀ ਬੜੀ ਸੁਹਜਮਈ ਸੀ। ਗਰੀਬ ਤੋਂ ਗਰੀਬ ਘਰਾਂ ਵਿਚ ਇਹੋ ਜਿਹੇ ਸੁਹਾਗ ਗਾਏ ਜਾਂਦੇ ਹਨ। ਇਕ ਹੋਰ ਸੁਹਾਗ ਜਿਹੜਾ ਔਰਤਾਂ ਨੇ ਸ਼ੁਰੂ ਕੀਤਾ, ਉਸ ਵਿਚ ਸਿੱਧਾ ਸੁਰਿੰਦਰ ਨੂੰ ਸੰਬੋਧਨ ਸੀ।

*ਕਿਥੇ ਤੇਰਾ ਆਉਣਾ ਜਾਣਾ, ਕਿੱਥੇ ਤਾਂ ਬੈਠੀ ਪੀੜ੍ਹਾ ਡਾਹ,*
*ਟਾਂਡੇ ਨੀ ਭੈਣਾ ਮੇਰਾ ਆਉਣਾ ਜਾਣਾ,*
*ਸਲ੍ਹੈਰੀਆਂ ਤਾਂ ਬੈਠੀ ਪੀੜ੍ਹਾ ਡਾਹ।*
*ਕੀਕਰ ਨੀ ਛੱਡੀਆਂ ਜਾਈਏ ਸਹੇਲੀਆਂ ਕੀਕਰ ਛੱਡੀ ਭੋਲੀ ਮਾਂ।*
*ਰੋ, ਰੋ ਕੇ ਛੱਡੀਆਂ ਜਾਈਏ ਸਹੇਲੀਆਂ, ਹਾੜੇ ਕਢੇਂਦੀ ਭੋਲੀ ਮਾਂ।*

ਇਨ੍ਹਾਂ ਪੰਗਤੀਆਂ ਦੇ ਗਾਉਣ ਦੀ ਦੇਰ ਸੀ ਕਿ ਅੰਦਰੋਂ ਫਿਰ ਉਚੀ ਰੋਣ ਦੀ ਆਵਾਜ਼ ਸ਼ੁਰੂ ਹੋ ਗਈ। ਇਕ ਜਣੀ ਉਠ ਕੇ ਸਮਝਾਉਣ ਗਈ, ਪਰ ਰੋਂਦੀ ਹੋਈ ਵਾਪਸ ਆ ਗਈ। ਇਉਂ ਵਾਰੀ-ਵਾਰੀ ਸਾਰਿਆਂ ਰੋਣਾ ਸ਼ੁਰੂ ਕਰ ਦਿੱਤਾ। ਕੁਝ ਤਾਂ ਥੋੜ੍ਹੀ ਦੇਰ ਬਾਅਦ ਚੁੱਪ ਹੋ ਗਈਆਂ ਤੇ ਧੀਆਂ ਦੇ ਤੁਰ ਜਾਣ ਦੀ ਚਰਚਾ ਕਰਨ ਲੱਗੀਆਂ। ਪਰ ਭਾਵੁਕਤਾ ਦੇ ਇਸ ਮਾਹੌਲ ਵਿਚ ਬਾਕੀ ਸਹਿਜ ਨਾ ਹੋ ਸਕੀਆਂ। ਮੈਨੂੰ ਰਿਕਾਰਡਿੰਗ ਦਾ ਕੰਮ ਵਿਚੇ ਹੀ ਛੱਡਣਾ ਪਿਆ।

ਅਗਲੇ ਦਿਨ ਸਵੇਰੇ ਸ਼ਗਨ ਤੇ ਲਿਆਂਦਾ ਗਿਫਟ ਸੁਰਿੰਦਰ ਨੂੰ ਸੌਂਪ ਕੇ ਮੈਂ ਪਿੰਡ ਪਰਤ ਆਇਆ। ਵਿਆਹ ਤੋਂ ਬਾਅਦ ਜਿਵੇਂ ਮੈਡਮ ਸੁਰਿੰਦਰ ਇਕ ਦਮ ਲੋਪ ਹੀ ਹੋ ਗਈ। ਇਕ ਵਾਰ ਪਤਾ ਲੱਗਾ ਕਿ ਉਹ ਮੁਕਤਸਰ ਪੜ੍ਹਾਉਂਦੀ ਹੈ। ਫਿਰ ਪਤਾ ਲੱਗਾ ਕਿ ਉਸ ਦੇ ਦੋ ਬੇਟੇ ਵੀ ਹੋ ਚੁੱਕੇ ਹਨ। ਉਹ ਦੁਬਾਰਾ ਅੱਜ ਤੱਕ ਮੈਨੂੰ ਨਹੀਂ ਮਿਲੀ। ਪਰ ਜਦੋਂ ਵੀ ਉੜਮੁੜ ਤੋਂ ਸੁਣੇ ਸੁਹਾਗ ਮੈਂ ਦੁਬਾਰਾ ਸੁਣੇ ਜਾਂ ਪੜ੍ਹੇ ਹਨ, ਮੈਂ ਕਲਪਨਾ ਵਿਚ ਹੀ ਦੁਬਾਰਾ ਉਥੇ ਪਹੁੰਚ ਜਾਂਦਾ ਹਾਂ। ਅਨੇਕਾਂ ਵਾਰ ਮੈਂ ਉਸੇ ਅਨੁਭਵ ਨੂੰ ਵਾਰ-ਵਾਰ ਜੀਵਿਆ ਹੈ ਤੇ ਹੁਣ ਲਿਖਣ ਸਮੇਂ ਵੀ।

Vehicle Unlock Specialist
Boost Your Car Call 24/7
Gurpreet Sohal
Tel: 780.935.2990
gssohal72@yahoo.co.in
If your car is locked or need a boost please call 780.935.2990

BeLL STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੋਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA SOCKET RENOVATION
Call: ਅਮਰ (AMAR)
780 271 2266
Fax: 780 463 7363

# ਸ਼ਿਅਰਾਂ ਵਿਚ ਪਰਵਾਸ . . .



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

ਪਰਵਾਸੀ ਹੋਣਾ ਜ਼ਿੰਦਗੀ ਵਾਸਤੇ ਸਭ ਤੋਂ ਵੱਡਾ ਸੰਤਾਪ ਹੈ। ਪੱਛਮੀ ਦੁਨੀਆਂ ਦੀ ਤੜਕ-ਫੜਕ ਅਤੇ ਡਾਲਰੀਂ-ਪੌਂਡੀ ਭਟਕਣ ਵਿਚ ਫਸਿਆ ਆਦਮੀ ਫੜਫੜਾ ਵੀ ਨਹੀਂ ਸਕਦਾ। ਪੰਜਾਬ ਵਿਚ ਪੱਛਮੀ ਦੇਸ਼ਾਂ ਵਿਚ 'ਪੱਕੇ ਹੋਣਾ' ਸਵਰਗ ਦੀ ਸੀਟ ਪੱਕੀ ਕਰਨ ਬਰਾਬਰ ਸਮਝਿਆ ਜਾਂਦਾ ਸੀ, ਪਰ ਅਜੋਕੇ ਸਮੇਂ ਵਿਚਲੀ ਮੰਦੀ ਦੀ ਮਾਰ ਨੇ ਪੱਛਮ ਨੂੰ ਤੇੜੋਂ ਨੰਗਿਆਂ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਦੇਸ਼ਾਂ ਦੀ ਬੇਰੁਜ਼ਗਾਰੀ ਅਤੇ ਮੰਦੀ ਦੀ ਮਾਰ ਸਭ ਤੋਂ ਵੱਧ ਪੰਜਾਬੀਆਂ ਨੂੰ ਸਹਿਣੀ ਪੈ ਰਹੀ ਹੈ। ਪੰਜਾਬੀ ਘਰ ਘਾਟ ਵੇਚ ਕੇ ਜ਼ਮੀਨਾਂ ਸ਼ਰੀਕਾਂ ਨੂੰ ਬੈਅ ਕਰਕੇ ਪਰਵਾਸੀ ਹੋਏ ਸਨ ਕਿ ਡਾਲਰਾਂ ਦੀਆਂ ਗੱਡੀਆਂ ਭਰ ਕੇ ਲਿਆਉਣਗੇ ਤੇ ਸ਼ਰੀਕਾਂ ਦੇ ਸਾਹਮਣੇ ਆਲੀਸ਼ਾਨ ਕੋਠੀਆਂ ਪਾ ਕੇ ਸ਼ਹਿਨਸ਼ਾਹੀ ਜੀਵਨ ਬਤੀਤ ਕਰਨਗੇ। ਪਰ ਅੱਜ ਪਰਵਾਸੀ ਪੰਜਾਬੀਆਂ ਦੀ ਹਾਲਤ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹੈ। ਉਹ ਪਰਵਾਸ ਵਿਚ ਬੇਰੁਜ਼ਗਾਰੀ ਤੇ ਕੰਗਾਲੀ ਦਾ ਪਰਵਾਸ ਹੰਢਾ ਰਹੇ ਹਨ। ਨਸ਼ਈ ਹੋ ਰਹੇ ਹਨ ਅਤੇ ਮਾਫੀਏ ਦੇ ਟੇਟੇ ਚੜ੍ਹ ਰਹੇ ਹਨ। ਪੰਜਾਬੀਆਂ ਦੀ ਦਲੇਰੀ ਬੁਜ਼ਦਿਲ ਕੰਮਾਂ ਵਿਚ ਨਾ ਗਰਕ ਜਾਵੇ-ਪਰਵਾਸ ਵਿਚ ਵਸਕੇ ਪੰਜਾਬੀ ਪੁੱਤਾਂ ਬਾਰੇ ਪੰਜਾਬੀ ਮਾਪੇ ਫਿਕਰਮੰਦ ਹਨ। ਇਸ ਹਾਲਤ ਵਿਚ ਵੀ ਪਰਵਾਸੀ ਪੰਜਾਬੀ ਵਕਤ ਦੀ ਹਿਕ ਉਤੇ ਸ਼ਾਇਰੀ ਕਰਦੇ ਹਨ। ਸੈਂਕੜੇ ਗ਼ਜ਼ਲਕਾਰ ਪਰਵਾਸੀ ਸਰੋਕਾਰਾਂ ਸਮੇਤ ਵਤਨ ਦੇ ਉਦਰੇਵੇਂ ਬਾਰੇ ਸ਼ਿਅਰ ਕਹਿੰਦੇ ਹਨ। ਆਓ ਪਰਵਾਸੀਆਂ ਦੇ ਅਤੇ ਪਰਵਾਸ ਬਾਰੇ ਕੁਝ ਸ਼ਿਅਰ ਪੜ੍ਹੀਏ :

ਦੀਦੇ ਦੀਦ ਪਿਆਸੇ ਤਰਸਣ ਘਰ ਮੁੜ ਆ ਪ੍ਰਵਾਸੀ ਸੱਜਣਾ
ਸਾਹ ਸਾਹ ਲੋਚੇ ਬਣ ਕੇ ਆਜਾ ਮਨ ਸਰਸਾਵਣ ਵਾਲਾ ਮੌਸਮ
ਓ ਨਿਰਮੋਹੀ ਪਰ-ਵਸ ਹੋ ਕੇ ਜਿਉਣ ਦਾ ਦੁਖ ਤੂੰ ਕੀ ਜਾਣੇ
ਜਿਸ ਨੂੰ ਮਿਲਿਆ ਮਨ ਮਰਜ਼ੀ ਦਾ ਮੌਜ ਮਲਾਵਣ ਵਾਲਾ ਮੌਸਮ।

***ਮੋਹਨ ਸਿੰਘ ਔਝਲਾ ਸਰੀ ਕੈਨੇਡਾ***

----

ਹੁੰਦਾ ਸੀ ਜੋ ਦੇਸ਼ ਵਿਚ ਹਰ ਮਹਿਫਿਲ ਦੀ ਜਾਨ
ਖੋਟਾ ਸਿੱਕਾ ਹੋ ਗਿਆ ਜਾ ਕੇ ਵਿਚ ਪਰਵਾਸ।

***ਅਗਿਆਤ***

----

ਮੈਂ ਤੇ ਐਵੇਂ ਹਾਸੇ ਹਾਸੇ ਪਿਆਰ ਉਹਦਾ ਅਜ਼ਮਾਇਆ ਸੀ
ਉਹਨੇ ਮੇਰੇ ਵਾਪਸ ਸਾਰੇ ਮੁੰਦੀਆਂ ਛੱਲੇ ਕੀਤੇ ਨੇ।

***ਅਸ਼ਰਫ ਗਿੱਲ ਅਮਰੀਕਾ***

----

ਉਠਦੀ ਬਹਿੰਦੀ ਤੁਰਦੀ ਫਿਰਦੀ ਕੀੜੀ ਵਾਂਗਰ ਕਿਰਤ ਕਰੇ
ਰਬ ਦਾ ਨਾਮ ਹਮੇਸ਼ਾਂ ਲੈਂਦੀ ਮੰਜਾ ਡਾਹਣ ਦੇ ਮਗਰੋਂ ਮਾਂ।

***ਗੁਰਦੇਵ ਸਿੰਘ ਘਣਗੱਸ ਅਮਰੀਕਾ***

----

ਵਾਸ਼ਨਾ ਤੇ ਰੂਪ ਦੇ ਮਾਰੇ ਨੇ ਲੋਕ
ਸੱਚੀ ਸੁੱਚੀ ਆਸ਼ਕੀ ਜਾਂਦੀ ਰਹੀ।

***ਨਦੀਮ ਪ੍ਰਮਾਰ ਕੈਨੇਡਾ***

----

ਸਖਸ਼ ਇਕ ਏਦਾਂ ਵੀ ਮੈਂ ਦਿਲ ਵਿਚ ਉਤਰਦਾ ਵੇਖਿਆ
ਗਰਮ ਚਾਕੂ ਬਰਫ ਦੀ ਸਿਲ ਅੰਦਰ ਉਤਰਦਾ ਵੇਖਿਆ।

***ਸੁਰਿੰਦਰ ਸੋਹਲ ਅਮਰੀਕਾ***

----

ਮੋਹ ਮਾਇਆ ਦਾ ਖਹਿੜਾ ਛੱਡੋ ਦਾਰੂ ਪੀ ਕੇ ਕਰੋ ਲੜਾਈ
ਸ਼ਕਤੀ ਗਰਮਾ ਗਰਮ ਤਿਆਗੋ ਭਗਤੀ ਨਰਮਾ ਨਰਮ ਖਰੀਦੋ।

***ਮੱਖਣ ਲੁਹਾਰ ਯੂ.ਐਸ.ਏ***

----

ਸੋਚਦਾ ਹਾਂ ਮਹਿਕਦੀ ਲਿੱਪੀ ਵਿਚ ਤੇਰਾ ਨਾਂ ਲਿਖਾਂ
ਚੇਤਰਾਂ ਦੀ ਧੁੱਪ ਪਤੇ ਹਾੜਾਂ ਦੀ ਠੰਡੀ ਛਾਂ ਲਿਖ।

***ਡਾ. ਚਰਨਜੀਤ ਸਿੰਘ ਮਾਨ ਕੈਲੀਫੋਰਨੀਆ***

----

ਜਿੰਦ ਤਲੀ ਤੇ ਟਿਕਾਉਣੀ ਪੈਂਦੀ ਬਣਨ ਲਈ ਕੁਝ
ਜਾਣ ਜਿੱਤੀਆਂ ਨਾ ਜੰਗਾਂ ਫੋਕੇ ਲਾਰਿਆਂ ਦੇ ਨਾਲ।

***ਐਸ. ਅਸ਼ੋਕ ਭੌਰਾ ਅਮਰੀਕਾ***

----

ਸੁਰਗਾਂ ਤੋਂ ਘਟ ਨਹੀਂ ਸੀ ਭਾਵੇਂ ਉਹ ਕੱਚਾ ਘਰ ਸੀ
ਤਾਕੀ ਨਹੀਂ ਸੀ ਕੋਈ ਨਾ ਹੀ ਕੋਈ ਦਰ ਸੀ।

***ਗੁਰਮੇਜ ਦੁੱਗਲ ਸਵਿਟਜ਼ਰਲੈਂਡ***

----

ਇਹ ਤਾਂ ਚੰਨ ਦੀ ਲੋਅ ਹੁੰਦੇ ਨੇ ਫੁੱਲਾਂ ਦੀ ਖੁਸ਼ਬੋ ਹੁੰਦੇ ਨੇ
ਸੱਚੇ ਸੁੱਚੇ ਸ਼ਾਇਰਾਂ ਕੋਲੋਂ ਕਿੱਥੇ ਖਿਆਲ ਲੁਕੋ ਹੁੰਦੇ ਨੇ।

***ਪਰਮਜੀਤ ਸਾਗਰ ਅਮਰੀਕਾ***

----

ਆਪਾਂ ਸਕਾਈਪ ਉਤੇ ਹੰਝੂ ਨਾ ਵਗਣ ਦਿੱਤੇ
ਨਾ ਹੀ ਉਦਾਸੀ ਦਿਲ ਦੀ ਚਿਹਰੇ 'ਤੇ ਆਉਣ ਦਿੱਤੀ
ਕੱਲ੍ਹ ਫੇਸਬੁੱਕ ਉਤੇ ਤੱਕੀ ਮੈਂ ਫੋਟੋ ਤੇਰੀ
ਪੌਂਡਾਂ ਦੇ ਦੇਸ਼ ਜਾ ਕੇ, ਤੂੰ ਕਿੰਨਾ ਬਦਲ ਗਿਆ ਏਂ
ਇੰਟਰਨੈਟ 'ਤੇ ਕਿੰਨੇ ਧੋਖੇ ਹੁੰਦੇ ਨੇ,
ਉਤੋਂ ਮਹਿਲ ਤੇ ਵਿਚੋਂ ਖੋਖੇ ਹੁੰਦੇ ਨੇ।

***ਸੁਲੱਖਣ ਸਰਹੱਦੀ***

----

ਕਾਲਿਆਂ ਤੋਂ ਧੌਲਿਆਂ ਦਾ ਸਫ਼ਰ ਮੁਕਾ ਇਸ ਨਗਰ
ਫੇਰ ਵੀ ਮਹਿਮਾਨ ਦੇ ਮਹਿਮਾਨ ਤੇਰੇ ਇਸ ਮੁਲਕ ਵਿਚ।

***ਗੁਰਸ਼ਰਨ ਸਿੰਘ ਅਜੀਬ ਬਰਤਾਨੀਆ***

----

ਦਾਣੇ ਦੁਣਕੇ ਦੀ ਮਜਬੂਰੀ ਲੈ ਗਈ ਹੈ ਪਰਦੇਸੀਂ
ਬੁੱਢੀਆਂ ਚਿੜੀਆਂ ਲੱਭਣ ਉਡ ਗਏ ਬੋਟਾਂ ਦੇ ਸਿਰਨਾਵੇਂ।

***ਅਮਰਜੀਤ ਸਿੰਘ ਸੰਧੂ***

----

ਵੇਖਦੇ ਹੀ ਵੇਖਦੇ ਮੈਂ ਹੋ ਗਿਆ ਖਾਨਾ ਬਦੋਸ਼
ਰਿਸ਼ਤਿਆਂ ਦੇ ਕਾਫਿਲੇ ਹੀ ਲੈ ਗਏ ਸਭ ਕੁਝ ਅਟੇਰ।

***ਨਰਿੰਜਣ ਸਿੰਘ ਨੂਰ ਬਰਤਾਨੀਆ***

----

ਢਲ ਗਿਆ ਦਿਨ ਵਕਤ ਆਇਆ ਸ਼ਾਮ ਦਾ,
ਲੱਭੀਏ ਕੈਫੇ ਸਹਾਰਾ ਜਾਮ ਦਾ।

***ਗੁਰਨਾਮ ਸਿੰਘ ਬਰਤਾਨੀਆ***

----



ਕਿਹੜਾ ਇਨ੍ਹਾਂ ਨੂੰ ਪੜ੍ਹ ਸਕੇ ਕਿਸ ਪਾਸ ਵਿਹਲ ਹੈ,
ਪਾਈ ਨਾ ਜਾਹ ਕਹਾਣੀਆਂ ਕੇਵਲ ਤੂੰ ਸਾਰ ਲਿਖ।

***ਕ੍ਰਿਸ਼ਨ ਭਨੋਟ ਅਮਰੀਕਾ***

----

ਕਦੇ ਜੇ ਚੋਣ ਦਾ ਤੂੰ ਹੱਕ ਦੇ ਦੇਂਦਾ ਵਿਚਾਰੇ ਨੂੰ
ਗਗਨ ਵਿਚ ਠੀਕ ਕੋਈ ਥਾਂ ਤਾਂ ਮਿਲ ਜਾਂਦਾ ਵਿਚਾਰੇ ਨੂੰ।

***ਸਵਰਨ ਚੰਦਨ ਇੰਗਲੈਂਡ***

----

ਟਰਾਂਟੋ ਕੀ ਵਾਸ਼ਿੰਗਟਨ ਕੀ ਜਨੇਵਾ ਤੇ ਕੀ ਲੰਡਨ
ਤੂੰ ਕਿਉਂ ਹਰ ਥਾਂ 'ਚੋਂ ਹਰ ਵੇਲੇ ਜਲੰਧਰ ਭਾਲਦਾ ਰਹਿੰਨਾ।

***ਉਂਕਾਰ ਪ੍ਰੀਤ ਟਰਾਂਟੋ ਕੈਨੇਡਾ***

----

ਅਗਨੀ ਪਰਖ ਤੋਂ ਪਿੱਛੋਂ ਵੀ ਨਾ ਸੱਚ ਪਛਾਤਾ ਸੀਤਾ ਦਾ,
ਧੋਬੀ ਦੇ ਹੀ ਮਿਹਣੇ ਤੇ ਫੁੱਲ ਰਾਮ ਚੜਾਈ ਫਿਰਦੇ ਨੇ।

***ਭੁਵਿੰਦਰ ਕੌਰ ਗਿੱਲ ਕੈਨੇਡਾ***

----

ਅਜੇ ਸੰਸਾਰ ਇਹ ਜੋਕਾਂ ਦਾ ਹੈ ਲੋਕਾਂ ਦਾ ਨਹੀਂ ਬਣਿਆ,
ਅਸੀਂ ਤਾਂ ਸੋਚਦੇ ਹਾਂ ਬਣ ਜਾਏ ਸੰਸਾਰ ਲੋਕਾਂ ਦਾ।

***ਕੇਸਰ ਸਿੰਘ ਨੀਰ ਕੈਨੇਡਾ***

----

ਪੌਂਡ ਵੀ ਦਿੰਦੇ ਨਾ ਰਾਹਤ, ਜੀ ਕਰੇ
ਉਡ ਜਾ ਏਥੋਂ ਬਦਲ ਕੇ ਭੇਸ ਹੁਣ।

***ਗੁਰਦਰਸ਼ਨ ਬਾਦਲ ਸਰੀ***

----

ਮੈਂ ਅੰਬਰ ਤੋਂ ਟੁੱਟਾ ਤਾਰਾ ਭਟਕਾਂ ਵਿਚ ਖਲਾਵਾਂ ਹੋ
ਭੁੱਲ ਗਿਆ ਹੈ ਮੈਨੂੰ ਮੇਰਾ ਆਪਣਾ ਹੀ ਸਿਰਨਾਵਾਂ ਹੋ।

***ਗੁਰਦਾਸ ਸਿੰਘ ਪਰਮਾਰ ਇੰਗਲੈਂਡ***

----

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ
ਇਕ ਪਾਸੇ ਖਿਚ ਪਾਉਂਦੀ ਧਰਤ ਮਾਂ
ਇਸ ਵਤਨ ਵੀ ਵੰਸ ਮੇਰੀ ਵੱਸਦੀ।

***ਪ੍ਰੋ: ਸ਼ਮਸ਼ੇਰ ਸਿੰਘ ਸੰਧੂ ਕੈਲਗਰੀ***

----

ਉਂਝ ਤਾਂ ਆਪਣੇ ਜਾਪਦੇ ਸਾਰੇ ਦੇਸ਼ ਵਿਦੇਸ਼
ਜਨਮ ਭੋਇੰ ਪ੍ਰਵਾਨਿਆ ਖਿਚਦੀ ਰਹੇ ਹਮੇਸ਼
ਆਪਣੇ ਵਤਨੀਂ ਬਹਿ ਕੇ ਲੋਕੀਂ ਪਰਦੇਸਾਂ ਦੀ ਕਰਨ ਕਹਾਣੀ
ਪਰਦੇਸਾਂ ਦਾ ਦੁਖੜਾ ਐਪਰ, ਪਰਦੇਸਾਂ ਵਿਚ ਗਿਆਂ ਦਿਸਦਾ ਹੈ।

***ਸਵਰਨ ਸਿੰਘ ਪਰਵਾਨ ਸਵਿਟਜ਼ਰਲੈਂਡ***

----

ਗਾਗਰਾਂ 'ਚ ਪਾਲ ਕੇ ਲਾ ਬੈਠਦੇ ਨੇ ਕੁੰਡੀਆਂ
ਸੂਰਮੇ ਲੋਕੀਂ ਨੇ ਅੱਜ ਕੱਲ੍ਹ ਫੜਦੇ ਏਦਾਂ ਮਛਲੀਆਂ।

***ਇਕਬਾਲ ਰਾਮੂਵਾਲੀਆ ਕੈਨੇਡਾ***

----

ਅਨੇਕਾਂ ਖ਼ੂਨ ਦੇ ਦਰਿਆ ਇਨ੍ਹਾਂ ਵਿਚ ਜਜ਼ਬ ਨੇ ਯਾਰੋ
ਦਿਖਾਈ ਦੇਣ ਜੋ ਸੈਂਕੜੇ ਲਕੀਰਾਂ ਨਕਸ਼ਿਆਂ ਉਤੇ।

***ਹਰਜਿੰਦਰ ਕੰਗ ਯੂ.ਐਸ.ਏ***

----

ਮੈਂ ਦਰਦ ਕਹਾਣੀ ਰਾਤਾਂ ਦੀ, ਮੈਨੂੰ ਕੋਈ ਸਵੇਰਾ ਕੀ ਜਾਣੇ
ਜੋ ਰਾਤ ਪਿਆ ਸੌਂ ਜਾਂਦਾ ਏ, ਉਹ ਪੰਧ ਲਮੇਰਾ ਕੀ ਜਾਣੇ।

***ਸੁਰਜੀਤ ਰਾਮਪੁਰੀ ਕੈਨੇਡਾ***

----

ਧੀਆਂ ਸਹੁਰੇ ਤੁਰ ਗਈਆਂ ਪੁਤ ਤੁਰ ਗਏ ਪਰਦੇਸ
ਮਾਈ ਬਾਪ 'ਤੇ ਓੜ ਗਏ ਸਰਵਣ ਪਾਟੇ ਖੇਸ।

***ਮੱਖਣ ਸਿੰਘ ਕੁਹਾੜ***

----

ਬਿਗਾਨੇ ਵੀ ਦਿਖਾਈ ਆਪਣੇ ਹੀ ਦੇਣਗੇ ਤੈਨੂੰ
ਕਿਸੇ ਨੂੰ ਆਉਣ ਦੇ ਨੇੜੇ ਕਿਸੇ ਦੇ ਕੋਲ ਜਾਹ ਪਹਿਲਾਂ।

***ਆਜ਼ਾਦ ਜਲੰਧਰੀ ਕੈਲੇਫੋਰਨੀਆ***

----

ਯਾਦਾਂ ਦੀ ਖੁਸ਼ਬੋਈ ਵੰਡਣ ਚੱਲਣ ਤੇਜ਼ ਹਵਾਵਾਂ
ਆਪਣਿਆਂ ਦੇ ਬਾਝੋਂ ਕੀਕਣ ਸੁੰਨ ਮਸੁੰਨੀਆਂ ਰਾਹਵਾਂ।

***ਪ੍ਰਭਜੀਤ ਨਰਵਾਲ ਇਟਲੀ***

----

ਹੁਣ ਮੈਂ ਦਿਲ ਨੂੰ ਖਾਰ ਬਣਾ ਕੇ ਰੱਖਾਂਗਾ
ਹੁਣ ਮੈਂ ਦੁਖ ਨੂੰ ਯਾਰ ਬਣਾ ਕੇ ਰੱਖਾਂਗਾ।

***ਰਾਜਿੰਦਰ ਜਿੰਦ ਕੈਲੇਫੋਰਨੀਆ***

----

ਭਾਵ ਹੈ ਤਾਂ ਸ਼ਿਅਰ ਹੈ ਇਨਸਾਨ ਹੈ ਤਾਂ ਭਾਵ ਹੈ
ਭਾਵਨਾ ਦੇ ਸ਼ਾਂਤਮਈ ਵਿਕਾਸ ਵਿਚ ਹੀ ਕਾਵਿ ਹੈ।

***ਤੇਜਿੰਦਰ ਥਿੰਦ ਅਮਰੀਕਾ***

----

ਵਿਚ ਕੈਨੇਡਾ ਆ ਕੇ ਹੀਰੋ ਯੂਸਫ ਬਣ ਜਾਂਦੇ
ਵਿੰਗੇ ਟੇਢੇ ਸਾਰੇ, ਮੌਲਾ ਖੈਰ ਕਰੇ।

***ਇਕਬਾਲ ਅਰਪਨ ਕੈਲਗਰੀ***

----

ਜੰਮਦੇ ਸਾਰ ਹੀ ਗੁੜ੍ਹਤੀ ਵੇਲੇ ਆਈਆਂ ਧੀਆਂ ਨਾਲ ਝਰੀਟਾਂ
ਚੋਲੀ ਦਾਮਨ ਵਾਲਾ ਰਿਸ਼ਤਾ ਖੂਬ ਨਿਭਾਇਆ ਨਾਲ ਝਰੀਟਾਂ।

***ਸ਼ੁਸ਼ੀਲ ਕੌਰ ਵੈਨਕੂਵਰ***

-----

ਹਾਸੇ ਖੇਡ ਤਮਾਸ਼ੇ ਸਾਰੇ ਡਾਲਰਾਂ ਨੇ ਖਾ ਲੀਤੇ ਨੇ
ਹੁਣ ਤਾਂ ਮਾਂਗਟ ਬਣ ਕੇ ਹੰਝੂ ਖਾਰੇ ਖਾਰੇ ਫਿਰਦੇ ਹਾਂ।

***ਹਰਭਜਨ ਮਾਂਗਟ ਕੈਨੇਡਾ***

ਪੌਣ ਦੇ ਨਾਂ ਮਹਿਕ ਦੇ ਨਾਂ ਰੁੱਤ ਦੇ ਨਾਂ ਹਰ ਸਮੇਂ
ਯਾਦ ਕਰਕੇ ਦੇਸ਼ ਦੀ ਹਰ ਸ਼ੈ, ਬਥੇਰੇ ਖ਼ਤ ਲਿਖੇ।

***ਕੇਸਰ ਸਿੰਘ ਨੀਰ ਕੈਲਗਿਰੀ***

----

ਜਿਨ੍ਹਾਂ ਨੂੰ ਆਪਣੀ ਧਰਤ ਦਾ ਵੀ ਪਾਣੀ ਹੋਇਆ ਨਾ ਨਸੀਬ
ਕਬਰੀਂ ਬੈਠੇ ਰੋਣਗੇ ਇਲਜ਼ਾਮ ਕਿਸ 'ਤੇ ਧਰਨਗੇ?

***ਦਰਸ਼ਨ ਗਿੱਲ ਕੈਨੇਡਾ***

----

ਨਦੀਆਂ ਵਰਗੀ ਤੋਰ ਕੁੜੀ ਦੀ ਨਾ ਰੁਕਦੀ ਨਾ ਖੜ੍ਹਦੀ
ਦੇਸ਼ ਲਹਿਰ ਨੂੰ ਫੜ ਨੀ ਜ਼ਿੰਦੇ, ਠੁਮਕ ਠੁਮਕ ਪੱਬ ਧਰਦੀ।

***ਨਵਤੇਜ ਭਾਰਤੀ***

----

ਗਰਜ਼ਾਂ ਮਾਰੇ ਬੇਵਤਨੇ ਪ੍ਰਦੇਸੀ ਹੋ ਕੇ ਢਿੱਲੋਂ,
ਕੁਝ ਬੈਠੇ ਹਾਂ ਆਪਣੇ ਪਿੰਡਾਂ ਸ਼ਹਿਰਾਂ ਦਾ ਸਿਰਨਾਵਾਂ।

***ਪਾਲ ਢਿੱਲੋਂ ਕੈਨੇਡਾ***

----

ਨਾ ਏਥੋਂ ਦੇ ਨਾ ਹੀ ਘਰ ਦੇ,
ਅਜਨਬੀ ਬਣ ਕੇ ਪੀੜ ਹੰਢਾਈਏ।

***ਸਵਰਾਜ ਕੌਰ***

----

ਰਿਸ਼ਤਿਆਂ ਦੀ ਜ਼ਿੰਦਗੀ ਅੱਜ ਕੱਲ੍ਹ ਸਿਮਟ ਕੇ ਰਹਿ ਗਈ
ਬੰਦ ਹੁੰਦੇ ਖੁੱਲ੍ਹਦੇ ਦਰਵਾਜ਼ਿਆਂ ਦੇ ਸ਼ੋਰ ਵਿਚ।

***ਸੁਰਜੀਤ ਸਖੀ ਕੈਨੇਡਾ***

A City Limos Ltd.
Ph: 780-462-4940
Toll Free: 1-888-462-4623
Edmonton-Calgary Vancouver
Wedding
School Proms
Birthday
City Tours
Airport Service
Contact
780-951-7260
e-mail: dhaliwalsd@hotmail.com, www.acitylimousine.com







# ਕਰਾਮਾਤ

'ਕਰਾਮਾਤ' ਪਹਿਲੀ ਪੀੜ੍ਹੀ ਦੇ ਕਹਾਣੀਕਾਰ ਮਰਹੂਮ ਕਰਤਾਰ ਸਿੰਘ ਦੁੱਗਲ ਦੀ ਇਕ ਬਹੁਚਰਚਿਤ ਕਹਾਣੀ ਹੈ , ਜੋ 26 ਜਨਵਰੀ 2012 ਨੂੰ ਸਾਥੋਂ ਸਰੀਰਕ ਤੌਰ 'ਤੇ ਵਿਛੜ ਗਏ। 'ਕਰਾਮਾਤ' ਕਹਾਣੀ ਵਿੱਚ ਇੱਕ ਮਿੱਥ ਨੂੰ ਇਤਿਹਾਸਿਕ ਘਟਨਾ ਨਾਲ ਜੋੜ ਕੇ ਇਹ ਤਰਕ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ 'ਅਸੰਭਵ' ਨੂੰ ਵੀ 'ਸੰਭਵ' ਕਰਕੇ ਵਿਖਾਇਆ ਜਾ ਸਕਦਾ ਹੈ। ਸਾਖੀਆਂ ਭਾਵੇਂ ਮਨਘੜਤ ਹਨ, ਪਰ ਇਨ੍ਹਾਂ ਵਿਚਲਾ ਤਰਕ ਮਨਘੜਤ ਨਹੀਂ ਹੈ । ਮਿੱਥਾਂ ਦੇ ਵਿਗਿਆਨਿਕ ਅਧਿਐਨ ਤੋਂ ਵੀ ਇਹੋ ਤੱਥ ਉਭਰ ਕੇ ਸਾਹਮਣੇ ਆਇਆ ਹੈ। ਮਰਹੂਮ ਕਰਤਾਰ ਸਿੰਘ ਦੁੱਗਲ ਦੀ 'ਕਰਾਮਾਤ' ਦਾ ਉਦੇਸ਼ ਵੀ ਇਹੋ ਪ੍ਰਤੀਤ ਹੁੰਦਾ ਹੈ। 'ਕਰਾਮਾਤ' ਦੋ ਤਰ੍ਹਾਂ ਨਾਲ ਵਾਪਰਦੀ ਹੈ, ਸਾਖੀ ਵਿੱਚ 'ਗੈਬੀ' ਸ਼ਕਤੀ ਨਾਲ ਅਤੇ ਆਧੁਨਿਕ ਯੁੱਗ ਦੀ ਸੁਤੰਤਰਤਾ ਅੰਦੋਲਨ ਨਾਲ ਜੁੜੀ ਕਥਾ ਵਿੱਚ 'ਲੋਕ ਸ਼ਕਤੀ' ਨਾਲ। ਇਸ ਤਰ੍ਹਾਂ ਕਹਾਣੀ 'ਕਰਾਮਾਤ' ਦਾ ਮੁੱਖ ਉਦੇਸ਼ ਇਹੋ ਹੋ ਨਿਬੜਦਾ ਹੈ ਕਿ 'ਲੋਕ ਸ਼ਕਤੀ' ਹੀ ਚਿਰਸਥਾਈ ਸ਼ਕਤੀ ਹੈ। ਇਹ ਕਹਾਣੀ ਲੋਕ ਸੰਘਰਸ਼ ਨੂੰ ਹੁਲਾਰਾ ਦੇਣ ਵਾਲੀ ਹੈ। ਪੰਜਾਬੀ ਦੇ ਕਹਾਣੀਕਾਰ ਮਰਹੂਮ ਕਰਤਾਰ ਸਿੰਘ ਦੁੱਗਲ ਦੀ ਇਹ ਕਹਾਣੀ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਅਸੀਂ 'ਨਵੀਂ ਦੁਨੀਆ' ਦੇ ਸੂਝਵਾਨ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।

ਸੰਪਾਦਕ



ਕਰਤਾਰ ਸਿੰਘ ਦੁੱਗਲ

''... ਤੇ ਫਿਰ ਬਾਬਾ ਨਾਨਕ ਵਿਚਰਦੇ ਹੋਏ ਹਸਨ ਅਬਦਾਲ ਦੇ ਜੰਗਲ ਵਿਚ ਜਾ ਨਿਕਲੇ। ਗਰਮੀ ਡਾਢੀ ਸੀ। ਚਿਲਚਲਾਂਦੀ ਹੋਈ ਧੁੱਪ, ਜਿਵੇਂ ਕਾਂ ਦੀ ਅੱਖ ਨਿਕਲਦੀ ਹੋਵੇ। ਚਹੁੰਆਂ ਪਾਸੇ ਸੁੰਨਸਾਨ ਪੱਥਰ ਹੀ ਪੱਥਰ, ਰੇਤ ਹੀ ਰੇਤ। ਝੁਲਸੀਆਂ ਹੋਈਆਂ ਝਾੜੀਆਂ, ਸੁੱਕੇ ਹੋਏ ਦਰੱਖਤ। ਦੂਰ-ਦੂਰ ਤੱਕ ਕੋਈ ਬੰਦਾ- ਆਦਮ ਨਜ਼ਰੀਂ ਨਹੀਂ ਸੀ ਆਉਂਦਾ।''

''ਤੇ ਫਿਰ ਅੰਮੀ?'' ਮੈਂ ਹੁੰਗਾਰਾ ਭਰਿਆ।

''ਬਾਬਾ ਨਾਨਕ ਆਪਣੇ ਧਿਆਨ ਵਿਚ ਮਗਨ ਤੁਰਦੇ ਜਾ ਰਹੇ ਸਨ ਕਿ ਮਰਦਾਨੇ ਨੂੰ ਪਿਆਸ ਆਣ ਲੱਗੀ। ਪਰ ਉਥੇ ਪਾਣੀ ਕਿਥੇ। ਬਾਬੇ ਨੇ ਕਿਹਾ, ''ਮਰਦਾਨਿਆ ਸਬਰ ਕਰ ਲੈ, ਅਗਲੇ ਪਿੰਡ ਪੁੱਜ ਕੇ ਤੂੰ ਜਿਤਨਾ ਤੇਰਾ ਜੀਅ ਚਾਹੇ ਪਾਣੀ ਪੀ ਲਵੀਂ।'' ਪਰ ਮਰਦਾਨੇ ਨੂੰ ਤੇ ਡਾਢੀ ਪਿਆਸ ਲੱਗੀ ਹੋਈ ਸੀ। ਬਾਬਾ ਨਾਨਕ ਇਹ ਸੁਣ ਕੇ ਫਿਕਰਮੰਦ ਹੋਏ। ਇਸ ਜੰਗਲ ਵਿਚ ਪਾਣੀ ਤਾਂ ਦੂਰ-ਦੂਰ ਤੀਕ ਨਹੀਂ ਸੀ ਤੇ ਜਦੋਂ ਮਰਦਾਨਾ ਅੜੀ ਕਰ ਬਹਿੰਦਾ ਤਾਂ ਸਭ ਲਈ ਬੜੀ ਮੁਸ਼ਕਿਲ ਕਰ ਦਿੰਦਾ ਸੀ। ਬਾਬੇ ਨੇ ਫੇਰ ਸਮਝਾਇਆ, ''ਮਰਦਾਨਿਆ! ਇਥੇ ਪਾਣੀ ਕਿਤੇ ਵੀ ਨਹੀਂ, ਤੂੰ ਸਬਰ ਕਰ ਲੈ, ਰੱਬ ਦਾ ਭਾਣਾ ਮੰਨ।'' ਪਰ ਮਰਦਾਨਾ ਤਾਂ ਉਥੇ ਦਾ ਉਥੇ ਹੀ ਬੈਠ ਗਿਆ। ਇਕ ਕਦਮ ਹੋਰ ਉਸ ਤੋਂ ਅੱਗੇ ਨਹੀਂ ਸੀ ਤੁਰਿਆ ਜਾਂਦਾ। ਡਾਢਾ ਜਿਦ ਪਿਆ। ਗੁਰੂ ਨਾਨਕ ਮਰਦਾਨੇ ਦੀ ਜ਼ਿਦ ਨੂੰ ਵੇਖ ਮੁੜ ਮੁਸਕਰਾਉਂਦੇ, ਹੈਰਾਨ ਪਏ ਹੁੰਦੇ। ਆਖਰ ਜਦੋਂ ਬਾਬੇ ਨੇ ਮਰਦਾਨੇ ਨੂੰ ਕਿਸੇ ਕੌਲ ਵਿਚ ਆਉਂਦੇ ਨਾ ਵੇਖਿਆ ਤਾਂ ਉਹ ਅੰਤਰ-ਧਿਆਨ ਹੋ ਗਏ। ਜਦੋਂ ਗੁਰੂ ਨਾਨਕ ਦੀ ਅੱਖ ਖੁੱਲ੍ਹੀ ਮਰਦਾਨਾ ਮੱਛੀ ਵਾਂਗ ਤੜਫ ਰਿਹਾ ਸੀ। ਸਤਿਗੁਰੂ ਉਸ ਨੂੰ ਵੇਖ ਕੇ ਮੁਸਕਰਾਏ ਤੇ ਕਹਿਣ ਲੱਗੇ, ''ਭਾਈ ਮਰਦਾਨਿਆ ਇਸ ਪਹਾੜੀ ਉਥੇ ਇਕ ਕੁਟੀਆ ਹੈ, ਜਿਸ ਵਿਚ ਵਲੀ ਕੰਧਾਰੀ ਨਾਂ ਦਾ ਇਕ ਦਰਵੇਸ਼ ਰਹਿੰਦਾ ਹੈ। ਜੇ ਤੂੰ ਉਹਦੇ ਕੋਲ ਜਾਏਂ ਤਾਂ ਤੈਨੂੰ ਪਾਣੀ ਮਿਲ ਸਕਦਾ ਹੈ। ਇਸ ਇਲਾਕੇ ਵਿਚ ਬੱਸ ਇਕ ਉਹਦਾ ਖੂਹ ਪਾਣੀ ਨਾਲ ਭਰਿਆ ਹੋਇਆ ਹੈ, ਹੋਰ ਕਿਤੇ ਵੀ ਪਾਣੀ ਨਹੀਂ।''

''ਤੇ ਫਿਰ ਅੰਮੀ।'' ਮੈਂ ਬੇਚੈਨ ਹੋ ਰਿਹਾ ਸਾਂ ਅੱਗੋਂ ਸੁਣਨ ਲਈ। ''ਫੇਰ, ਫੇਰ ਮਰਦਾਨੇ ਨੂੰ ਪਿਆਸ ਡਾਢੀ ਲੱਗੀ ਹੋਈ ਸੀ, ਸੁਣਦਿਆਂ ਸਾਰ ਪਹਾੜੀ ਵੱਲ ਦੌੜ ਪਿਆ। ਕੜਕਦੀ ਦੁਪਹਿਰ, ਉਪਰੋਂ ਪਿਆਸ, ਉਪਰੋਂ ਪਹਾੜੀ ਦਾ ਸਫ਼ਰ, ਸਾਹੋ ਸਾਹ, ਪਸੀਨੋ-ਪਸੀਨਾ ਹੋਇਆ ਮਰਦਾਨਾ ਬੜੀ ਮੁਸ਼ਕਿਲ ਨਾਲ ਉਤੇ ਪੁੱਜਾ। ਵਲੀ ਕੰਧਾਰੀ ਨੂੰ ਸਲਾਮ ਕਰ ਉਸ ਨੇ ਪਾਣੀ ਲਈ ਬੇਨਤੀ ਕੀਤੀ। ਵਲੀ ਕੰਧਾਰੀ ਨੇ ਖੂਹ ਵੱਲ ਇਸ਼ਾਰਾ ਕੀਤਾ। ਜਦੋਂ ਮਰਦਾਨਾ ਖੂਹ ਵੱਲ ਜਾਣ ਲੱਗਾ ਤਾਂ ਵਲੀ ਕੰਧਾਰੀ ਦੇ ਮਨ ਵਿਚ ਕੁਝ ਆਇਆ ਤੇ ਉਸ ਨੇ ਮਰਦਾਨੇ ਤੋਂ ਪੁੱਛਿਆ, ''ਭਲੇ ਲੋਕ ਤੂੰ ਕਿਥੋਂ ਆਇਆ ਏਂ।'' ਮਰਦਾਨੇ ਨੇ ਕਿਹਾ, ''ਮੈਂ ਨਾਨਕ ਪੀਰ ਦਾ ਸਾਥੀ ਹਾਂ। ਅਸੀਂ ਤੁਰਦੇ-ਤੁਰਦੇ ਇੱਧਰ ਆ ਨਿਕਲੇ ਹਾਂ। ਮੈਨੂੰ ਪਿਆਸ ਡਾਢੀ ਲੱਗੀ ਹੈ ਤੇ ਹੇਠਾਂ ਕਿਤੇ ਪਾਣੀ ਨਹੀਂ।'' ਬਾਬੇ ਨਾਨਕ ਦਾ ਨਾਂ ਸੁਣ ਕੇ ਵਲੀ ਕੰਧਾਰੀ ਨੂੰ ਡਾਢਾ ਕ੍ਰੋਧ ਆ ਗਿਆ ਤੇ ਉਸ ਨੇ ਮਰਦਾਨੇ ਨੂੰ ਆਪਣੀ ਕੁਟੀਆ ਵਿਚੋਂ ਉਂਝ ਦਾ ਉਂਝ ਬਾਹਰ ਕੱਢ ਦਿੱਤਾ। ਥੱਕਿਆ-ਹਾਰਿਆ ਮਰਦਾਨਾ ਹੇਠ ਬਾਬੇ ਨਾਨਕ ਕੋਲ ਆ ਕੇ ਫਰਿਆਦੀ ਹੋਇਆ। ਬਾਬੇ ਨੇ ਉਸ ਤੋਂ ਸਾਰੀ ਵਿਥਿਆ ਸੁਣੀ ਤੇ ਮੁਸਕਰਾ ਪਏ। ''ਮਰਦਾਨਿਆ! ਤੂੰ ਇਕ ਵਾਰ ਫੇਰ ਜਾ'' ਬਾਬੇ ਨਾਨਕ ਨੇ ਮਰਦਾਨੇ ਨੂੰ ਸਲਾਹ ਦਿੱਤੀ। ''ਇਸ ਵਾਰ ਤੂੰ ਨਿਮਰਤਾ ਨਾਲ ਝਿਕਾ ਦਿਲ ਲੈ ਕੇ ਜਾ। ਕਹੀਂ ਮੈਂ ਨਾਨਕ ਦਰਵੇਸ਼ ਦਾ ਸਾਥੀ ਹਾਂ।'' ਮਰਦਾਨੇ ਨੂੰ ਪਿਆਸ ਡਾਢੀ ਲੱਗੀ ਸੀ। ਪਾਣੀ ਹੋਰ ਕਿਤੇ ਸੀ ਨਹੀਂ। ਖਪਦਾ, ਕ੍ਰਿਝਦਾ, ਸ਼ਿਕਾਇਤਾਂ ਕਰਦਾ ਫੇਰ ਉਤੇ ਤੁਰ ਪਿਆ। ਪਰ ਪਾਣੀ ਵਲੀ ਕੰਧਾਰੀ ਨੇ ਫੇਰ ਵੀ ਨਾ ਦਿੱਤਾ। ''ਮੈਂ ਇਕ ਕਾਫ਼ਰ ਦੇ ਸਾਥੀ ਨੂੰ ਪਾਣੀ ਦੀ ਚੂਲੀ ਨਹੀਂ ਦਿਆਂਗਾ।'' ਵਲੀ ਕੰਧਾਰੀ ਨੇ ਮਰਦਾਨੇ ਨੂੰ ਫੇਰ ਉਂਝ ਦਾ ਉਂਝ ਹੀ ਮੋੜ ਦਿੱਤਾ। ਜਦੋਂ ਮਰਦਾਨਾ ਇਸ ਵਾਰ ਹੇਠ ਆਇਆ ਤਾਂ ਉਸ ਦਾ ਬੁਰਾ ਹਾਲ ਸੀ। ਉਸ ਦੇ ਹੋਠਾਂ ਉਤੇ ਪੇਪੜੀ ਜੰਮੀ ਹੋਈ ਸੀ। ਮੂੰਹ ਉਤੇ ਤਰੇਲੀਆਂ ਛੁੱਟ ਰਹੀਆਂ ਸਨ। ਇੰਝ ਜਾਪਦਾ ਸੀ ਮਰਦਾਨਾ ਬਸ ਘੜੀ ਹੈ ਕਿ ਪਲ। ਬਾਬੇ ਨਾਨਕ ਨੇ ਸਾਰੀ ਗੱਲ ਸੁਣੀ ਤੇ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿ ਕੇ ਇਕ ਵਾਰ ਫੇਰ ਵਲੀ ਕੋਲ ਜਾਣ ਲਈ ਕਿਹਾ। ਹੁਕਮ ਦਾ ਬੱਧਾ ਮਰਦਾਨਾ ਤੁਰ ਪਿਆ। ਪਰ ਉਸ ਨੂੰ ਪਤਾ ਸੀ ਕਿ ਉਸ ਦੀ ਜਾਨ ਰਸਤੇ ਵਿਚ ਹੀ ਕਿਤੇ ਨਿਕਲ ਜਾਵੇਗੀ। ਮਰਦਾਨਾ ਤੀਜੀ ਵਾਰ ਪਹਾੜੀ ਦੀ ਚੋਟੀ ਉਤੇ ਵਲੀ ਕੰਧਾਰੀ ਦੇ ਚਰਨਾਂ ਵਿਚ ਜਾ ਡਿੱਗਾ। ਪਰ ਕ੍ਰੋਧ ਵਿਚ ਬਲ ਰਹੇ ਫਕੀਰ ਨੇ ਉਸ ਦੀ ਬੇਨਤੀ ਨੂੰ ਇਸ ਵਾਰ ਵੀ ਠੁਕਰਾ ਦਿੱਤਾ। ''ਨਾਨਕ ਆਪਣੇ ਆਪ ਨੂੰ ਪੀਰ ਅਖਵਾਉਂਦਾ ਹੈ ਤਾਂ ਆਪਣੇ ਮੁਰੀਦ ਨੂੰ ਪਾਣੀ ਦਾ ਘੁਟ ਨਹੀਂ ਪਿਲਾ ਸਕਦਾ।'' ਵਲੀ ਕੰਧਾਰੀ ਨੇ ਲੱਖ-ਲੱਖ ਸੁਣਵਤਾਂ ਸੁੱਟੀਆਂ। ਮਰਦਾਨਾ ਇਸ ਵਾਰ ਜਦੋਂ ਹੇਠ ਪੁੱਜਾ, ਪਿਆਸ ਵਿਚ ਬਿਹਬਲ ਬਾਬੇ ਨਾਨਕ ਦੇ ਚਰਨਾਂ ਵਿਚ ਉਹ ਬੇਹੋਸ਼ ਹੋ ਗਿਆ। ਗੁਰੂ ਨਾਨਕ ਨੇ ਮਰਦਾਨੇ ਦੀ ਕੰਡ ਉਤੇ ਹੱਥ ਫੇਰਿਆ। ਉਸ ਨੂੰ ਹੌਸਲਾ ਦਿੱਤਾ ਤੇ ਜਦੋਂ ਮਰਦਾਨੇ ਨੇ ਅੱਖ ਖੋਲ੍ਹੀ, ਬਾਬੇ ਨੇ ਉਸ ਨੂੰ ਸਾਹਮਣੇ ਇਕ ਪੱਥਰ ਪੁੱਟਣ ਲਈ ਕਿਹਾ। ਮਰਦਾਨੇ ਨੇ ਪੱਥਰ ਪੁੱਟਿਆ ਤੇ ਹੇਠੋਂ ਪਾਣੀ ਦਾ ਝਰਨਾ ਫੁਟ ਨਿਕਲਿਆ, ਜਿਵੇਂ ਨਹਿਰ ਪਾਣੀ ਦੀ ਵਗਣ ਲੱਗ ਪਈ ਤੇ ਵੇਖਦਿਆਂ-ਵੇਖਦਿਆਂ ਚਹੁੰ ਪਾਸੇ ਪਾਣੀ ਹੀ ਪਾਣੀ ਹੋ ਗਿਆ। ਇੰਨੇ ਵਿਚ ਵਲੀ ਕੰਧਾਰੀ ਨੂੰ ਪਾਣੀ ਦੀ ਲੋੜ ਪਈ। ਖੂਹ ਵਿਚ ਵੇਖੇ ਤਾਂ ਪਾਣੀ ਦੀ ਇਕ ਸਿਪ ਵੀ ਨਹੀਂ ਸੀ। ਵਲੀ ਕੰਧਾਰੀ ਡਾਢਾ ਅਸਚਰਜ ਹੋਇਆ। ਹੇਠ ਪਹਾੜੀ ਦੇ ਕਦਮਾਂ ਵਿਚ ਚਸ਼ਮੇ ਫੁਟੇ ਹੋਏ ਸਨ। ਦੂਰ ਬਹੁਤ ਦੂਰ ਇਕ ਕਿੱਕਰ ਹੇਠ ਵਲੀ ਕੰਧਾਰੀ ਨੇ ਵੇਖਿਆ, ਬਾਬਾ ਨਾਨਕ ਤੇ ਉਸ ਦਾ ਸਾਥੀ ਬੈਠੇ ਸਨ। ਗੁੱਸੇ ਵਿਚ ਆ ਕੇ ਵਲੀ ਨੇ ਚੱਟਾਨ ਦੇ ਇਕ ਟੁਕੜੇ ਨੂੰ ਆਪਣੇ ਪੂਰੇ ਜ਼ੋਰ ਨਾਲ ਉਤੋਂ ਰੇੜ੍ਹਿਆ। ਇੰਝ ਪਹਾੜੀ ਦੀ ਪਹਾੜੀ ਨੂੰ ਆਪਣੀ ਵਲ ਰਿੜ੍ਹਦਾ ਆਉਂਦਾ ਵੇਖ ਮਰਦਾਨਾ ਚਿਲ੍ਹਾ ਉਠਿਆ। ਬਾਬੇ ਨਾਨਕ ਨੇ ਠਰ੍ਹੰਮੇ ਨਾਲ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿਣ ਲਈ ਕਿਹਾ ਤੇ ਜਦੋਂ ਪਹਾੜੀ ਦਾ ਟੁਕੜਾ ਬਾਬੇ ਦੇ ਸਿਰ



ਕੋਲ ਆਇਆ, ਗੁਰੂ ਨਾਨਕ ਨੇ ਉਸ ਨੂੰ ਹੱਥ ਦੇ ਕੇ ਆਪਣੇ ਪੰਜੇ ਨਾਲ ਰੋਕ ਲਿਆ ਤੇ ਹਸਨ ਅਬਦਾਲ ਵਿਚ, ਜਿਸ ਦਾ ਨਾਂ ਹੁਣ ਪੰਜਾ ਸਾਹਿਬ ਹੈ, ਅਜੇ ਤੱਕ ਪਹਾੜੀ ਦੇ ਟੁਕੜੇ ਉਤੇ ਬਾਬੇ ਨਾਨਕ ਦਾ ਪੰਜਾ ਲੱਗਿਆ ਹੋਇਆ ਹੈ।

ਮੈਨੂੰ ਇਹ ਸਾਖੀ ਡਾਢੀ ਚੰਗੀ ਲੱਗ ਰਹੀ ਸੀ। ਪਰ ਜਦੋਂ ਮੈਂ ਇਹ ਹੱਥ ਨਾਲ ਪਹਾੜੀ ਰੋਕਣ ਵਾਲੀ ਗੱਲ ਸੁਣੀ ਤਾਂ ਮੇਰੇ ਮੂੰਹ ਦਾ ਸੁਆਦ ਫਿਕਾ ਜਿਹਾ ਹੋ ਗਿਆ। ਇਹ ਕਿਸ ਤਰ੍ਹਾਂ ਹੋ ਸਕਦਾ ਸੀ? ਕੋਈ ਆਦਮੀ ਪਹਾੜੀ ਨੂੰ ਕਿਸ ਤਰ੍ਹਾਂ ਰੋਕ ਸਕਦਾ ਏ? ਤੇ ਪਹਾੜੀ ਵਿਚ ਅਜੇ ਤੀਕ ਬਾਬੇ ਨਾਨਕ ਦਾ ਪੰਜਾ ਲੱਗਿਆ ਹੋਇਆ ਹੈ। ਮੈਨੂੰ ਜ਼ਰਾ ਨਾ ਇਤਬਾਰ ਆਉਂਦਾ। ''ਬਾਅਦ ਵਿਚ ਕਿਸੇ ਨੇ ਖੁਣ ਦਿੱਤਾ ਹੋਣਾ ਏ।'' ਮੈਂ ਆਪਣੀ ਮਾਂ ਨਾਲ ਕਿੰਨਾ ਚਿਰ ਬਹਿਸ ਕਰਦਾ ਰਿਹਾ। ਮੈਂ ਇਹ ਤੇ ਮੰਨ ਸਕਦਾ ਸਾਂ ਕਿ ਪੱਥਰ ਹੇਠੋਂ ਪਾਣੀ ਫੁਟ ਆਵੇ। ਸਾਇੰਸ ਨੇ ਕਈ ਤਰੀਕੇ ਕੱਢੇ ਹਨ, ਜਿਨ੍ਹਾਂ ਨਾਲ ਜਿਸ ਥਾਂ ਪਾਣੀ ਹੋਵੇ ਉਸ ਦਾ ਪਤਾ ਲਾਇਆ ਜਾ ਸਕਦਾ ਹੈ, ਪਰ ਇਕ ਇਨਸਾਨ ਦਾ ਰਿੜ੍ਹੀ ਆ ਰਹੀ ਪਹਾੜੀ ਨੂੰ ਰੋਕ ਲੈਣਾ, ਮੈਂ ਇਹ ਨਹੀਂ ਮੰਨ ਸਕਦਾ ਸਾਂ। ਮੈਂ ਨਹੀਂ ਮੰਨਦਾ ਸਾਂ ਤੇ ਮੇਰੀ ਮਾਂ ਮੇਰੇ ਮੂੰਹ ਵੱਲ ਵੇਖ ਕੇ ਚੁੱਪ ਹੋ ਗਏ।

''ਕੋਈ ਰਿੜ੍ਹੀ ਆ ਰਹੀ ਪਹਾੜੀ ਨੂੰ ਕਿਵੇਂ ਰੋਕ ਸਕਦਾ ਹੈ? ਮੈਨੂੰ ਜਦੋਂ ਵੀ ਇਸ ਸਾਖੀ ਦਾ ਖਿਆਲ ਆਉਂਦਾ ਮੈਂ ਫਿੱਕੀ ਜਿਹੀ ਹਾਸੀ ਹੱਸ ਦਿੰਦਾ।

ਕਈ ਵਾਰ ਗੁਰਦੁਆਰੇ ਵਿਚ ਇਹ ਸਾਖੀ ਸੁਣਾਈ ਗਈ। ਪਰ ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੀ ਗੱਲ ਉਤੇ ਮੈਂ ਹਮੇਸ਼ਾਂ ਸਿਰ ਮਾਰਦਾ ਰਹਿੰਦਾ। ਇਹ ਗੱਲ ਮੈਥੋਂ ਨਹੀਂ ਮੰਨੀ ਜਾ ਸਕਦੀ।

ਇਕ ਵਾਰ ਇਹ ਸਾਖੀ ਸਾਨੂੰ ਸਕੂਲ ਵਿਚ ਸੁਣਾਈ ਗਈ। ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੇ ਹਿੱਸੇ ਉਤੇ ਮੈਂ ਆਪਣੇ ਉਸਤਾਦ ਨਾਲ ਬਹਿਸਣ ਲੱਗ ਪਿਆ।

''ਕਰਨੀ ਵਾਲੇ ਲੋਕਾਂ ਲਈ ਕੋਈ ਗੱਲ ਮੁਸ਼ਕਿਲ ਨਹੀਂ।'' ਸਾਡੇ ਉਸਤਾਦ ਨੇ ਮੈਨੂੰ ਕਿਹਾ ਤੇ ਫਿਰ ਮੈਨੂੰ ਚੁੱਪ ਕਰਵਾ ਦਿੱਤਾ।

ਮੈਂ ਚੁੱਪ ਹੋ ਗਿਆ, ਪਰ ਮੈਨੂੰ ਇਤਬਾਰ ਨਹੀਂ ਸੀ ਆਉਂਦਾ।

''ਆਖਰ ਪਹਾੜੀ ਨੂੰ ਕਿਵੇਂ ਕੋਈ ਰੋਕ ਸਕਦਾ ਹੈ?'' ਮੇਰਾ ਜੀਅ ਚਾਹੁੰਦਾ ਮੈਂ ਜ਼ੋਰ-ਜ਼ੋਰ ਦਾ ਚੀਖ ਕੇ ਕਵ੍ਹਾਂ।

ਬਹੁਤੇ ਦਿਨ ਨਹੀਂ ਸਨ ਗੁਜ਼ਰੇ ਕਿ ਅਸੀਂ ਸੁਣਿਆ, ਪੰਜੇ ਸਾਹਿਬ 'ਸਾਕਾ' ਹੋ ਗਿਆ ਹੈ। ਉਨ੍ਹਾਂ ਦਿਨਾਂ ਵਿਚ 'ਸਾਕੇ' ਬੜੇ ਹੁੰਦੇ ਸਨ। ਜਦੋਂ ਵੀ ਕੋਈ 'ਸਾਕਾ' ਹੁੰਦਾ ਮੈਂ ਸਮਝ ਲੈਂਦਾ ਅੱਜ ਸਾਡੇ ਘਰ ਰੋਟੀ ਨਹੀਂ ਪੱਕੇਗੀ ਤੇ ਰਾਤ ਨੂੰ ਭੁੰਜੇ ਸੌਣਾ ਪਵੇਗਾ। ਪਰ ਇਹ 'ਸਾਕਾ' ਹੁੰਦਾ ਕੀ ਏ, ਇਹ ਮੈਨੂੰ ਨਹੀਂ ਸੀ ਪਤਾ।

ਸਾਡਾ ਪਿੰਡ ਪੰਜਾ ਸਾਹਿਬ ਤੋਂ ਕੋਈ ਜ਼ਿਆਦਾ ਦੂਰ ਨਹੀਂ ਸੀ। ਜਦੋਂ 'ਇਸ ਸਾਕੇ' ਦੀ ਖ਼ਬਰ ਆਈ ਮੇਰੇ ਮਾਂ ਜੀ ਪੰਜਾ ਸਾਹਿਬ ਲਈ ਤੁਰ ਪਏ। ਨਾਲ ਮੈਂ ਸਾਂ, ਮੈਥੋਂ ਨਿੱਕੀ ਭੈਣ ਸੀ। ਪੰਜਾ ਸਾਹਿਬ ਦਾ ਸਾਰਾ ਰਸਤਾ ਮੇਰੀ ਮਾਂ ਦੀ ਅੱਖ ਨਹੀਂ ਸੁੱਕੀ। ਅਸੀਂ ਹੈਰਾਨ ਸਾਂ, ਇਹ 'ਸਾਕਾ' ਹੁੰਦਾ ਕੀ ਏ।

ਤੇ ਜਦੋਂ ਪੰਜਾ ਸਾਹਿਬ ਪੁੱਜੇ ਅਸੀਂ ਇਕ ਅਜੀਬ ਕਹਾਣੀ ਸੁਣੀ।

ਦੂਰ ਕਿਤੇ ਇਕ ਸ਼ਹਿਰ ਵਿਚ ਫ਼ਰੰਗੀ ਨੇ ਨਿਹੱਥੇ ਹਿੰਦੋਸਤਾਨੀਆਂ ਉਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਮਾਰ ਸੁਟਿਆ ਸੀ। ਮਰਨ ਵਾਲਿਆਂ ਵਿਚ ਨੌਜਵਾਨ ਵੀ ਸਨ, ਬੁੱਢੇ ਵੀ ਸਨ ਤੇ ਜਿਹੜੇ ਬਾਕੀ ਰਹਿ ਗਏ, ਉਨ੍ਹਾਂ ਨੂੰ ਗੱਡੀ ਵਿਚ ਪਾ ਕੇ ਕਿਸੇ ਹੋਰ ਸ਼ਹਿਰ ਦੀ ਜੇਲ੍ਹ ਵਿਚ ਭੇਜਿਆ ਜਾ ਰਿਹਾ ਸੀ। ਕੈਦੀ ਭੁੱਖੇ ਸਨ, ਪਿਆਸੇ ਸਨ ਤੇ ਹੁਕਮ ਇਹ ਸੀ ਕਿ ਗੱਡੀ ਨੂੰ ਰਸਤੇ ਵਿਚ ਕਿਤੇ ਵੀ ਨਾ ਠਹਿਰਾਇਆ ਜਾਵੇ। ਜਦੋਂ ਪੰਜਾ ਸਾਹਿਬ ਇਹ ਖ਼ਬਰ ਪੁੱਜੀ, ਜਿਸ ਕਿਸੇ ਨੇ ਸੁਣਿਆ ਲੋਕਾਂ ਨੂੰ ਚਾਰੇ ਕੱਪੜੇ ਅੱਗ ਲੱਗ ਗਈ। ਪੰਜਾ ਸਾਹਿਬ ਜਿਥੇ ਬਾਬਾ ਨਾਨਕ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਸੀ, ਉਸ ਸ਼ਹਿਰ ਤੋਂ ਗੱਡੀ ਦੀ ਗੱਡੀ ਭਰੀ ਪਿਆਸਿਆਂ ਦੀ ਲੰਘ ਜਾਏ, ਭੁੱਖਿਆਂ ਦੀ ਲੰਘ ਜਾਏ, ਮਜ਼ਲੂਮਾਂ ਦੀ ਲੰਘ ਜਾਏ, ਇਹ ਕਿਵੇਂ ਹੋ ਸਕਦਾ ਸੀ। ਫੈਸਲਾ ਹੋਇਆ ਕਿ ਗੱਡੀ ਨੂੰ ਰੋਕਿਆ ਜਾਏਗਾ। ਸਟੇਸ਼ਨ ਮਾਸਟਰ ਨੂੰ ਅਰਜ਼ੀ ਪਾਈ ਗਈ, ਟੈਲੀਫੂਨਾਂ ਖੜਕੀਆਂ, ਤਾਰਾਂ ਗਈਆਂ, ਪਰ ਫਿਰੰਗੀ ਦਾ ਹੁਕਮ ਸੀ ਗੱਡੀ ਰਸਤੇ ਵਿਚ ਕਿਤੇ ਨਹੀਂ ਖੜ੍ਹੀ ਕੀਤੀ ਜਾਏਗੀ ਤੇ ਗੱਡੀ ਵਿਚ ਆਜ਼ਾਦੀ ਦੇ ਪਰਵਾਨੇ, ਦੇਸ਼ ਭਗਤ ਹਿੰਦੀ ਭੁੱਖੇ ਸਨ। ਉਨ੍ਹਾਂ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਉਨ੍ਹਾਂ ਲਈ ਰੋਟੀ ਦਾ ਕੋਈ ਇੰਤਜ਼ਾਮ ਨਹੀਂ ਸੀ। ਗੱਡੀ ਨੇ ਪੰਜਾ ਸਾਹਿਬ ਨਹੀਂ ਰੁਕਣਾ ਸੀ। ਪਰ ਪੰਜਾ ਸਾਹਿਬ ਦੇ ਲੋਕਾਂ ਦਾ ਇਹ ਫੈਸਲਾ ਅਟੱਲ ਸੀ ਕਿ ਗੱਡੀ ਨੂੰ ਜ਼ਰੂਰ ਰੋਕ ਲੈਣਾ ਹੈ ਤੇ ਸ਼ਹਿਰ ਵਾਸੀਆਂ ਨੇ ਸਟੇਸ਼ਨ ਉਤੇ ਰੋਟੀਆਂ ਦੇ, ਖੀਰਾਂ ਦੇ, ਪੂੜੀਆਂ ਦੇ, ਦਾਲਾਂ ਦੇ ਢੇਰ ਲਾ ਦਿੱਤੇ।

ਪਰ ਗੱਡੀ ਤਾਂ ਇਕ ਹਨ੍ਹੇਰੀ ਦੀ ਤਰ੍ਹਾਂ ਆਵੇਗੀ ਤੇ ਇਕ ਤੂਫ਼ਾਨ ਦੀ ਤਰ੍ਹਾਂ ਨਿਕਲ ਜਾਵੇਗੀ। ਉਸ ਨੂੰ ਕਿਵੇਂ ਰੋਕਿਆ ਜਾਵੇ?

ਤੇ ਮੇਰੀ ਮਾਂ ਦੀ ਸਹੇਲੀ ਨੇ ਸਾਨੂੰ ਦੱਸਿਆ, ''ਉਸ ਥਾਂ ਪਟੜੀ ਉਤੇ ਪਹਿਲੇ ਉਹ ਲੇਟੇ, ਮੇਰੇ ਬੱਚਿਆਂ ਦੇ ਪਿਤਾ। ਫਿਰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਹੋਰ ਸਾਥੀ ਲੇਟ ਗਏ। ਉਨ੍ਹਾਂ ਤੋਂ ਬਾਅਦ ਅਸੀਂ ਪਤਨੀਆਂ ਲੇਟੀਆਂ। ਫਿਰ ਸਾਡੇ ਬੱਚੇ ... ਤੇ ਫੇਰ ਗੱਡੀ ਆਈ ਦੂਰੋਂ ਚੀਖਦੀ ਹੋਈ, ਚਿਲਚਲਾਂਦੀ ਹੋਈ, ਸੀਟੀਆਂ ਮਾਰਦੀ ਹੋਈ। ਅਜੇ ਦੂਰ ਹੀ ਸੀ ਕਿ ਮੱਠੀ ਪੈ ਗਈ। ਪਰ ਰੇਲ ਸੀ ਖਲੋਂਦਿਆਂ-ਖਲੋਂਦਿਆਂ ਹੀ ਖਲੋਂਦੀ। ਮੈਂ ਵੇਖ ਰਹੀ ਸੀ ਕਿ ਪਹੀਏ ਉਨ੍ਹਾਂ ਦੀ ਛਾਤੀ ਉਤੇ ਚੜ੍ਹ ਗਏ। ਫੇਰ ਉਨ੍ਹਾਂ ਦੇ ਨਾਲ ਦੇ ਦੀ ਛਾਤੀ ਉਤੇ ... ਤੇ ਫੇਰ ਮੈਂ ਅੱਖਾਂ ਮੀਟ ਲਈਆਂ। ਮੈਂ ਅੱਖਾਂ ਖੋਲ੍ਹੀਆਂ ਤੇ ਮੇਰੇ ਸਿਰ ਉਤੇ ਗੱਡੀ ਖਲੋਤੀ ਸੀ। ਮੇਰੇ ਨਾਲ ਧੁੜਕ ਰਹੀਆਂ ਛਾਤੀਆਂ ਵਿਚੋਂ 'ਧੰਨ ਨਿਰੰਕਾਰ, ਧੰਨ ਨਿਰੰਕਾਰ' ਦੀ ਆਵਾਜ਼ ਆ ਰਹੀ ਸੀ ਤੇ ਫੇਰ ਮੇਰੇ ਵੇਖਦਿਆਂ-ਵੇਖਦਿਆਂ ਗੱਡੀ ਮੁੜੀ। ਗੱਡੀ ਮੁੜੀ ਤੇ ਪਹੀਆਂ ਹੇਠ ਆਈਆਂ ਹੋਈਆਂ ਲਾਸ਼ਾਂ ਟੁਕੜੇ-ਟੁਕੜੇ ਹੋ ਗਈਆਂ...।''

ਮੈਂ ਆਪਣੇ ਅੱਖੀਂ ਲਹੂ ਦੀ ਵਗੀ ਹੋਈ ਨਦੀ ਨੂੰ ਵੇਖਿਆ। ਵਗਦੀ-ਵਗਦੀ ਕਿੰਨੀ ਹੀ ਦੂਰ ਇਕ ਪੱਕੇ ਬਣੇ ਨਾਲੇ ਦੇ ਪੁਲ ਤੱਕ ਚਲੀ ਗਈ ਸੀ।

ਤੇ ਮੈਂ ਹੱਕਾ-ਬੱਕਾ ਹੈਰਾਨ ਸਾਂ। ਮੈਥੋਂ ਇਕ ਬੋਲ ਨਾ ਬੋਲਿਆ ਗਿਆ। ਸਾਰਾ ਦਿਨ ਮੈਂ ਪਾਣੀ ਦਾ ਘੁੱਟ ਨਾ ਪੀ ਸਕਿਆ।

ਸ਼ਾਮੀਂ ਜਦੋਂ ਅਸੀਂ ਵਾਪਸ ਆ ਰਹੇ ਸਾਂ, ਰਸਤੇ ਵਿਚ ਮੇਰੀ ਮਾਂ ਨੇ ਮੇਰੀ ਛੋਟੀ ਭੈਣ ਨੂੰ ਪੰਜਾ ਸਾਹਿਬ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ। ਕਿਵੇਂ ਬਾਬਾ ਨਾਨਕ ਮਰਦਾਨੇ ਨਾਲ ਇਸ ਪਾਸੇ ਆਏ। ਕਿਵੇਂ ਮਰਦਾਨੇ ਨੂੰ ਪਿਆਸ ਲੱਗੀ, ਕਿਵੇਂ ਬਾਬੇ ਨੂੰ ਵਲੀ ਕੰਧਾਰੀ ਕੋਲ ਮਰਦਾਨੇ ਨੂੰ ਪਾਣੀ ਲਈ ਭੇਜਿਆ। ਕਿਵੇਂ ਵਲੀ ਕੰਧਾਰੀ ਨੇ ਤਿੰਨ ਵਾਰ ਮਰਦਾਨੇ ਨੂੰ ਨਿਰਾਸ਼ ਵਾਪਸ ਕਰ ਦਿੱਤਾ, ਕਿਵੇਂ ਬਾਬੇ ਨਾਨਕ ਨੇ ਮਰਦਾਨੇ ਨੂੰ ਇਕ ਪੱਥਰ ਪੁੱਟਣ ਲਈ ਕਿਹਾ, ਕਿਵੇਂ ਹੇਠੋਂ ਪਾਣੀ ਦਾ ਚਸ਼ਮਾ ਫੁਟ ਪਿਆ ਤੇ ਵਲੀ ਕੰਧਾਰੀ ਦਾ ਖੂਹ ਦਾ ਸਾਰੇ ਦਾ ਸਾਰਾ ਪਾਣੀ ਹੇਠਾਂ ਖਿਚਿਆ ਹੋਇਆ ਆ ਗਿਆ। ਫਿਰ ਕਿਵੇਂ ਗੁੱਸੇ ਵਿਚ ਵਲੀ ਕੰਧਾਰੀ ਨੇ ਉਤੋਂ ਪਹਾੜੀ ਦਾ ਇਕ ਟੁਕੜਾ ਰੇੜ੍ਹਿਆ। ਕਿਵੇਂ ਮਰਦਾਨਾ ਘਬਰਾਇਆ, ਪਰ ਬਾਬੇ ਨਾਨਕ ਨੇ 'ਧੰਨ ਨਿਰੰਕਾਰ' ਕਹਿ ਕੇ ਆਪਣੇ ਹੱਥ ਨਾਲ ਪਹਾੜ ਦੇ ਟੁਕੜੇ ਨੂੰ ਠੱਲ੍ਹ ਲਿਆ।

''ਪਰ ਪਹਾੜ ਨੂੰ ਕਿਵੇਂ ਕੋਈ ਰੋਕ ਸਕਦਾ ਹੈ?'' ਮੇਰੀ ਛੋਟੀ ਭੈਣ ਨੇ ਸੁਣਦੇ-ਸੁਣਦੇ ਝੱਟ ਮਾਂ ਨੂੰ ਟੋਕਿਆ।

''ਕਿਉਂ ਨਹੀਂ ਕੋਈ ਰੋਕ ਸਕਦਾ? ਮੈਂ ਵਿਚੋਂ ਬੋਲ ਪਿਆ, ''ਹਨ੍ਹੇਰੀ ਵਾਂਗ ਉਡਦੀ ਹੋਈ ਟਰੇਨ ਨੂੰ ਜੇ ਰੋਕਿਆ ਜਾ ਸਕਦਾ ਹੈ ਤਾਂ ਪਹਾੜ ਦੇ ਟੁਕੜੇ ਨੂੰ ਕਿਉਂ ਨਹੀਂ ਕੋਈ ਰੋਕ ਸਕਦਾ?''

ਤੇ ਫਿਰ ਮੇਰੀਆਂ ਅੱਖਾਂ ਵਿਚੋਂ ਛਮ-ਛਮ ਅੱਥਰੂ ਵਗਣ ਲੱਗ ਪਏ, ''ਕਰਨੀ ਵਾਲੇ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੇ ਆਪਣੀ ਜਾਨ ਉਤੇ ਖੇਡ ਕੇ ਨਾ ਰੁਕਣ ਵਾਲੀ ਟਰੇਨ ਨੂੰ ਰੋਕ ਲਿਆ ਸੀ ਤੇ ਆਪਣੇ ਭੁੱਖੇ-ਭਾਣੇ ਦੇਸ਼ ਵਾਸੀਆਂ ਨੂੰ ਰੋਟੀ ਖਵਾਈ ਸੀ, ਪਾਣੀ ਪਹੁੰਚਾਇਆ ਸੀ।''

# ਯੁੱਧ ਦੀਆਂ ਪਰਤਾਂ



ਦਰਸ਼ਨ ਖਟਕੜ

ਮਨੁੱਖੀ ਸਮਾਜ ਦਾ ਇਤਿਹਾਸ ਯੁੱਧਾਂ ਦੇ ਇਤਿਹਾਸ, ਬਿਰਤਾਂਤ ਅਤੇ ਵੇਰਵਿਆਂ ਨਾਲ ਭਰਿਆ ਪਿਆ ਹੈ। ਇਸੇ ਤਰ੍ਹਾਂ ਮਨੁੱਖੀ ਸਮਾਜ ਦਾ ਇਤਿਹਾਸ ਰਾਜ (ਸਟੇਟ), ਰਾਜਨੀਤੀ ਅਤੇ ਰਾਜ ਨੇਤਾਵਾਂ ਦੇ ਬਿਰਤਾਂਤ ਅਤੇ ਵੇਰਵਿਆਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਸ਼ਿਆਂ ਉਪਰ ਸੰਸਾਰ ਦੀਆਂ ਹਜ਼ਾਰਾਂ ਭਾਸ਼ਾਵਾਂ ਵਿਚ ਲੱਖਾਂ ਹੀ ਗ੍ਰੰਥਾਂ ਅਤੇ ਪੁਸਤਕਾਂ ਦਾ ਇਕ ਅਮੁੱਕ ਭੰਡਾਰ ਮੌਜੂਦ ਹੈ। ਇਸ ਬਿਰਤਾਂਤ ਵਿਚ ਰਾਜਿਆਂ, ਫੌਜੀ ਜਰਨੈਲਾਂ ਅਤੇ ਰਾਜਨੀਤਿਕ ਨੇਤਾਵਾਂ ਦੀਆਂ ਨੀਤੀਆਂ, ਫੌਜੀ ਮੁਹਿੰਮਾਂ ਅਤੇ ਕੂਟਨੀਤੀਆਂ ਦਾ ਅਮੁੱਕ ਵਰਨਣ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਇਨ੍ਹਾਂ ਬਿਰਤਾਂਤਾਂ ਵਿਚ ਯੁੱਧਾਂ ਦਾ ਆਮ ਕਾਰਨ ਜਰ, ਜੋਰੂ ਅਤੇ ਜ਼ਮੀਨ ਨੂੰ ਦਰਸਾਇਆ ਜਾਂਦਾ ਹੈ। ਬੇਸ਼ੱਕ ਇਹ ਕਾਰਨ ਇਕ ਅੰਸ਼ਕ ਤੱਥ ਨੂੰ ਦਰਸਾਉਂਦਾ ਹੈ। ਇਹ ਤੱਥ ਅਤੇ ਪਹੁੰਚ ਸਟੇਟ ਨੂੰ ਯੁੱਧਾਂ ਦਾ ਸਰੋਤ ਦਰਸਾਉਂਦੀ ਹੋਈ, ਮਨੁੱਖ ਦੇ ਲਾਲਚ ਤੇ ਹਉਂਵਾਦ ਨੂੰ ਯੁੱਧਾਂ ਦਾ ਕਾਰਨ ਦੱਸਣੋਂ ਵੀ ਨਹੀਂ ਉਕਦੀ। ਇਹ ਪਹੁੰਚ ਨਾ ਵਿਗਿਆਨਕ, ਨਾ ਹੀ ਪੂਰੀ ਯਥਾਰਥ ਅਤੇ ਨਾ ਹੀ ਦਰੁਸਤ ਹੈ, ਸਗੋਂ ਮਨੁੱਖੀ ਮਨ ਵਿਚ ਅਨੇਕਾਂ ਅਸੁਲਝ ਗੁੰਝਲਾਂ ਪੈਦਾ ਕਰਦੀ ਅਤੇ ਮਨੁੱਖੀ ਵਿਵੇਕ ਅਤੇ ਬੁੱਧੀ ਨੂੰ ਕੁੰਦ ਤੇ ਖੁੰਡਿਆਂ ਕਰਦੀ ਹੈ।

ਇਸ ਪਹੁੰਚ ਦੇ ਟਾਕਰੇ 'ਤੇ ਜਿਹੜੀ ਪਹੁੰਚ ਇਨ੍ਹਾਂ ਗੁੰਝਲਾਂ ਨੂੰ ਖੋਲ੍ਹਦੀ, ਮਨੁੱਖੀ ਬੁੱਧੀ ਤੇ ਵਿਵੇਕ ਨੂੰ ਪਰਚੰਡ ਕਰਦੀ ਹੈ, ਉਹ ਮਾਰਕਸਵਾਦ ਦੇ ਪਦਾਰਥਵਾਦੀ ਸਿਧਾਂਤ ਅਤੇ ਦਵੰਦਵਾਦੀ ਵਿਧੀ ਵਿਚ ਸਮੋਈ ਪਈ ਹੈ। ਇਸ ਅਨੁਸਾਰ ਕਚਘਰੜ ਕਬੀਲਾਈ ਕਮਿਊਨਿਜਮ ਦੇ ਦੌਰ ਨੂੰ ਛੱਡ ਕੇ, ਇਸ ਦੇ ਮਗਰਲੇ ਕਾਲ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ ਅਤੇ ਰਾਜ (ਸਟੇਟ) ਇਕ ਜਮਾਤ ਵੱਲੋਂ ਦੂਸਰੀ ਜਮਾਤ ਨੂੰ ਦਬਾਉਣ ਦਾ ਇਕ ਹਿੰਸਕ ਸੰਦ ਹੈ। ਵਿਸ਼ੇਸ਼ਣ ਦੇ ਇਨ੍ਹਾਂ ਸੰਦਾਂ ਨਾਲ ਫਰੋਲਿਆਂ ਇਹ ਧਾਰਨਾ ਸਪਸ਼ਟ ਹੁੰਦੀ ਹੈ ਕਿ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਅਨੁਸਾਰ ਮਨੁੱਖੀ ਸਮਾਜ ਜਮਾਤਾਂ ਵਿਚ ਵੰਡਿਆ ਆ ਰਿਹਾ ਹੈ। ਇਕ ਜਮਾਤ ਲੁੱਟੇ-ਪੁੱਟੇ ਲੋਕਾਂ ਦੀ ਬਹੁ-ਗਿਣਤੀ ਵਾਲੀ ਹੈ ਅਤੇ ਦੂਸਰੀ ਘੱਟ ਗਿਣਤੀ ਇਸ ਨੂੰ ਰਾਜਕੀ ਦਮਨ ਨਾਲ ਦਰੜਨ-ਦਬਾਉਣ ਵਾਲੀ ਹੁੰਦੀ ਹੈ। ਘੱਟ ਗਿਣਤੀ ਹਾਕਮ ਜਮਾਤ ਆਪਣੀ, ਆਰਥਿਕ, ਰਾਜਨੀਤਿਕ ਤੇ ਰਾਜਕੀ ਤਾਕਤ ਨੂੰ ਵਧਾਉਣ, ਵਿਸਥਾਰਨ ਅਤੇ ਗੰਢਣ ਲਈ ਆਪਣੀਆਂ ਹਿਤਕਾਰੀ ਨੀਤੀਆਂ ਘੜਦੀ ਤੇ ਮੁਹਿੰਮਾਂ ਚਲਾਉਂਦੀ ਹੈ ਅਤੇ ਦੱਬੀ-ਦਰੜੀ ਜਮਾਤ ਆਪਣੀ ਆਰਥਿਕ, ਰਾਜਨੀਤਿਕ ਤੇ ਰਾਜਸੀ ਸੱਤਾ ਦੀ ਪ੍ਰਾਪਤੀ ਅਤੇ ਉਸ ਦੀ ਤਕੜਾਈ ਲਈ ਲੜਦੀ ਹੈ। ਇਸ ਵਿਰੋਧਤਾਈ ਵਿਚੋਂ ਹੀ ਜਮਾਤੀ ਯੁੱਧ ਪੈਦਾ ਹੁੰਦੇ ਹਨ। ਇਨ੍ਹਾਂ ਯੁੱਧਾਂ ਦੇ ਫੌਰੀ, ਸੱਤਈ ਤੇ ਪ੍ਰਤੱਖ ਕਾਰਨ ਭਾਵੇਂ ਕੁਝ ਵੀ ਹੋ ਸਕਦੇ ਹਨ ਜਾਂ ਦਰਸਾਏ ਜਾਂਦੇ ਹਨ, ਪਰ ਵਰਤਾਰਿਆਂ ਦੀ ਤਹਿ ਵਿਚ ਉਪਰ ਦਰਜ ਕਾਰਨ ਹੀ ਬੁਨਿਆਦੀ ਕਾਰਨ ਹੁੰਦੇ ਹਨ।

ਮਾਰਕਸਵਾਦੀ ਸਿਧਾਂਤ ਅਨੁਸਾਰ ਜਮਾਤਾਂ ਦੇ ਇਨਕਲਾਬੀ ਜਾਂ ਪਿਛਾਖੜੀ ਕਿਰਦਾਰ ਅਨੁਸਾਰ ਹੀ ਇਨ੍ਹਾਂ ਦੇ ਆਪਸੀ ਸੰਘਰਸ਼ਾਂ ਅਤੇ ਯੁੱਧਾਂ ਦਾ ਕਿਰਦਾਰ ਤੈਅ ਹੁੰਦਾ ਹੈ। ਇਸ ਕਰਕੇ ਯੁੱਧਾਂ ਨੂੰ ਇਨਕਲਾਬੀ ਅਤੇ ਪਿਛਾਖੜੀ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਲੁੱਟੀਆਂ-ਪੁੱਟੀਆਂ, ਦੱਬੀਆਂ-ਦਰੜੀਆਂ ਇਨਕਲਾਬੀ ਜਮਾਤਾਂ ਵੱਲੋਂ ਲੜੇ ਜਾਂਦੇ ਯੁੱਧ ਇਨਕਲਾਬੀ, ਹੱਕੀ ਅਤੇ ਨਿਆਂਪੂਰਨ ਮੰਨੇ ਜਾਂਦੇ ਹਨ, ਪਰ ਲੁੱਟ ਕਰਦੀਆਂ ਹਾਕਮ ਜਮਾਤਾਂ ਦੇ ਸੰਘਰਸ਼, ਮੁਹਿੰਮਾਂ ਅਤੇ ਯੁੱਧ ਪਿਛਾਖੜੀ, ਨਹੱਕੇ ਅਤੇ ਅਨਿਆਂ ਪੂਰਨ ਹੁੰਦੇ ਹਨ। ਇਸ ਚੌਖਟੇ ਵਿਚੋਂ ਦੇਖਦੇ ਹੋਏ, ਗੁਲਾਮਾਂ ਦੇ ਮਾਲਕਾਂ ਵਿਰੁੱਧ, ਮੁਜ਼ਾਰੇ-ਕਿਸਾਨਾਂ ਦੇ ਜਗੀਰਦਾਰੀ ਵਿਰੁੱਧ, ਸਰਮਾਏਦਾਰੀ ਦੇ ਜਗੀਰਦਾਰੀ ਵਿਰੁੱਧ ਅਤੇ ਸਨਅਤੀ ਮਜ਼ਦੂਰ-ਜਮਾਤ ਦੇ ਸਰਮਾਏਦਾਰੀ ਵਿਰੁੱਧ ਸੰਘਰਸ਼ ਅਤੇ ਯੁੱਧ ਇਨਕਲਾਬੀ, ਅਗਾਂਹਵਧੂ, ਹੱਕੀ ਅਤੇ ਨਿਆਂਪੂਰਨ ਸਾਬਿਤ ਹੁੰਦੇ ਹਨ, ਪਰ ਇਸ ਦੇ ਉਲਟ ਗੁਲਾਮ-ਮਾਲਕਾਂ ਦੇ ਗੁਲਾਮਾਂ ਵਿਰੁੱਧ, ਜਗੀਰਦਾਰੀ ਦੇ ਮੁਜ਼ਾਹਰੇ-ਕਿਸਾਨਾਂ ਵਿਰੁੱਧ, ਸਰਮਾਏਦਾਰੀ ਦੇ ਮਜ਼ਦੂਰ ਜਮਾਤ ਵਿਰੁੱਧ, ਬਸਤੀਵਾਦੀ ਤੇ ਸਾਮਰਾਜੀ ਹਾਕਮਾਂ ਦੇ ਗੁਲਾਮ, ਅੱਧ-ਗੁਲਾਮ ਦੇਸ਼ਾਂ, ਕੌਮਾਂ ਅਤੇ ਉਥੋਂ ਦੇ ਲੋਕਾਂ ਵਿਰੁੱਧ ਕੀਤੇ ਜਾਂਦੇ ਸੰਘਰਸ਼ ਅਤੇ ਯੁੱਧ ਉਲਟ-ਇਨਕਲਾਬੀ, ਪਿਛਾਖੜੀ, ਨਹੱਕੇ ਅਤੇ ਅਨਿਆਂਪੂਰਨ ਸੰਘਰਸ਼ ਅਤੇ ਯੁੱਧ ਹੁੰਦੇ ਹਨ।

ਪਿਛਾਖੜੀ ਹਾਕਮ ਜਮਾਤਾਂ ਆਪਣੀ ਸਿਆਸਤ, ਨੀਤੀਆਂ ਅਤੇ ਫੌਜਾਂ ਨਾਲ ਇਹ ਸੰਘਰਸ਼ ਤੇ ਯੁੱਧ ਕਰਦੀਆਂ ਹਨ। ਇਹ ਪਹੁੰਚ ਹੀ ਦੱਬੀਆਂ-ਦਰੜੀਆਂ, ਲੁੱਟੀਆਂ-ਪੁੱਟੀਆਂ ਇਨਕਲਾਬੀ ਜਮਾਤਾਂ, ਕੌਮਾਂ ਤੇ ਦੇਸ਼ਾਂ ਨੂੰ ਧਾਰਨ ਕਰਨੀ ਪੈਂਦੀ ਹੈ। ਇਸ ਕਰਕੇ ਜਮਾਤੀ ਲੜਾਈ ਵਿਚ ਜਮਾਤੀ ਸਿਆਸਤ ਤੇ ਹਥਿਆਰਬੰਦ ਤਾਕਤ ਦਾ ਇਕ ਅਹਿਮ ਅਤੇ ਨਿਰਣਾਇਕ ਰੋਲ ਹੁੰਦਾ ਹੈ। ਇਸ ਤੱਥ ਦੀ ਪਛਾਣ ਕਰਦਿਆਂ ਹੀ ਲੈਨਿਨ ਸਮੇਤ ਸੰਸਾਰ ਦੇ ਪ੍ਰਸਿੱਧ ਚਿੰਤਕਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਸਿਆਸਤ ਹਥਿਆਰ ਰਹਿਤ ਯੁੱਧ ਹੁੰਦੀ ਹੈ ਅਤੇ ਯੁੱਧ ਹਥਿਆਰਬੰਦ ਸਿਆਸਤ ਹੁੰਦਾ ਹੈ। ਸ਼ੋਸ਼ਕ ਹਾਕਮ ਜਮਾਤਾਂ ਆਪਣੀ ਵਿਰੋਧੀ ਲੁੱਟੀ-ਪੁੱਟੀ ਇਨਕਲਾਬੀ ਜਮਾਤ ਨੂੰ ਕਾਬੂ ਵਿਚ ਰੱਖਣ ਲਈ, ਨਿੱਕੇ-ਮੋਟੇ ਲਾਲਚ, ਭੁਲੇਖਾਕਾਰੀ ਖੁੱਲ੍ਹਾਂ ਅਤੇ ਅਧਿਕਾਰਾਂ ਦੇ ਮੱਕੜੀ-ਜਾਲ ਲਈ ਨੀਤੀਆਂ ਘੜਦੀਆਂ-ਲਾਗੂ ਕਰਦੀਆਂ ਹਨ ਅਤੇ ਆਪਣੀ ਹਥਿਆਰਬੰਦ ਤਾਕਤ ਨੂੰ ਵਿਸਥਾਰਦੀਆਂ ਹਨ। ਹਾਕਮ ਜਮਾਤ ਹੋਣ ਕਰਕੇ ਇਸ ਨੂੰ ਸੰਵਿਧਾਨਕ ਮਾਨਤਾ ਤੇ ਅੰਤਰ ਰਾਸ਼ਟਰੀ ਮਾਨਤਾ ਮਿਲੀ ਹੁੰਦੀ ਹੈ। ਪਰ ਦੱਬੀਆਂ-ਦਰੜੀਆਂ ਜਮਾਤਾਂ ਨੇ ਸਿਆਸੀ ਤੇ ਤਾਕਤ ਦੀ ਉਸਾਰੀ ਕਰਨੀ ਹੁੰਦੀ ਹੈ। ਇਨ੍ਹਾਂ ਨੂੰ ਅਕਸਰ ਨਾ ਅੰਤਰ-ਰਾਸ਼ਟਰੀ ਮਾਨਤਾ ਹੁੰਦੀ ਹੈ ਅਤੇ ਨਾ ਹੀ ਸੰਵਿਧਾਨਿਕ ਮਾਨਤਾ ਹੁੰਦੀ ਹੈ। ਸਗੋਂ ਇਸ ਇਨਕਲਾਬੀ ਤਾਕਤ ਨੂੰ ਗੈਰ ਸੰਵਿਧਾਨਿਕ ਅਤੇ ਗੈਰ ਕਾਨੂੰਨੀ ਕਰਾਰ ਦਿੱਤਾ ਜਾਂਦਾ ਹੈ। ਇਨਕਲਾਬੀ ਜਮਾਤਾਂ ਨੂੰ ਸਭ ਤੋਂ ਪਹਿਲਾਂ ਆਪਣੇ ਲੋਕਾਂ ਤੋਂ ਇਹ ਮਾਨਤਾ ਲੈਣੀ ਪੈਂਦੀ ਹੈ।

ਜਮਾਤਾਂ ਦੇ ਖਾਸੇ ਜਾਂ ਕਿਰਦਾਰ ਅਨੁਸਾਰ ਹੀ ਯੁੱਧਾਂ ਦਾ ਕਿਰਦਾਰ, ਉਨ੍ਹਾਂ ਦੀ ਭੂਮਿਕਾ ਅਤੇ ਉਨ੍ਹਾਂ ਦੇ ਪ੍ਰਭਾਵ ਤੈਅ ਹੁੰਦੇ ਹਨ। ਲੋਟੂ, ਪਿਛਾਖੜੀ ਹਾਕਮ ਜਮਾਤਾਂ ਦੀਆਂ ਜੰਗਾਂ, ਤਬਾਹਕਾਰੀ, ਦਮਨਕਾਰੀ, ਲੋਕ-ਘਾਤੀ ਹੁੰਦੀਆਂ ਹਨ ਪਰ ਪ੍ਰਗਤੀਵਾਦੀ ਇਤਿਹਾਸਕ ਤੌਰ ਦੀ ਅਟੱਲ ਕੀਮਤ ਵਜੋਂ ਸਾਹਮਣੇ ਆਉਂਦਾ ਹੈ ਅਤੇ ਇਕ ਨਵੀਨ ਤੇ ਪ੍ਰਗਤੀਸ਼ੀਲ ਮੁੜ-ਉਸਾਰੀ ਤੇ ਮੁੜ-ਸਿਰਜਣਾ ਦਾ ਸਾਧਨ ਬਣਦਾ ਹੈ। ਦੋਹਾਂ ਧਿਰਾਂ ਨੂੰ ਇਕੋ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ। ਨਾ ਹੀ ਇਨਕਲਾਬੀ ਧਿਰਾਂ ਨੂੰ ਹਾਕਮ ਧਿਰ ਵਾਂਗ ਨਿੰਦਿਆ ਨਿਖੇੜਿਆ ਜਾ ਸਕਦਾ ਹੈ। ਯੁੱਧ ਇਨਕਲਾਬੀ ਧਿਰ ਦੀ ਅਟੱਲ ਮਜਬੂਰੀ ਹੁੰਦੀ ਹੈ।

ਉਪਰੋਕਤ ਚੌਖਟਾ ਇਕ ਆਮ ਚੌਖਟਾ ਹੈ। ਇਸ ਕਰਕੇ ਇਥੇ ਇਸ ਦੇ ਵਧੇਰੇ ਵਿਸਥਾਰ ਦੀ ਲੋੜ ਨਹੀਂ ਹੈ। ਇਹ ਖੇਤਰ ਨੂੰ ਰਾਜਨੀਤਿਕ ਸ਼ਾਸਤਰ ਲਈ ਛੱਡਿਆ ਜਾ ਸਕਦਾ ਹੈ। ਪਰ ਇਸ ਵਿਚਾਰ ਚੌਖਟੇ ਦਾ ਕੁੱਝ ਵਿਸਥਾਰ ਜ਼ਰੂਰੀ ਹੈ। ਭਾਰਤ ਵਰਗੇ ਸਮਾਜ ਵਿਚ ਜਾਤ-ਪਾਤ ਦੀ ਸੰਸਥਾ ਇਕ ਅਜਿਹੀ ਪਿਛਾਖੜੀ ਤੇ ਗੁਲਾਮੀ ਵਰਗੀ ਸੰਸਥਾ ਹੈ, ਜਿਸ ਵਿਚ ਵਸੋਂ ਦੀ ਬਹੁਤ ਵੱਡੀ ਗਿਣਤੀ ਨੂੰ ਗੈਰ-ਮਨੁੱਖੀ



ਬੰਧਨਾਂ ਵਿਚ ਨਪੀੜਿਆ ਜਾ ਰਿਹਾ ਹੈ। ਅਖੌਤੀ ਬਰਾਬਰੀ ਦੇ ਬਾਵਜੂਦ ਦਲਿਤ ਲੋਕ ਬੰਧਨਾਂ ਅਤੇ ਵਿਤਕਰਿਆਂ ਦਾ ਸ਼ਿਕਾਰ ਹਨ। ਮੌਤ ਵਰਗੀ ਅਟੱਲ ਗੈਰ-ਮਾਣਨੀ ਹੋਂਦ ਉਨ੍ਹਾਂ ਉਪਰ ਠੋਸੀ ਗਈ ਹੈ। ਬਲ ਤੇ ਛਲ ਦੇ ਪ੍ਰਯੋਗ ਨਾਲ ਇਕ ਹਾਰੀ ਹੋਈ ਸੈਨਾ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਵਿਰੁੱਧ ਸ਼ਬਦ-ਬਲ ਅਤੇ ਹਥਿਆਰਬੰਦ ਸੱਤਾ ਨੂੰ ਭੁਗਤਾਇਆ ਜਾ ਰਿਹਾ ਹੈ। ਇਕ ਯੁੱਧ ਇਨ੍ਹਾਂ ਦੇ ਅੰਦਰ ਤੇ ਬਾਹਰ ਲਰਜਦਾ ਰਹਿੰਦਾ ਹੈ।

ਇਸੇ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਔਰਤ ਜਾਤੀ ਨੂੰ ਕਰਨਾ ਪੈ ਰਿਹਾ ਹੈ। ਉਹ ਬਲ ਪ੍ਰਯੋਗ ਨਾਲ ਬਲਾਤਕਾਰ ਦਾ ਸ਼ਿਕਾਰ ਬਣਦੀ ਜਾਂਦੀ ਹੈ, ਨਵੇਂ ਤੇ ਪੁਰਾਣੇ ਹਥਿਆਰਾਂ ਤੇ ਢੰਗਾਂ ਨਾਲ ਉਹ ਦਾਜ ਦੀ ਬਲੀ ਚਾੜ੍ਹੀ ਜਾਂਦੀ ਹੈ, ਨਵੀਂ ਤੇ ਪੁਰਾਣੀ ਕਿਸਮ ਦੇ ਸੰਦਾਂ (ਜਾਂ ਹਥਿਆਰਾਂ?) ਨਾਲ ਉਸ ਦਾ ਗਰਭਪਾਤ ਕੀਤਾ/ਕਰਵਾਇਆ ਜਾ ਰਿਹਾ ਹੈ। ਇਕ ਦੁਸ਼ਮਣ ਸੈਨਾ ਦੇ ਸਿਪਾਹੀਆਂ ਵਾਂਗ ਉਸ ਨਾਲ ਨਿਪਟਿਆ ਜਾਂਦਾ ਹੈ। ਉਹ ਵੀ ਪਿਛਾਕੜੀ ਪਰੰਪਰਾਵਾਂ, ਮਰਦ-ਹੰਕਾਰ, ਵਿਤਕਰੇ ਅਤੇ ਨਾ-ਬਰਾਬਰੀ ਦੇ ਹੱਥੋਂ ਲਹੂ-ਲੁਹਾਣ ਹੈ ਅਤੇ ਅੰਦਰੋਂ-ਅੰਦਰ ਦਮ ਘੁੱਟਕੇ ਮਰਨ ਵਰਗਾ ਜੀਵਨ ਜਿਊਣ ਲਈ ਮਜਬੂਰ ਹੈ। ਇਕ ਯੁੱਧ ਉਸ ਦੇ ਅੰਦਰ ਤੇ ਬਾਹਰ ਫੁੰਕਾਰਦਾ ਫਿਰਦਾ ਹੈ।

ਇਲਾਕਿਆਂ ਦਾ ਪਛੜੇਵਾਂ ਇਕ ਹੋਰ ਖੇਤਰ ਹੈ, ਜਿਸ ਉਪਰ ਵਿਤਕਰੇ, ਅਣਗਹਿਲੀ ਅਤੇ ਭ੍ਰਿਸ਼ਟਾਚਾਰ ਦਾ ਜਬਰ ਲੱਦਿਆ ਜਾਂਦਾ ਹੈ। ਲੋਕਾਂ ਨੂੰ ਸਦੀਆਂ ਤੱਕ ਸਭਿਆਚਾਰਕ ਪਛੜੇਵੇਂ ਦਾ ਨਰਕ ਭੋਗਣਾ ਪੈਂਦਾ ਹੈ। ਇਸ ਆਰਥਿਕ ਤੇ ਸਭਿਆਚਾਰਕ ਪਛੜੇਵੇਂ ਦੇ ਕਾਰਨ ਉਹ ਜਹਾਲਤ ਮਾਰੇ ਲੋਕ ਜ਼ਿੰਦਗੀ ਦੇ ਆਮ ਅਧਿਕਾਰਾਂ ਤੋਂ ਵੀ ਵਿਰਵੇ ਰੱਖੇ ਜਾਂਦੇ ਹਨ। ਉਹ ਇਲਾਜ ਬਾਝੋਂ ਮਰਦੇ ਹਨ, ਅਨਪੜ੍ਹਤਾ ਕਾਰਨ ਅਮਾਨਵੀ ਦੁੱਖ ਝੱਲਣ ਲਈ ਮਜਬੂਰ ਹਨ ਤੇ ਆਪਣੀ ਕੋਈ ਸਵੈ ਪਛਾਣ ਬਰਕਰਾਰ ਰੱਖਣੀ ਉਨ੍ਹਾਂ ਲਈ ਅਸੰਭਵ ਵਰਗਾ ਹੋ ਜਾਂਦਾ ਹੈ। ਸਵੈ-ਪਛਾਣ ਬਰਾਬਰ ਰੱਖਣੀ ਉਨ੍ਹਾਂ ਲਈ ਅਸੰਭਵ ਵਰਗਾ ਹੋ ਜਾਂਦਾ ਹੈ। ਉਹ ਸਵੈ-ਪਛਾਣ ਲਈ ਤਰਸਦੇ ਤੇ ਸਹਿਕਦੇ ਧੁਖ-ਧੁਖ ਕੇ ਜਰਵਾਣਿਆਂ ਦਾ ਜਬਰ ਭੋਗਦੇ ਹਨ। ਪਛਾਣ ਹੀਣਤਾ ਤੇ ਅਧਿਕਾਰ ਹੀਣਤਾ ਨਾਲ ਉਹ ਕੁੱਲ ਉਮਰ ਅਣਹੋਇਆ ਵਾਂਗ ਹਾਸ਼ੀਆ ਗ੍ਰਸਤ ਹੋ ਕੇ ਉਮਰ ਗੁਜ਼ਾਰਨ ਲਈ ਮਜਬੂਰ ਹਨ। ਕਾਗਜ਼ੀ ਅਧਿਕਾਰ ਇਨ੍ਹਾਂ ਦੇ ਜ਼ਖ਼ਮਾਂ ਦੀ ਮੱਲ੍ਹਮਪੱਟੀ ਵੀ ਨਹੀਂ ਕਰਦੇ।

ਯੁੱਧ ਤੇ ਹਿੰਸਾ ਦਾ ਇਕ ਸਭ ਤੋਂ ਵੱਡ-ਅਕਾਰੀ ਖੇਤਰ ਗੁਰਬਤ, ਥੁੜ, ਮੰਦਹਾਲੀ ਤੇ ਕੁਪੋਸ਼ਣ ਦਾ ਹੈ। ਬਹੁਤ ਵੱਡੀ ਗਿਣਤੀ ਨੂੰ ਲੋੜੀਂਦੀ ਪੇਟ ਭਰ ਖੁਰਾਕ ਵੀ ਨਸੀਬ ਨਹੀਂ। ਅਮਰਤਿਆ ਸੈਨ ਦਾ ਕਥਨ ਹੈ ਕਿ ਕਿਸੇ ਵਿਅਕਤੀ ਨੂੰ ਭੁੱਖਾ ਰਹਿਣ ਲਈ ਮਜਬੂਰ ਕਰਨਾ ਵੀ ਇਕ ਹਿੰਸਾ ਹੈ। ਇਹ ਹਿੰਸਾ ਵੱਡੇ ਪੱਧਰ 'ਤੇ ਮੌਜੂਦ ਹੈ। ਇਹ ਭਾਰਤ ਵਿਚ ਗਾਂਧੀਵਾਦੀ ਅਹਿੰਸਾ ਦੀ ਹਿੰਸਾ ਹੈ। ਹਿੰਸਾ ਯੁੱਧ ਦਾ ਅਟੁੱਟ ਅੰਗ ਹੈ। ਇਸ ਕਰਕੇ ਭਾਰਤ ਦੇ ਭੁੱਖੇ, ਅੱਧ-ਭੁੱਖੇ ਅਤੇ ਅਰਜੇ ਲੋਕਾਂ ਉਪਰ ਹਾਕਮਾਂ ਨੇ ਪਹਿਲਾਂ ਹੀ ਇਕ ਯੁੱਧ ਥੋਪ ਰੱਖਿਆ ਹੈ।

ਆਮ ਫਿਰਕੂ ਹਿੰਸਾ, ਖਾਸ ਕਰਕੇ ਬਹੁ-ਗਿਣਤੀ ਧਾਰਮਿਕ ਫਿਰਕੇ ਦੀ ਹਿੰਸਾ, ਯੁੱਧ ਦਾ ਇਕ ਹੋਰ ਰੂਪ ਹੈ, ਜਿਹੜਾ ਸਾਡੇ ਚਲਾਕ, ਸ਼ਾਤਰ ਤੇ ਮੱਕਾਰ ਹਾਕਮ ਲੋਕਾਂ ਉਪਰ ਸਮੇਂ-ਸਮੇਂ ਤੇ ਲੋੜ ਅਨੁਸਾਰ ਠੋਸਦੇ ਰਹਿੰਦੇ ਹਨ। ਇਸ ਫਿਰਕੂ ਵਿਤਕਰੇ ਤੇ ਹਿੰਸਾ ਨਾਲ ਪੀੜ੍ਹਤ ਲੋਕ ਜਾਣਦੇ ਹਨ ਕਿ ਇਹ ਰੋਗ ਕਿੰਨਾ ਦਰਦੀਲਾ ਅਤੇ ਦੁਖਦਾਈ ਹੈ।

ਇਸ ਦੇਸ਼ ਵਿਚ ਘੱਟ ਗਿਣਤੀ ਧਾਰਮਿਕ ਫਿਰਕਿਆਂ ਦੇ ਲੱਗੇ ਫੱਟ ਕਿਸੇ ਤੋਂ ਭੁੱਲੇ ਹੋਏ ਨਹੀਂ। ਇਹ ਹਿੰਸਾ, ਹਾਕਮਾਂ ਦੇ ਲੋਕ ਦੋਖੀ ਤੇ ਲੋਕ ਵਿਰੋਧੀ ਯੁੱਧ ਦਾ ਹੀ ਇਕ ਅਟੁੱਟ ਅੰਗ ਹੈ। ਮਿਸਾਲ ਵਜੋਂ ਪੰਜਾਬ ਵਿਚ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ, ਖਾਸ ਕਰਕੇ ਹਰਿਮੰਦਰ ਸਾਹਿਬ ਉਪਰ ਫੌਜੀ ਹਮਲਾ, ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਉਪਰ ਠੋਸੀ ਗਈ ਹਿੰਸਾ, ਬਾਬਰੀ ਮਸਜਿਦ ਢਾਹੁਣ ਦੀ ਘਟਨਾ ਉਪਰੰਤ ਮੁਸਲਿਮ ਭਾਈਚਾਰੇ ਦੀ ਮਾਨਸਿਕ ਵੇਦਨਾ ਅਤੇ ਇਸਾਈ ਘੱਟ ਗਿਣਤੀ ਉਪਰ ਕਾਤਲਾਨਾ ਹਮਲੇ, ਇਸ ਯੁੱਧ ਵਰਗੀ ਸਥਿਤੀ ਦੀ ਪੈਦਾਵਾਰ ਹਨ।

ਇਸੇ ਤਰ੍ਹਾਂ ਖਾਪ-ਪੰਚਾਇਤਾਂ ਅਤੇ ਅਣਖ ਲਈ ਕਤਲ, ਗਲੀਆਂ-ਸੜੀਆਂ ਪਿਛਾਖੜੀ ਪਰੰਪਰਾਵਾਂ ਅਤੇ ਸੋਚ ਦਾ ਅੰਗ ਹਨ ਖਾਪ ਪੰਚਾਇਤਾਂ ਮੱਧ ਕਾਲੀਨ ਯੁੱਗ ਵਾਂਗ ਫਤਵੇ ਦਿੰਦੀਆਂ ਹਨ ਅਤੇ ਪ੍ਰੇਮੀ-ਜੋੜਿਆਂ ਦੇ ਪਿਆਰ-ਵਿਆਹਾਂ ਦੇ ਵਿਰੁੱਧ ਸ਼ਕਤੀ ਦੀ ਵਰਤੋਂ ਲਈ ਆਧਾਰ ਪੈਦਾ ਕਰਦੀਆਂ ਹਨ ਅਤੇ ਇਸ ਆਧਾਰ 'ਤੇ ਖੜ੍ਹ ਕੇ ਅਣਖ ਲਈ ਕਤਲ ਕਰਨ ਦੇ ਕਾਰਨਾਮੇ ਉਗਮਦੇ ਹਨ। ਅਧਿਕਾਰਾਂ ਵਿਰੁੱਧ ਹਥਿਆਰਾਂ ਦੀ ਵਰਤੋਂ। ਫੇਰ ਲੜਾਈ ਤੇ ਯੁੱਧ ਹੋਰ ਕੀ ਹੁੰਦਾ ਹੈ? ਅਧਿਕਾਰਾਂ ਦੀ ਵਰਤੋਂ ਦੇ ਆਲੇ-ਦੁਆਲੇ ਹਥਿਆਰਾਂ ਅਤੇ ਮੌਤ ਦਾ ਦਹਿਲ ਅਤੇ ਕਾਰਜਸ਼ੀਲਤਾ ਇਕ ਗੈਰ ਮਨੁੱਖੀ ਵਰਤਾਰਾ ਬਣ ਕੇ ਖੜ੍ਹਾ ਹੈ। ਇਹ ਯੁੱਧ ਇਕ ਹੋਰ ਤਹਿ ਹੈ। ਇਹ ਵਰਤਾਰਾ ਪੰਜਾਬ ਅਤੇ ਹਰਿਆਣਾ ਵਰਗੇ ਉਨ੍ਹਾਂ ਸੂਬਿਆਂ ਵਿਚ ਵੱਡੇ ਪੱਧਰ 'ਤੇ ਮੌਜੂਦ ਹੈ, ਜਿਥੇ ਖੇਤੀਬਾੜੀ ਵਿਚ ਆਧੁਨਿਕ ਤੇ ਵਿਗਿਆਨਕ ਤਕਨੀਕ ਦੀ ਭਰਮਾਰ ਹੈ। ਭਰੂਣ ਹੱਤਿਆ ਚੰਡੀਗੜ੍ਹ ਦੀ ਕੇਂਦਰੀ ਸ਼ਾਸਿਤ ਇਕਾਈ ਵਿਚ ਇੰਨੀ ਵਿਆਪਕ ਹੈ ਕਿ ਇਥੇ ਔਰਤ-ਮਰਦ ਦੀ ਗਿਣਤੀ ਦਾ ਅਨੁਪਾਤ ਸਾਰੇ ਦੇਸ਼ ਦੇ ਸਾਂਝੇ ਅਨੁਪਾਤ ਨਾਲੋਂ ਵੀ ਨੀਵਾਂ ਹੈ, ਹਾਲਾਂਕਿ ਇਹ ਇਕਾਈ ਅਤੇ ਖਾਸ ਕਰਕੇ ਇਸ ਦਾ ਕੇਂਦਰੀ ਹਿੱਸਾ ਪੜ੍ਹੇ-ਲਿਖੇ ਮੱਧ ਵਰਗ, ਉਚ ਮੱਧ ਵਰਗ ਤੇ ਉਚ ਵਰਗ ਨਾਲ ਲੱਦਿਆ ਪਿਆ ਹੈ। ਕਾਰਨ ਇਹ ਹੀ ਹੈ ਕਿ ਖੇਤੀ ਵਿਚ ਸੀਮਤ ਪੂੰਜੀਵਾਦ ਢੰਗਾਂ ਦੇ ਪਰਵੇਸ਼ ਦੇ ਬਾਵਜੂਦ ਖੇਤੀ ਆਰਥਿਕਤਾ ਅੱਗੇ ਵੱਲ ਵਿਕਸਿਤ ਨਹੀਂ ਹੋ ਰਹੀ ਅਤੇ ਪੁਰਾਣੀਆਂ ਅੱਧ ਜਗੀਰੂ ਕਦਰਾਂ-ਕੀਮਤਾਂ ਦਨ-ਦਨਾਉਂਦੀਆਂ ਫਿਰਦੀਆਂ ਹਨ।

ਮੱਧ ਵਰਗੀ ਸਥਿਤੀ ਦਾ ਇਹ ਵਰਤਾਰਾ ਸਿਰਫ ਲੋਕ ਸਮੂਹਾਂ ਤੱਕ ਹੀ ਸੀਮਤ ਨਹੀਂ, ਸਗੋਂ ਪਰਿਵਾਰਕ ਅਤੇ ਵਿਅਕਤੀਗਤ ਖੇਤਰ ਤੱਕ ਵੀ ਪਸਰਿਆ ਹੁੰਦਾ ਹੈ, ਬਲਕਿ ਪ੍ਰਯੋਗ ਅਤੇ ਹਿੰਸਾ ਇਥੇ ਸੂਖਮ ਰੂਪਾਂ ਵਿਚ ਵਿਆਪਕ ਹੁੰਦੀ ਹੈ। ਇਹ ਸ਼ਕਤੀ ਬਲ ਤੋਂ ਲੈ ਕੇ ਹਥਿਆਰ ਤੱਕ ਪਸਰੇ ਹੋਏ ਹੁੰਦੇ ਹਨ। ਇਸ ਦੇ ਕਾਰਨ ਵੀ ਕਈ ਹੁੰਦੇ ਹਨ। ਆਰਥਿਕ ਹਿੱਤ, ਮਰਦ-ਹੰਕਾਰ, ਔਰਤ-ਮਰਦ ਦੀ ਜਗੀਰੂ ਜਾਂ ਅੱਧ ਜਗੀਰੂ ਬਿਰਤੀ ਅਧੀਨ ਸ਼ਰੀਕਪੁਣਾ, ਸਭਿਆਚਾਰਕ ਪਛੜੇਵਾਂ ਆਦਿ ਕਈ ਕਾਰਨ ਇਸ ਕਲੇਸ਼ ਨੂੰ ਜਨਮ ਦਿੰਦੇ ਹਨ, ਤਣਾਅ ਪੈਦਾ ਕਰਦੇ ਹਨ। ਗੱਲ ਗਾਲ੍ਹਾਂ, ਮਿਹਣਿਆਂ-ਤਾਨ੍ਹਿਆਂ ਤੋਂ ਅੱਗੇ ਵਧ ਕੇ ਲਲਕਾਰਿਆਂ ਤੱਕ ਵੱਧ ਜਾਂਦੀ ਹੈ ਅਤੇ ਅਖੀਰ ਹਥਿਆਰਾਂ ਦੀ ਵਰਤੋਂ ਰਾਹੀਂ ਸ਼ਰੀਕਾਂ ਨਾਲ ਨਿਬੜਨ ਤੱਕ ਨੌਬਤ ਆ ਜਾਂਦੀ ਹੈ। ਇਹ ਸੂਖਮ ਬਲ ਪ੍ਰਯੋਗ ਇਕ ਕਿਸਮ ਦੀ ਹਿੰਸਾ ਹੀ ਹੁੰਦੀ ਹੈ। ਇਕ ਤਰ੍ਹਾਂ ਦੇ ਯੁੱਧ ਦਾ ਆਰੰਭ ਹੀ ਹੁੰਦਾ ਹੈ। ਇਸ ਸਥਿਤੀ ਦੀ ਆਪਣੀ ਮਾਨਸਿਕ ਵੇਦਨਾ ਹੈ। ਇਸ ਸਥਿਤੀ ਵਿਚ ਹੀ ਕੋਈ ਵਿਅਕਤੀ ਆਪਣੇ ਆਪ ਨੂੰ 'ਅੰਨ ਖਾਣਾ ਬੁੜ੍ਹਾ' ਅਤੇ ਵਹੁਟੀ ਨੂੰ 'ਚੜੇਲ' ਦਾ ਨਾਮ ਦਿੰਦਾ ਹੈ, ਜਿਸ ਦੀ ਪੇਸ਼ਕਾਰੀ ਪਾਸ਼ ਦੀ ਅਮਰ ਰਚਨਾ 'ਯੁੱਧ ਅਤੇ ਸ਼ਾਂਤੀ' ਵਿਚ ਕੀਤੀ ਗਈ ਹੈ। ਉਦਾਸੀ ਦੇ ਇਕੋ ਗੀਤ ਵਿਚ ਇਸ ਕਰੂਪੇ ਯੁੱਗ ਦੀ ਪੇਸ਼ਕਾਰੀ ਬਹੁਤ ਸਪਸ਼ਟ ਹੋ ਕੇ ਪ੍ਰਗਟ ਹੋਈ ਹੈ।

ਇਸ ਵੱਡੇ ਯੁੱਧ ਵਾਂਗ ਸੂਖਮ ਯੁੱਧ ਦੀ ਔਧ ਥੋੜ-ਚਿਰੀ ਦੀ ਵੀ ਹੋ ਸਕਦੀ ਹੈ ਅਤੇ ਦਹਾਕਿਆਂ ਬੱਧੀ ਲੰਬੀ ਵੀ। ਸਮੁੱਚੇ ਰੂਪ ਵਿਚ ਯੁੱਧ ਕਦੇ ਧੁਖਦਾ ਰਹਿੰਦਾ ਹੈ ਅਤੇ ਕਦੇ ਭੜਕ ਪੈਂਦਾ ਹੈ, ਪਰ ਸ਼ੋਸ਼ਣ, ਦਮਨ, ਵਿਤਕਰੇ 'ਤੇ ਆਧਾਰਿਤ ਸਮਾਜ ਵਿਚ ਉਹ ਲਗਾਤਾਰ ਬੰਬ ਪੈਦਾ ਕਰੀ ਜਾਂਦਾ ਹੈ ਅਤੇ ਇਕ ਵਿਆਪਕ ਵਿਸਫੋਟਕ ਸਮੱਗਰੀ ਦਾ ਨਿਰਮਾਣ ਕਰਦਾ ਰਹਿੰਦਾ ਹੈ।

ਹਿੰਸਾ ਅਤੇ ਯੁੱਧ ਦੇ ਇਸ ਵਿਆਪਕ ਵਰਤਾਰੇ ਵਿਚ ਹਮਲਾਵਰ ਅਤੇ ਪੀੜ੍ਹਤ ਦਾ ਨਿਤਾਰਾ ਕਰਨ ਲਈ ਠੋਸ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੁੰਦਾ ਹੈ।

ਅੱਜ ਭਾਰਤ ਦਾ ਸਮਾਜ ਅਤੇ ਦੇਸ਼ ਵੱਡੇ ਪੱਧਰ ਉਪਰ ਯੁੱਧ ਵਰਗੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਦੇ ਕਰੀਬ 19 ਕਰੋੜ ਆਦਿ ਵਾਸੀਆਂ ਦੇ ਵਿਰੁੱਧ ਸਰਕਾਰੀ 'ਸੁਰੱਖਿਆ ਬਲ' ਲੱਖਾਂ ਦੀ ਗਿਣਤੀ ਵਿਚ ਤਾਇਨਾਤ ਹਨ ਅਤੇ ਆਦਿਵਾਸੀ ਖੇਤਰਾਂ ਉਪਰ ਹੱਲੇ ਹਮਲੇ ਬੋਲ ਰਹੇ ਹਨ। ਇਹ ਇਕ ਇਤਿਹਾਸਕ ਮੋੜ ਹੈ। ਇਹ ਸਰਕਾਰੀ, ਪਿਛਾਕੜੀ, ਨਹੱਕਾ ਅਤੇ ਅਨਿਆਂਪੂਰਨ ਯੁੱਧ ਹੈ। ਯੁੱਧ ਦਾ ਦੂਸਰਾ ਨਾਮ ਸਾਮਰਾਜ ਹੈ। ਅੰਨ੍ਹੀ ਲੁੱਟ ਲਈ ਸਮਰਾਜੀਆਂ ਅਤੇ ਉਨ੍ਹਾਂ ਦੇ ਦਲਾਲ ਜੋਟੀਦਾਰਾਂ ਨੂੰ ਇਸ ਯੁੱਧ ਦੀ ਜ਼ਰੂਰਤ ਹੈ ਕਿਉਂਕਿ ਲੋਕਾਂ, ਖਾਸ ਕਰਕੇ ਆਦਿਵਾਸੀਆਂ ਦਾ ਸੰਘਰਸ਼ ਇਸ ਲੁੱਟ ਅਤੇ ਦਮਨ ਦੇ ਮੋਹਰੇ ਲੋਹੇ ਦੀ ਲੱਠ ਬਣਕੇ ਖੜ੍ਹਾ ਹੈ। ਯੁੱਧ ਵਿਚ ਲੋਟੂ ਲਾਣੇ ਵੀ ਸਿੱਧੀ ਲੁੱਟ ਕਰਦੇ ਹਨ। ਭਾਰਤ ਦੇ ਹਾਕਮ ਅਤੇ ਇਨ੍ਹਾਂ ਦੇ ਸਾਮਰਾਜੀ ਪ੍ਰਭੂ ਕਾਨੂੰਨ ਦੇ ਨਾਂ ਹੇਠ ਗੈਰ ਕਾਨੂੰਨੀ ਡਾਕੇ ਮਾਰ ਰਹੇ, ਧਰਤੀ ਕਬਜ਼ਾ ਰਹੇ ਹਨ ਅਤੇ ਧਰਤੀ ਦੀ ਦੌਲਤ ਲੁੱਟ-ਲੁਟਾ ਰਹੇ ਹਨ। ਪਾਪੂਲਰ ਸਿਆਸਤ ਲੁੱਟਣ ਦਾ ਦੂਸਰਾ ਨਾਮ ਹੈ। ਸਿਆਸਤ ਭ੍ਰਿਸ਼ਟਾਚਾਰ ਦਾ ਸਾਊ ਨਾਮ ਹੈ।

ਆਮ ਆਦਮੀ ਨੂੰ ਧਾੜਵੀਆਂ ਤੇ ਹਮਲਾਵਰਾਂ ਕੋਲੋਂ ਆਪਣੇ ਆਪ, ਆਪਣੇ ਭਾਈਚਾਰੇ ਅਤੇ ਦੇਸ਼ ਨੂੰ ਬਚਾਉਣਾ ਜ਼ਰੂਰੀ ਹੁੰਦਾ ਹੈ। ਇਹ ਕਾਰਜ ਹੁਣ ਲੋਕਾਂ ਦੇ ਜਿੰਮੇ ਹੈ, ਸੰਵੇਦਨਸ਼ੀਲ ਲੇਖਕਾਂ ਦੇ ਜਿੰਮੇ ਹੈ ਕਿ ਉਹ ਯੁੱਧ ਦੀਆਂ ਵੱਖ-ਵੱਖ ਪਰਤਾਂ ਫਰੋਲਣ, ਇਸ ਦੀ ਬੇਰਹਿਮ ਤੇ ਬੇਕਿਰਕ ਸਰਕਾਰੀ ਹਿੰਸਾ ਦੇ ਵਿਰੋਧ ਦੇ ਅਹਿਸਾਸ ਨੂੰ ਸੰਚਾਰਤ ਕਰਨ ਅਤੇ ਲੋਕਾਂ ਨੂੰ ਆਪਣਾ ਯੁੱਧ ਜਿੱਤਣ ਵਿਚ ਮਦਦ ਦੇਣ ਤਾਂ ਹੀ ਸਮਾਜ ਵਿਚ ਅਸਲੀ ਬਰਾਬਰੀ ਅਤੇ ਸਦੀਵੀਂ ਸ਼ਾਂਤੀ ਸਥਾਪਿਤ ਹੋ ਸਕਦੀ ਹੈ।



# ਭਾਈ ਸੰਤੋਖ ਸਿੰਘ ਬਾਰੇ ਗੱਲਬਾਤ ਤੇਜਵੰਤ ਸਿੰਘ ਗਿੱਲ ਨਾਲ



*ਸੰਪਾਦਨ ਤੇ ਆਲੇਖ ਪ੍ਰੋ. ਰਾਕੇਸ਼ ਰਮਨ*

ਪ੍ਰਸਿੱਧ ਚਿੰਤਕ ਤੇ ਸਾਹਿਤ ਸਮਾਲੋਚਕ ਡਾ. ਤੇਜਵੰਤ ਸਿੰਘ ਗਿੱਲ ਨੇ ਆਪਣੀ ਇਸ ਵਿਦਵਤਾਪੂਰਨ ਮੁਲਾਕਾਤ ਵਿਚ 'ਕਿਰਤੀ' ਰਸਾਲੇ ਅਤੇ 'ਕਿਰਤੀ ਕਿਸਾਨ ਪਾਰਟੀ' ਦੇ ਸੰਸਥਾਪਕ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਯੋਗਦਾਨ ਦਾ ਢੁਕਵਾਂ ਵਿਚਾਰਧਾਰਕ ਪਰਿਪੇਖ਼ ਤਿਆਰ ਕਰਨ ਦਾ ਯਤਨ ਕੀਤਾ ਹੈ। ਭਾਰਤ ਦੇ ਸੁਤੰਤਰਤਾ ਅੰਦੋਲਨ ਦੀ ਤਵਾਰੀਖ਼ ਵਿਚ ਬਹੁਤ ਕੁਝ ਰਲਗੱਡ ਹੋਇਆ ਪਿਆ ਹੈ, ਇਸ ਨੂੰ ਸੰਤੁਲਿਤ ਨਜ਼ਰੀਏ ਤੋਂ ਮੁੜ ਘੋਖਣ ਦੀ ਲੋੜ ਹੈ ਅਤੇ ਭਾਈ ਸੰਤੋਖ ਸਿੰਘ ਵਰਗੇ ਵਿਚਾਰਧਾਰਕ ਪੱਖੋਂ ਪਰਿਪੱਕ ਆਜ਼ਾਦੀ ਘੁਲਾਟੀਆਂ ਦੀ ਦੇਣ ਦਾ ਸਹੀ ਮੁਲੰਕਣ ਕਰਕੇ ਉਨ੍ਹਾਂ ਦਾ ਇਹਿਤਾਸ ਵਿਚ ਬਣਦਾ ਸਥਾਨ ਨਿਸ਼ਚਿਤ ਕਰਨ ਦੀ ਵੀ ਡਾਢੀ ਲੋੜ ਹੈ। ਇਸ ਮੁਲਾਕਾਤ ਵਿਚ ਕੁਲ ਬੁਨਿਆਦੀ ਨੁਕਤੇ ਹੀ ਉਠਾਏ ਗਏ ਹਨ। ਜੇਕਰ ਕੋਈ ਹੋਰ ਵਿਦਵਾਨ ਭਾਈ ਸਾਹਿਬ ਬਾਰੇ ਇਸ ਸੰਵਾਦ ਨੂੰ ਅੱਗੇ ਤੋਰਨ ਦੇ ਚਾਹਵਾਨ ਹੋਣ ਤਾਂ ਉਨ੍ਹਾਂ ਨੂੰ ਅਦਾਰਾ 'ਨਵੀਂ ਦੁਨੀਆ' ਵੱਲੋਂ ਨਿਮਰਤਾ ਸਹਿਤ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

? : ਗਿੱਲ ਸਾਹਿਬ, ਪਤਾ ਲੱਗਾ ਹੈ ਕਿ ਇਟਲੀ ਦੇ ਮਹਾਨ ਮਾਰਕਸੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਬਾਰੇ ਜੋ ਤੁਹਾਡੀ ਕਿਤਾਬ ਛਪ ਰਹੀ ਹੈ, ਉਹ 'ਕਿਰਤੀ' ਰਸਾਲੇ ਦੇ ਬਾਨੀ ਅਤੇ ਕਿਰਤੀ ਕਿਸਾਨ ਪਾਰਟੀ ਦੇ ਨਿਰਮਾਤਾ ਭਾਈ ਸੰਤੋਖ ਸਿੰਘ ਨੂੰ ਸਮਰਪਤ ਹੈ। ਇਸ ਦਾ ਕੀ ਭੇਤ ਹੈ?

– ਇਹ ਬਿਲਕੁਲ ਸੱਚ ਹੈ। ਕਾਰਨ ਇਸ ਦਾ ਇਹ ਹੈ ਕਿ ਲੰਮੇ ਇਤਿਹਾਸ ਵਾਲੇ, ਭਿੰਨ ਵਰਗਾਂ, ਸਭਿਆਚਾਰਾਂ ਅਤੇ ਧਰਮਾਂ ਵਿਚ ਖੰਡਿਤ ਦੇਸ਼ਾਂ ਵਿਚ ਸਮਾਜਵਾਦੀ ਕ੍ਰਾਂਤੀ ਲਿਆਉਣ ਦੀ ਜੋ ਦ੍ਰਿਸ਼ਟੀ ਗ੍ਰਾਮਸ਼ੀ ਨੇ ਚਿਤਵੀ, ਉਸ ਦੀ ਤਰੰਗ ਮੈਨੂੰ ਭਾਈ ਸੰਤੋਖ ਸਿੰਘ ਦੇ ਯਤਨ ਵਿਚੋਂ ਉੱਠਦੀ ਮਹਿਸੂਸ ਹੋਈ ਹੈ। ਮੈਨੂੰ ਇਹ ਗੌਰਵ ਵਾਲੀ ਗੱਲ ਲੱਗਦੀ ਹੈ ਕਿ ਦੁਨੀਆ ਭਰ ਵਿਚ ਸਮਾਜਵਾਦੀ ਨਿਜ਼ਾਮਾਂ ਦੇ ਢਹਿ-ਢੇਰੀ ਹੋ ਜਾਣ ਮਗਰੋਂ ਵੀ ਜਿਸ ਦ੍ਰਿਸ਼ਟੀ ਨੂੰ ਕੋਈ ਆਂਚ ਨਹੀਂ ਆਈ, ਉਸ ਦੀ ਟਿਮਕਣ ਭਾਈ ਸੰਤੋਖ ਸਿੰਘ ਤੋਂ ਮਿਲਦੀ ਹੈ।

? : ਸਮਾਜਵਾਦੀ ਕ੍ਰਾਂਤੀ ਲਿਆਉਣ ਦੀ ਇਸ ਦ੍ਰਿਸ਼ਟੀ ਦੇ ਮੂਲ ਆਧਾਰ ਕੀ ਸਨ? 'ਕਿਰਤੀ' ਰਸਾਲੇ ਨੂੰ ਆਰੰਭ ਕਰਨ ਅਤੇ ਕਿਰਤੀ ਕਿਸਾਨ ਪਾਰਟੀ ਬਣਾਉਣ ਤੋਂ ਉਨ੍ਹਾਂ ਦੀ ਤਰੰਗ ਤੁਹਾਨੂੰ ਕਿਵੇਂ ਉਠਦੀ ਪ੍ਰਤੀਤ ਹੋਈ ਹੈ? ਉਸ ਦੀ ਟਿਮਕਣ ਕਿਵੇਂ ਦਿਖਾਈ ਦਿੰਦੀ ਹੈ?

– ਇਸ ਦਾ ਮੁੱਖ ਆਧਾਰ ਤਾਂ ਇਹ ਹੈ ਕਿ ਅਨਤੋਨੀਉ ਗ੍ਰਾਮਸ਼ੀ ਅਨੁਸਾਰ ਇਟਲੀ ਵਰਗੇ ਦੇਸ਼ ਵਿਚ ਜਿਥੇ ਉਤਰੀ ਭਾਗ ਸਨਅਤੀਕਰਨ ਦੀ ਲਪੇਟ ਵਿਚ ਆਇਆ ਹੋਇਆ ਸੀ ਪਰ ਦੱਖਣੀ ਭਾਗ ਜਗੀਰਦਾਰੀ ਅਧੀਨ ਸੀ, ਕੈਥੋਲਿਕ ਮੱਤ ਕੁੱਲ ਵਸੋਂ ਦੇ ਅੰਗ ਅੰਗ ਵਿਚ ਸਮਾਇਆ ਹੋਇਆ ਸੀ, ਬੁੱਧੀਵਰਗ ਵਲੋਂ ਦੋਨਾਂ ਭਾਗਾਂ ਵਿਚ ਏਕਤਾ ਲਿਆਉਣ ਦਾ ਕੋਈ ਉਪਰਾਲਾ ਨਹੀਂ ਸੀ ਹੋ ਰਿਹਾ, ਮਿਆਰੀ ਭਾਸ਼ਾ ਉਪਰੀ ਜਹੀ ਬਣਕੇ ਰਹਿ ਗਈ ਸੀ ਅਤੇ ਲੋਕ ਆਪੋ ਆਪਣੀਆਂ ਉਪਭਾਖਾਵਾਂ ਨਾਲ ਹੀ ਬੁੱਤਾਂ ਸਾਰ ਰਹੇ ਸਨ, ਉਥੇ ਵਿਦਰੋਹ ਰਾਹੀਂ ਰਾਜਸੱਤਾ ਹਥਿਆ ਕੇ ਸਮਾਜਵਾਦੀ ਕ੍ਰਾਂਤੀ ਨਹੀਂ ਸੀ ਲਿਆਂਦੀ ਜਾ ਸਕਦੀ। ਕਿਰਤੀ ਕਿਸਾਨ ਏਕਤਾ ਸਥਾਪਤ ਕਰਕੇ ਬੁੱਧੀਵਰਗ ਨੂੰ ਇਸ ਏਕਤਾ ਦਾ ਸ੍ਰੋਤ ਬਣਾ ਕੇ, ਕੁਲ ਸਭਿਆਚਾਰ ਨੂੰ ਆਰਜ਼ੂ ਤੋਂ ਪਾਰ ਜੁਸਤਜੂ ਦਾ ਵਾਹਣ ਮਿਥ ਕੇ ਹੀ ਇਸ ਯਤਨ ਨੂੰ ਸਿਰੇ ਲਾਇਆ ਜਾ ਸਕਦਾ ਸੀ। ਇਹ ਪ੍ਰਭੁਸੱਤਾ ਪ੍ਰਾਪਤ ਕਰਨ ਵਾਲੀ ਗੱਲ ਸੀ, ਜਿਸ ਦੇ ਪਾਸਾਰ ਨੂੰ ਚਿਤਵਣ ਅਤੇ ਇਸ ਦੇ ਭੇਦਾਂ ਨੂੰ ਖੋਲ੍ਹਣ ਵਿਚ ਜੋ ਕਮਾਲ ਅਨਤੋਨੀਓ ਗ੍ਰਾਮਸ਼ੀ ਨੇ ਕਰ ਦਿਖਾਇਆ, ਉਸ ਦੀ ਵੀਹਵੀਂ ਸਦੀ ਦੇ ਮਾਰਕਸੀ ਚਿੰਤਨ ਵਿਚ ਹੋਰ ਕਿਤੇ ਮਿਸਾਲ ਨਹੀਂ ਮਿਲਦੀ।

ਚਿੰਤਨ ਦੀ ਇਹ ਗਹਿਰਾਈ ਅਤੇ ਉਦੇਸ਼ ਦੀ ਇਹ ਬੁਲੰਦੀ ਭਾਈ ਸੰਤੋਖ ਸਿੰਘ ਵਲੋਂ 'ਕਿਰਤੀ' ਰਸਾਲਾ ਅਰੰਭ ਕਰਨ ਅਤੇ ਕਿਰਤੀ ਕਿਸਾਨ ਪਾਰਟੀ ਦਾ ਨਿਰਮਾਣ ਕਰਨ ਤੋਂ ਪ੍ਰਗਟ ਤਾਂ ਨਹੀਂ ਹੁੰਦੀ ਪਰ ਉਸ ਦੇ ਯਤਨ ਵਿਚੋਂ ਅਜਿਹੀ ਤਰੰਗ ਉਠਦੀ ਜ਼ਰੂਰ ਪ੍ਰਤੀਤ ਹੁੰਦੀ ਹੈ। ਇਹ ਸੁੱਟ ਪਾਉਣ ਵਾਲੀ ਗੱਲ ਨਹੀਂ ਕਿ ਉਸ ਦੀ ਸੰਪਾਦਨਾ ਅਧੀਨ ਇਸ ਰਸਾਲੇ ਦੇ ਜੋ ਅੰਕ ਛਪੇ ਉਨ੍ਹਾਂ ਵਿਚ ਉਸ ਵੇਲੇ ਦੇ ਬਹੁਤ ਹੀ ਸੂਝਵਾਨ ਅਰਥ ਵਿਗਿਆਨੀ ਪ੍ਰੋਫੈਸਰ ਬ੍ਰਿਜ ਨਰਾਇਣ ਦੇ ਲੇਖ ਵੀ ਛਪਦੇ ਸਨ ਜੋ ਪੰਜਾਬ ਦੀ ਕਿਸਾਨੀ ਦੀ ਗੁਰਬਤ ਨੂੰ ਪੇਸ਼ ਕਰਦੇ ਸਨ। ਨੌਜਵਾਨ ਭਗਤ ਸਿੰਘ ਨੇ ਵੀ ਉਸੇ ਸਮੇਂ ਇਸ ਰਸਾਲੇ ਵਿਚ ਛਪਣਾ ਅਰੰਭ ਕਰ ਦਿਤਾ ਸੀ। ਮਾਸਟਰ ਤਾਰਾ ਸਿੰਘ ਦੀ ਵੀ ਕਿਤੇ ਨਾ ਕਿਤੇ ਹਾਜ਼ਰੀ ਲੱਗੀ ਹੋਈ ਹੈ ਜਿਸ ਦੇ ਮਨ ਵਿਚ ਭਾਈ ਸੰਤੋਖ ਸਿੰਘ ਪ੍ਰਤੀ ਅਥਾਹ ਸ਼ਰਧਾ ਸੀ। ਇਸ ਤਰ੍ਹਾਂ ਭਾਈ ਸੰਤੋਖ ਦਾ ਇਹ ਯਤਨ ਬਸਤੀਵਾਦੀ ਰਾਜ ਵਿਰੁੱਧ ਜਾਗ੍ਰਿਤੀਕਰਨ ਦਾ ਹੀ ਨਹੀਂ ਸੀ। ਇਹ ਪ੍ਰਭੁਸੱਤਾ ਜਿੱਤਣ ਦਾ ਵੀ ਸੀ ਜਿਸਦੀ ਸੂਝ ਉਸ ਨੂੰ ਅਜੇ ਮੁਢਲੀ ਜਹੀ ਹੀ ਸੀ, ਗ੍ਰਾਮਸ਼ੀ ਵਾਂਗ ਭਰਪੂਰ ਨਹੀਂ ਜਿਸ ਨੇ ਚਿੰਤਨ ਅਤੇ ਚਿਤਵਣ ਦੇ ਉਚੇਰੇ ਮੰਡਲਾਂ ਵਿਚ ਬਰਾਬਰ ਆਪਣੀ ਥਾਂ ਬਣਾਈ ਹੋਈ ਹੈ।

? : ਕੀ ਇਹ ਸੱਚ ਹੈ ਕਿ ਇਹ ਦੋਵੇਂ ਸਮਕਾਲੀ ਸਨ ਅਤੇ ਇਕੋ ਵੇਲੇ ਰੂਸ ਗਏ ਹੋਏ ਸਨ ਜਿਥੇ ਤੀਜੀ ਕੁਮਿਨਟਰਨ ਦੀਆਂ ਸਾਲਾਨਾ ਮੀਟਿੰਗਾਂ ਹੁੰਦੀਆਂ ਸਨ? ਉਨ੍ਹਾਂ ਮੀਟਿੰਗਾਂ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਕਿਸ ਪ੍ਰਕਾਰ ਦੀ ਸੀ?

– ਦੋਨੋਂ ਬਿਲਕੁਲ ਤਾਂ ਨਹੀਂ ਪਰ ਲੱਗਭਗ ਸਮਕਾਲੀ ਜ਼ਰੂਰ ਸਨ। ਅਨਤੋਨੀਓ ਗ੍ਰਾਮਸ਼ੀ ਦਾ ਇਟਲੀ ਦੇ ਇਕ ਟਾਪੂ ਸਾਰਦੀਨੀਆਂ ਵਿਚ 1891 ਦੇ ਅਰੰਭ ਵਿਚ ਜਨਮ ਹੋਇਆ ਸੀ। ਭਾਈ ਸੰਤੋਖ ਸਿੰਘ ਦਾ ਜਨਮ ਦੋ ਸਾਲ ਬਾਅਦ 1893 ਵਿਚ ਸਿੰਘਾਪੁਰ ਹੋਇਆ ਜਿਥੇ ਉਸ ਦਾ ਬਾਪ ਅੰਗਰੇਜ਼ ਰਾਜ ਅਧੀਨ ਫੌਜ ਵਿਚ ਨਿੱਕੀ ਜਿਹੀ ਨੌਕਰੀ 'ਤੇ ਲੱਗਾ ਹੋਇਆ ਸੀ। ਜਿਥੇ ਗ੍ਰਾਮਸ਼ੀ ਸਕੂਲ ਦੀ ਪੜ੍ਹਾਈ ਮਗਰੋਂ ਟਿਊਰਨ ਯੂਨੀਵਰਸਿਟੀ ਵਿਚ ਸਾਹਿਤ, ਫਲਸਫਾ, ਇਤਿਹਾਸ ਅਤੇ ਭਾਸ਼ਾਵਾਂ ਦੇ ਅਧਿਐਨ ਖਾਤਰ ਦਾਖ਼ਲ ਹੋ ਗਿਆ ਉਥੇ ਭਾਈ ਸੰਤੋਖ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਂਟਰੰਸ ਦਾ ਇਮਤਿਹਾਨ ਪਾਸ ਕਰ ਕੇ, ਇੰਗਲੈਂਡ ਹੁੰਦਾ ਹੋਇਆ 1911 ਵਿਚ ਅਮਰੀਕਾ ਜਾ ਪਹੁੰਚਿਆ। 1922 ਦੌਰਾਨ ਕੁਮਿਨਟਰਨ ਦੀ ਚੌਥੀ ਸਾਲਾਨਾ ਕਾਨਫਰੰਸ ਵਿਚ ਭਾਗ ਲੈਣ ਉਹ ਸੋਵੀਅਤ ਰੂਸ ਗਿਆ। ਇਟਲੀ ਦੀ ਕਮਿਊਨਿਸਟ ਪਾਰਟੀ ਦਾ ਪ੍ਰਤੀਨਿਧ ਬਣ ਕੇ ਗ੍ਰਾਮਸ਼ੀ ਉਥੇ ਪਹਿਲਾਂ ਹੀ ਗਿਆ ਹੋਇਆ ਸੀ। ਆਪਣੀ ਪ੍ਰਤਿਭਾ ਦੇ ਜ਼ੋਰ ਤੇ ਉਹ ਇਸ ਅੰਤਰਰਾਸ਼ਟਰੀ ਸੰਸਥਾ ਦੀ ਅਧਿਕਾਰੀ ਕਮੇਟੀ ਵਿਚ ਲਿਆ ਗਿਆ। ਅਗਲੇ ਸਾਲ ਉਹ ਵੀਆਨਾ ਆ ਗਿਆ ਜਿਥੇ ਯੂਰਪ ਦੀਆਂ ਕਮਿਊਨਿਸਟ ਪਾਰਟੀਆਂ ਵਿਚਕਾਰ ਤਾਲਮੇਲ ਬਣਾਉਣ ਦੀ ਜ਼ਿੰਮੇਵਾਰੀ ਉਸ ਨੂੰ ਸੌਂਪੀ ਗਈ। ਕੁਝ ਮਹੀਨਿਆਂ ਮਗਰੋਂ ਉਹ ਇਟਲੀ ਵਾਪਸ ਆ ਗਿਆ ਜਿਥੇ ਇਟਲੀ ਦੀ ਪਾਰਲੀਮੈਂਟ ਵਿਚ ਉਹ ਕਮਿਊਨਿਸਟ ਪਾਰਟੀ ਦਾ ਮੁਖੀ ਬਣ ਗਿਆ। ਪਾਰਟੀ ਦਾ ਜਨਰਲ ਸਕੱਤਰ ਵੀ ਉਸ ਨੂੰ ਚੁਣ ਲਿਆ ਗਿਆ ਜਿਸ ਅਧਿਕਾਰ ਅਧੀਨ ਉਸ ਨੇ ਡਿਕਡੋਲੇ ਖਾਂਦੀ ਪਾਰਟੀ ਨੂੰ ਨਿੱਗਰ ਨੀਹਾਂ 'ਤੇ ਖੜੀ ਕਰ ਦਿਤਾ। ਉਸ ਦੀ ਪ੍ਰਤਿਭਾ ਤੋਂ ਭੈਭੀਤ ਹੋ ਕੇ ਮੱਸੋਲਿਨੀ ਨੇ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿਤਾ। ਗਿਆਰਾਂ ਸਾਲ ਜੇਲ੍ਹ ਵਿਚ ਬੰਦ ਰਹਿਮ ਮਗਰੋਂ ਕੁੱਝ ਬੰਦਿਸ਼ਾਂ ਅਧੀਨ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਪਰ ਇਸ ਦੇ ਇਕ ਹਫਤੇ ਮਗਰੋਂ ਹੀ ਉਸ ਦਾ ਦਿਹਾਂਤ ਹੋ ਗਿਆ। ਗ੍ਰਾਮਸ਼ੀ ਦੀ ਦਿਹਾਂਤ ਵੇਲੇ ਉਮਰ 46 ਸਾਲ ਸੀ। ਭਾਈ ਸੰਤੋਖ ਸਿੰਘ ਡੇਢ ਕੁ ਸਾਲ ਰੂਸ ਵਿਚ ਠਹਿਰਿਆ ਜਿਥੇ ਕਿਰਤੀਆਂ ਕਿਸਾਨਾਂ ਦੀ ਯੂਨੀਵਰਸਿਟੀ ਵਿਚ ਉਸ ਨੇ ਸਿਧਾਂਤਕ ਅਤੇ ਰਾਜਸੀ ਪ੍ਰਕਾਰ ਦੀ ਸਿਖਿਆ ਪ੍ਰਾਪਤ ਕੀਤੀ। 1924 ਵਿਚ ਉਹ ਪੰਜਾਬ ਵਾਪਸ ਆ ਗਿਆ ਪਰ ਤਪਦਿਕ ਦਾ ਮਰੀਜ਼ ਹੋ ਜਾਣ ਕਾਰਨ ਦੋ ਢਾਈ ਸਾਲ ਮਗਰੋਂ ਹੀ ਉਹ ਦਿਹਾਂਤ ਪਾ ਗਿਆ। ਉਸ ਵੇਲੇ ਉਸ ਦੀ ਉਮਰ ਕੇਵਲ ਚੌਂਤੀ ਸਾਲ ਸੀ।

? : ਇਸ ਦਾ ਮਤਲਬ ਇਹ ਹੋਇਆ ਕਿ ਅਮਰੀਕਾ ਵਿਚ ਭਾਈ ਸੰਤੋਖ ਸਿੰਘ ਦੀ ਠਹਿਰ ਕੋਈ ਤੇਰ੍ਹਾਂ ਸਾਲ ਸੀ। ਇਨ੍ਹਾਂ ਸਾਲਾਂ ਦੌਰਾਨ ਉਸ ਦੀਆਂ ਕਿਸ ਤਰ੍ਹਾਂ ਦੀਆਂ ਗਤੀਵਿਧੀਆਂ ਰਹੀਆਂ?

– ਅਮਰੀਕਾ ਵਿਚ ਉਹ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਜਵਾਲਾ ਸਿੰਘ ਦੇ ਫਾਰਮ 'ਤੇ ਆ ਟਿਕਿਆ ਜੋ ਕੈਲੇਫੋਰਨੀਆਂ ਦੇ ਸ਼ਹਿਰਾਂ ਸਟਾਕਟਨ ਅਤੇ ਸੈਕਰੇਸੈਂਟਰੋ ਦੇ ਸੰਨ੍ਹ ਵਿਚ ਸੀ। ਮੰਨਿਆ ਜਾਂਦਾ ਹੈ ਕਿ ਬਾਬਾ ਜਵਾਲਾ ਸਿੰਘ ਨੇ ਉਸ ਨੂੰ ਆਪਣਾ ਧਰਮ ਦਾ ਪੁੱਤਰ ਬਣਾ ਲਿਆ ਸੀ। ਵੈਸੇ ਤਾਂ ਭਾਈ ਸੰਤੋਖ ਸਿੰਘ ਦੇ ਬਾਪ ਦਾ ਨਾਂ ਵੀ ਜਵਾਲਾ ਸਿੰਘ ਸੀ ਪਰ ਉਹ ਧਰਦਿਉ ਪਿੰਡ ਦਾ ਸੀ ਜਦਕਿ ਬਾਬਾ ਜਵਾਲਾ ਸਿੰਘ ਦਾ ਪਿੰਡ ਠੱਠੀਆਂ ਸੀ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਵਿਦੇਸ਼ ਆਉਣ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਦੀ ਸ਼ਾਦੀ ਹੋ ਚੁੱਕੀ ਸੀ। ਲੜਕਾ ਵੀ ਉਸ ਦੇ ਵਿਦੇਸ਼ ਆਉਣ ਤੋਂ ਪਹਿਲਾਂ ਹੀ ਹੋ ਚੁੱਕਾ ਸੀ। ਕਹਿਣ ਤੋਂ ਭਾਵ ਇਥੇ ਇਹ ਹੈ ਕਿ ਉਸ ਦੇ ਅਮਰੀਕਾ ਆਉਣ ਤੋਂ ਪਹਿਲਾਂ ਉਸ ਦਾ ਆਪਣਾ ਪਰਿਵਾਰ ਬਣ ਚੁੱਕਾ ਸੀ। ਇਥੇ ਆ ਕੇ ਕਿਸੇ ਵਿਦਰੋਹ ਦਾ ਅੰਗ ਬਣਨਾ ਉਸ ਦੇ ਆਪਣੇ ਲਈ ਹੀ ਨਹੀਂ ਸਗੋਂ ਮਾਪਿਆਂ, ਉਸ ਦੀ ਬੀਵੀ ਅਤੇ ਬੱਚੇ ਲਈ ਔਕੜਾਂ ਪੈਦਾ ਕਰ ਸਕਦਾ ਸੀ। ਗ੍ਰਾਮਸ਼ੀ ਲਈ ਵੀ ਇਹ ਚੁਣੌਤੀ ਆ ਬਣੀ ਸੀ ਜੋ ਸੋਵੀਅਤ ਰੂਸ ਤੋਂ ਇਕ ਮੁਟਿਆਰ ਵਿਆਹ ਲਿਆਇਆ ਸੀ। ਉਸ ਦੇ ਦੋ ਬੇਟੇ ਹੋਏ, ਛੋਟਾ ਉਸ ਦੇ ਜੇਲ੍ਹ ਜਾਣ ਤੋਂ ਮਗਰੋਂ ਜਿਸ ਦਾ ਉਹ ਜਿਉਂਦੇ ਜੀਅ ਮੂੰਹ ਵੀ ਨਹੀਂ ਸੀ ਦੇਖ ਸਕਿਆ।

? : ਸੁਣਿਆ ਗਦਰ ਲਹਿਰ ਦੀ ਬੁਨਿਆਦ ਬੰਨਣ ਵਿਚ ਬਾਬਿਆਂ ਦੇ ਇਸ ਫਾਰਮ ਦਾ ਬੜਾ ਨਿੱਗਰ ਹੱਥ ਸੀ। ਕਿਸ ਪ੍ਰਕਾਰ ਦਾ ਯੋਗਦਾਨ ਸੀ ਜਿਸ ਦੇ ਆਧਾਰ 'ਤੇ ਇਹ ਕਿਹਾ ਜਾਂਦਾ ਹੈ?

– ਬਾਬਾ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਦੇ ਯਤਨਾਂ ਨਾਲ 1912 ਵਿਚ ਗਦਰ ਲਹਿਰ ਦੀ ਨੀਂਹ ਰੱਖ ਦਿਤੀ ਗਈ ਸੀ। ਇਸ ਦਾ ਮੁੱਖ ਕੇਂਦਰ, ਜਿਸ ਨੂੰ ਗਦਰ ਆਸ਼ਰਮ ਦਾ ਨਾਂ ਦਿਤਾ ਗਿਆ, ਸਾਨਫਰਾਂਸਿਸਕੋ ਵਿਚ ਸੀ ਜਿੱਥੇ ਠਹਿਰਣ ਅਤੇ ਆਉਣ ਜਾਣ ਵਾਲੇ ਕਾਰਕੁਨਾਂ ਲਈ ਖੁਰਾਕ ਇਥੋਂ ਹੀ ਪਹੁੰਚਦੀ ਸੀ। ਨਿਰਸੰਦੇਹ ਨੌਜਵਾਨ ਹੋਣ ਕਾਰਨ ਭਾਈ ਸੰਤੋਖ ਸਿੰਘ ਇਸ ਕਾਰਜ ਨੂੰ ਨਿਭਾਉਣ ਦਾ ਸਿਰਤੋੜ ਯਤਨ ਕਰਦਾ ਹੋਵੇਗਾ। ਗਦਰੀਆਂ ਵਿਚ ਇਸ ਕਾਰਨ ਉਸ ਦੀ ਭੱਲ ਵੀ ਬਹੁਤ ਬਣ ਗਈ ਹੋਵੇਗੀ। ਇਸ ਦਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਜਦ ਡਾ. ਹਰਦਿਆਲ ਜੋ ਬਾਬਾ ਭਕਨਾ ਦੇ ਪ੍ਰਧਾਨ ਹੋਣ ਨਾਲ ਗਦਰ ਲਹਿਰ ਦਾ ਜਨਰਲ ਸਕੱਤਰ ਸੀ, ਗ੍ਰਿਫ਼ਤਾਰੀ ਤੋਂ ਡਰ ਕੇ ਜਰਮਨੀ ਚਲਾ ਗਿਆ ਤਾਂ ਖਾਲੀ ਹੋਈ ਉਪਾਧੀ ਲਈ ਭਾਈ ਸੰਤੋਖ ਸਿੰਘ ਨੂੰ ਚੁਣਿਆ ਗਿਆ। ਅਗਲੇ ਦਸ ਸਾਲ, ਰੂਸ ਨੂੰ ਚੱਲਣ ਤਕ ਉਹ ਇਹ ਜ਼ਿੰਮੇਵਾਰੀ ਬੜੀ ਯੋਗਤਾ ਨਾਲ ਨਿਭਾਉਂਦਾ ਰਿਹਾ। ਉਸ ਦੇ ਕਾਰਜ ਦੀ ਇਹ ਤੁਲਨਾ ਗਦਰ ਦੇ ਵਾਪਰਣ ਤੋਂ ਪਹਿਲਾਂ ਉਸ ਖਾਦ ਨਾਲ ਕੀਤੀ ਜਾ ਸਕਦੀ ਹੈ ਜੋ ਬਿਜਾਈ ਤੋਂ ਪਹਿਲਾਂ ਫਸਲ ਦੇ ਉੱਗਣ ਅਤੇ ਪ੍ਰਵਾਨ ਚੜ੍ਹਨ ਲਈ ਬਹੁਤ ਜ਼ਰੂਰੀ ਹੁੰਦੀ ਹੈ। ਗਦਰ ਅਸਫਲ ਰਹਿ ਜਾਣ ਤੋਂ ਮਗਰੋਂ ਇਹ ਕਾਰਵਾਈ ਉਸ ਕਿਸਾਨ ਦੀ ਬਣ ਗਈ ਜਿਸ ਨੇ ਧਾੜਵੀਆਂ ਤੋਂ ਫਸਲ ਦੀ ਰਖਵਾਲੀ ਵੀ ਕਰਨੀ ਹੁੰਦੀ ਹੈ।

? : ਹੋਰ ਕਿਹੜੀ ਸੰਸਥਾ ਸੀ ਜਿਸ ਦਾ ਯੋਗਦਾਨ ਇਸ ਫਾਰਮ ਦੇ ਤੁਲ ਜਾਂ ਇਸ ਦਾ ਪੂਰਕ ਕਿਹਾ ਜਾ ਸਕਦਾ ਹੈ?

– ਉਹ ਸੀ ਸਟਾਕਟਨ ਦਾ ਗੁਰਦੁਆਰਾ ਜਿਥੇ ਹਰ ਵਰਗ, ਜਾਤ ਅਤੇ ਧਰਮ ਦੇ ਬੰਦੇ ਆ ਜਾ ਸਕਦੇ ਸਨ। ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਗੋਰਿਆਂ ਸਮੇਤ ਹਰੇਕ ਨੂੰ ਉਥੇ ਹਾਜ਼ਰੀ ਲੁਆਣ ਲਈ ਪ੍ਰੇਰਿਆ ਜਾਂਦਾ ਸੀ। ਇਸੇ ਮੰਤਵ ਲਈ ਸੰਗਤ ਦੇ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਸੀ ਜੋ ਗੋਰਿਆਂ ਨੂੰ ਤਾਂ ਖਾਸ ਕਰ ਕੇ ਬਹੁਤ ਸੁਖਾਵਾਂ ਪ੍ਰਤੀਤ ਹੁੰਦਾ ਸੀ। ਇਸ ਤੋਂ ਇਹ ਵੀ ਸਿੱਧ ਹੋ ਜਾਂਦਾ ਸੀ ਕਿ ਗਦਰੀ ਜੋ ਵੱਡੀ ਗਿਣਤੀ ਵਿਚ ਸਿੱਖ ਸਨ, ਮੂਲ ਰੂਪ ਵਿਚ ਉਦਾਰ ਚਿੱਤ ਅਤੇ ਮਾਨਵਵਾਦੀ ਬੰਦੇ ਸਨ। ਗੁਰੂ ਗੋਬਿੰਦ ਸਿੰਘ ਤੋਂ ਚੱਲ ਕੇ ਵੱਡੇ ਘਲੂਘਾਰੇ ਤਕ ਦੇ ਸਿੱਖ ਇਤਿਹਾਸ ਦੀ ਪ੍ਰੇਰਣਾ ਉਨ੍ਹਾਂ ਦੇ ਅੰਗ ਅੰਗ ਵਿਚ ਰਲੀ ਹੋਈ ਸੀ। ਸਿੱਖ ਮੱਤ ਦੇ ਜੋ ਅਧਿਆਤਮਕ ਪੱਖ ਉਨ੍ਹਾਂ ਨੂੰ ਇਸ ਉਦਾਰ ਚਿਤ ਅਤੇ ਮਾਨਵਵਾਦੀ ਅਨੁਭਵ ਤੋਂ ਦੂਰ ਲਿਜਾ ਸਕਦੇ ਸਨ, ਉਨ੍ਹਾਂ ਨਾਲ ਇਨ੍ਹਾਂ ਗਦਰੀਆਂ ਦਾ ਕੋਈ ਸਰੋਕਾਰ ਨਹੀਂ ਸੀ। ਪਿੰਡਾਂ ਵਿਚ ਜਨਮੇ, ਕਿਸਾਨੀ ਪਰਿਵਾਰਾਂ ਵਿਚ ਪਲੇ, ਧਰਮ ਬਾਰੇ ਸਰਲ ਜਿਹੀ ਜਾਣਕਾਰੀ ਰੱਖਣ ਵਾਲੇ, ਉਹ ਵਧੇਰੇ ਕਰਕੇ ਨੌਜਵਾਨ ਉਮਰ ਦੇ, ਆਪਣੀਆਂ ਸੀਮਾਵਾਂ ਤੋਂ ਪਾਰ ਉਠ ਗਏ ਸਨ।

? : ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਮਹੀਨਾ ਕੁ ਮਗਰੋਂ ਗਦਰੀਆਂ ਨੇ ਭਾਰਤ ਜਾ ਕੇ ਪੰਜਾਬ ਪਹੁੰਚਣਾ ਆਰੰਭ ਕਰ ਦਿਤਾ ਸੀ। ਪਹਿਲਾਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨਾਲ ਗਿਆ ਅਤੇ ਫਿਰ ਬਾਬਾ ਸੋਹਣ ਸਿੰਘ ਭਕਨਾ। ਜਲਦੀ ਹੀ ਇਹ ਚਾਰ ਸੌ ਤੋਂ ਵੱਧ ਦੀ ਗਿਣਤੀ ਵਿਚ ਕੈਦ ਕਰ ਲਏ ਗਏ ਅਤੇ ਫਾਂਸੀ, ਕਾਲਾਪਾਣੀ, ਉਮਰ ਕੈਦ, ਜਾਇਦਾਦ ਦੀ ਕੁਰਕੀ ਅਤੇ

ਹਰ ਤਰ੍ਹਾਂ ਦੇ ਕਲੇਸ਼ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੁਝ ਨਾ ਮਿਲਿਆ। ਇਨ੍ਹਾਂ ਵਿਚ ਭਾਈ ਸੰਤੋਖ ਸਿੰਘ ਦਾ ਨਾਮ ਕਿੱਧਰੇ ਨਹੀਂ ਆਉਂਦਾ ? ਉਸ ਦਾ ਇਸ ਕੁਲ ਸਮਾਚਾਰ ਵਿਚ ਕੀ ਯੋਗਦਾਨ ਸੀ?

– ਭਾਈ ਸੰਤੋਖ ਸਿੰਘ ਦੇ ਜਿੰਮੇ ਸਿੰਘਾਪੁਰ ਜਾ ਕੇ ਉਥੋ ਫੌਜ ਅਤੇ ਪੁਲੀਸ ਆਦਿ ਵਿਚ ਨੌਕਰੀ ਕਰਦੇ ਪੰਜਾਬੀਆਂ ਨੂੰ ਗਦਰ ਵਿਚ ਭਾਗ ਲੈਣ ਲਈ ਪ੍ਰੇਰਨਾ ਸੀ। ਉਹ ਉਥੋ ਦਾ ਜੰਮਪਲ ਸੀ ਅਤੇ ਬਚਪਨ ਵੀ ਉਸ ਦਾ ਉਥੇ ਗੁਜ਼ਰਿਆ ਸੀ। ਉਥੋ ਉਸ ਨੂੰ ਆਪਣੇ ਕਾਰਜ ਵਿਚ ਕਾਫੀ ਸਫਲਤਾ ਵੀ ਮਿਲੀ। ਇਕ ਵਾਰ ਤਾਂ ਇਉਂ ਲੱਗਣ ਲੱਗਾ ਕਿ ਸਿੰਘਾਪੁਰ ਦਾ ਰਾਜ ਪਾਟ ਬਦਲ ਜਾਵੇਗਾ। ਪਰ ਹਫਤੇ ਵਿਚ ਹੀ ਹਿਲਜੁਲ 'ਤੇ ਕਾਬੂ ਪਾ ਲਿਆ ਗਿਆ। ਭਾਈ ਸੰਤੋਖ ਸਿੰਘ ਉਥੋਂ ਬਚ ਜਾਣ ਵਿਚ ਸਫਲ ਰਿਹਾ ਅਤੇ ਪੂਰਬੀ ਏਸ਼ੀਆ ਦੇ ਹੋਰ ਦੇਸ਼ਾਂ, ਮਲਾਇਆ, ਥਾਈਲੈਂਡ ਆਦਿ ਤੋਂ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ। ਪੂਰਬੀ ਏਸ਼ੀਆ ਦੇ ਇਨ੍ਹਾਂ ਦੇਸ਼ਾਂ ਵਿਚ ਵੀ ਉਹ ਰਾਜਸੀ ਗਤੀਵਿਧੀ ਵਿਚ ਜੁਟਿਆ ਰਿਹਾ। ਇਹ ਵੱਡੀ ਗੱਲ ਸੀ ਕਿ ਉਹ ਪਕੜੇ ਜਾਣ ਤੋਂ ਬਚਿਆ ਰਿਹਾ।

? : ਫਿਰ ਜਿਹੜੇ ਬਸਤੀਵਾਦੀ ਰਾਜ ਵਿਰੁੱਧ ਵਿਦਰੋਹ ਕਰਨ ਦੀ ਸਾਜ਼ਸ਼ ਦੇ ਮੁਕੱਦਮੇ ਚਲੇ ਉਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਆਦਿ 42 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਮਿਲੀ। ਬਾਬਾ ਭਕਨਾ ਸਮੇਤ 114 ਨੂੰ ਕਾਲਾਪਾਣੀ ਦੀ ਤੇ ਉਮਰ ਕੈਦ, 93 ਜਣਿਆ ਨੂੰ ਕੁਝ ਵਰ੍ਹਿਆਂ ਦੀ ਕੈਦ। ਕੀ ਭਾਈ ਸੰਤੋਖ ਸਿੰਘ ਦਾ ਨਾਮ ਵੀ ਕਿਸੇ ਮੁਕੱਦਮੇ ਵਿਚ ਆਇਆ? ਉਸ ਨੂੰ ਵੀ ਕੋਈ ਸਜ਼ਾ ਹੋਈ?

– ਬਸਤੀਵਾਦੀ ਰਾਜ ਵਿਰੁੱਧ ਸਾਜ਼ਿਸ਼ ਦੇ ਮੁਕੱਦਮੇ ਕਈ ਸ਼ਹਿਰਾਂ ਵਿਚ ਚਲੇ। ਉਨ੍ਹਾਂ ਵਿਚੋਂ ਸਭ ਤੋਂ ਹੌਲਨਾਕ ਤਾਂ, ਲਾਹੌਰ ਸਾਜ਼ਸ਼ ਮੁਕੱਦਮਾ ਸੀ ਜੋ 'ਨਾ ਵਕੀਲ, ਨਾ ਦਲੀਲ ਨਾ ਅਪੀਲ' ਕਿਸੇ ਗੱਲ ਨੂੰ ਪਾਬੰਦ ਨਹੀਂ ਸੀ, ਸਿਵਾਏ ਕਠੋਰ ਸਜ਼ਾਵਾਂ ਦੇਣ ਦੇ, ਜਿਸ ਵਿਚ ਸਭ ਤੋਂ ਕਠੋਰ ਸੀ ਫਾਂਸੀ ਦੀ ਸਜ਼ਾ ਜਿਸ ਨੂੰ ਕਰਤਾਰ ਸਿੰਘ ਸਰਾਭਾ ਆਦਿ ਨੇ ਵੰਗਾਰ ਵਜੋਂ ਕਬੂਲ ਕੀਤਾ। ਇਸੇ ਤਰ੍ਹਾਂ ਸਿੰਘਾਪੁਰ ਸਾਜ਼ਸ਼ ਮੁਕੱਦਮਾ ਸੀ ਅਤੇ ਅਮਰੀਕਾ ਵਿਚ ਸਾਨਫਰਾਂਸਿਸਕੋ ਸਾਜ਼ਸ਼ ਮੁਕੱਦਮਾ ਜਿਸ ਵਿਚ ਭਾਈ ਸੰਤੋਖ ਸਿੰਘ ਨੂੰ ਦੋਸ਼ੀ ਪਾਇਆ ਗਿਆ। ਅਪ੍ਰੈਲ 1918 ਵਿਚ ਸੁਣਾਏ ਗਏ ਫੈਸਲੇ ਅਨੁਸਾਰ ਉਸ ਨੂੰ ਪੌਣੇ ਦੋ ਸਾਲ ਦੀ ਸਜ਼ਾ ਹੋਈ।

? : ਗਦਰ ਰਾਹੀਂ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਇਸ ਹੀਲੇ ਦੇ ਫੇਲ ਹੋ ਜਾਣ ਕਾਰਨ ਇਸ ਖਾਤਰ ਅਮਰੀਕਾ ਵਿਚ ਬਣਾਈ ਸੰਸਥਾ ਦਾ ਕੀ ਬਣਿਆ? ਕੀ ਇਹ ਪਹਿਲਾਂ ਮਿੱਥੇ ਉਦੇਸ਼ ਨਾਲ ਜੁੜੀ ਰਹੀ?

– ਬਾਬਾ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਰਗੇ ਸਮਰੱਥ ਨੇਤਾਵਾਂ ਦੇ ਅਮਰੀਕਾ ਤੋਂ ਚਲੇ ਜਾਣ ਮਗਰੋਂ ਇਸ ਸੰਸਥਾ 'ਤੇ ਗਲਤ ਅਨਸਰਾਂ ਦਾ ਕਬਜ਼ਾ ਹੋ ਗਿਆ। ਰਾਮ ਚੰਦਰ ਨਾਮ ਦਾ ਬੰਦਾ ਇਸ ਦਾ ਪ੍ਰਧਾਨ ਬਣ ਬੈਠਾ ਜਿਸ ਨੇ ਮਾਇਕ ਤੌਰ 'ਤੇ ਕਈ ਘਪਲੇ ਕੀਤੇ। ਸੰਸਥਾ ਨੂੰ ਇਸ ਦੇ ਉਦੇਸ਼ ਤੋਂ ਉਖਾੜ ਦੇਣ ਦਾ ਵੀ ਉਪਰਾਲਾ ਕੀਤਾ। ਇਸ ਪ੍ਰਸਥਿਤੀ ਵਿਚ ਭਾਈ ਸੰਤੋਖ ਸਿੰਘ ਨੇ ਬੜੀ ਸੂਝ ਅਤੇ ਦਲੇਰੀ ਤੋਂ ਕੰਮ ਲਿਆ। ਨਿਰਾਸ਼ ਹੋ ਗਏ ਗਦਰੀਆਂ ਨੂੰ ਸੁਚੇਤ ਕਰ ਕੇ ਰਾਮ ਚੰਦਰ ਦੇ ਘਪਲਿਆਂ ਨੂੰ ਬੇਪਰਦ ਕੀਤਾ। ਉਸ ਨੂੰ ਪ੍ਰਧਾਨਗੀ ਦੇ ਪਦ ਤੋਂ ਲਾਹ ਕੇ ਭਾਈ ਭਗਵਾਨ ਸਿੰਘ ਨੂੰ ਇਹ ਜ਼ਿੰਮੇਵਾਰੀ ਲੈਣ ਲਈ ਕਾਇਲ ਕੀਤਾ। ਨਵੀਂ ਪ੍ਰਸਥਿਤੀ ਵਿਚ ਸੰਸਥਾ ਨੂੰ ਪਹਿਲੇ ਉਦੇਸ਼ ਨਾਲ ਜੋੜੇ ਰੱਖਣ ਵਿਚ ਵੱਡਾ ਯੋਗਦਾਨ ਪਾਇਆ। ਇਸ ਵਿਚ ਉਸ ਦਾ ਕੋਈ ਜਾਤੀ ਹਿੱਤ ਨਹੀਂ ਸੀ। ਇਸ ਦਾ ਸਭ ਨੂੰ ਨਿਸਚਾ ਹੋ ਗਿਆ। ਧੜੇਬੰਦੀ ਕੁੱਝ ਦੇਰ ਤਾਂ ਚਲਦੀ ਰਹੀ ਪਰ ਫੇਰ ਖਤਮ ਹੋ ਗਈ। ਪਹਿਲਾਂ ਵਾਲਾ ਜੋਸ਼ ਤਾਂ ਨਾ ਰਿਹਾ ਪਰ ਨਵੀਂ ਹੋਸ਼ ਲਈ ਪ੍ਰਸਥਿਤੀ ਵੱਤਰ ਹੋਣ ਲੱਗ ਪਈ।

? : ਹੋਰ ਵੀ ਕੋਈ ਗਲਤ ਰੁਝਾਣ ਸੀ ਜਿਸ ਤੋਂ ਇਸ ਸੰਸਥਾ ਨਾਲ ਜੁੜੇ ਬੰਦਿਆਂ ਨੂੰ ਸੁਚੇਤ ਰਹਿਣ ਲਈ ਪ੍ਰੇਰਿਆ ਗਿਆ?

– ਇਸ ਤਰ੍ਹਾਂ ਦਾ ਰੁਝਾਣ ਵੀ ਸੀ, ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਭਾਰਤ ਵਾਸੀ ਦੀ ਹੱਤਿਆ ਜਿਸ ਨੇ ਗਦਰ ਪ੍ਰਤੀ ਵਿਰੋਧ ਦਰਸਾਇਆ ਹੋਵੇ। ਉਸ ਦੇ ਨਿਰਲੇਪ ਰਹਿਣ ਨੂੰ ਵੀ ਇਸੇ ਕੋਟੀ ਵਿਚ ਰੱਖਿਆ ਜਾ ਸਕਦਾ ਸੀ, ਜਿਸ ਦਾ ਵੇਰਵਾ ਕੁਝ ਸਾਲ ਪਹਿਲਾਂ ਆਕਸਫੋਰਡ ਪ੍ਰੈੱਸ ਲੰਡਨ ਤੋਂ ਛਪੀ ਕਿਤਾਬ ਵਿਚ ਦਰਜ ਹੈ। ਇਹ ਰਬਿੰਦਰਨਾਥ ਟੈਗੋਰ ਦੇ ਖਤਾਂ ਦਾ ਸੰਗ੍ਰਹਿ ਹੈ ਜਿਸ ਦੀ ਭੂਮਿਕਾ ਨੋਬਲ ਇਨਾਮ ਜੇਤੂ ਡਾ. ਅਮਰਤਿਯਾ ਸੇਨ ਦੀ ਲਿਖੀ ਹੋਈ ਹੈ। ਇਸ ਵੇਰਵੇ ਅਨੁਸਾਰ ਨੋਬਲ ਇਨਾਮ ਪ੍ਰਾਪਤ ਕਰਨ ਤੋਂ ਉਪਰੰਤ ਰਬਿੰਦਰ ਨਾਥ ਟੈਗੋਰ ਅਮਰੀਕਾ ਦੀ ਯਾਤਰਾ 'ਤੇ ਆਇਆ ਹੋਇਆ ਸੀ। 1916 ਦਾ ਇਹ ਸਾਲ ਸੀ ਅਤੇ ਉਹ ਸਾਨਫਰਾਂਸਿਸਕੋ ਦੇ ਕਿਸੇ ਹੋਟਲ ਵਿਚ ਠਹਿਰਿਆ ਹੋਇਆ ਸੀ। ਇਕ ਦਿਨ ਜਦੋਂ ਉਹ ਅਜੇ ਆਪਣੇ ਕਮਰੇ ਤੋਂ ਬਾਹਰ ਨਹੀਂ ਸੀ ਆਇਆ ਤਾਂ ਉਸ ਨੂੰ ਸਾਵਧਾਨ ਕੀਤਾ ਗਿਆ ਕਿ ਹੇਠਾ ਮੁੱਖ ਦੁਆਰ 'ਤੇ ਤਿੰਨ ਪੰਜਾਬੀ ਬੰਦੇ ਉਸ ਨੂੰ ਮਿਲਣ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਟੈਗੋਰ ਦੀ ਹੱਤਿਆ ਕਰਨ ਦੀ ਧਮਕੀ ਦੇ ਰਿਹਾ ਸੀ, ਜਦਕਿ ਦੂਜੇ ਦੋ ਉਸ ਨੂੰ ਸ਼ਾਂਤ ਕਰਨ ਵਿਚ ਲੱਗੇ ਹੋਏ ਸਨ। ਇਸ ਸਾਵਧਾਨੀ ਦੇ ਬਾਵਜੂਦ ਕਿ ਉਹ ਹੇਠਾਂ ਨਾ ਆਵੇ ਟੈਗੋਰ ਨੇ ਹੇਠਾਂ ਆਉਣ ਦਾ ਸਾਹਸ ਕੀਤਾ। ਉਸ ਦਾ ਕਹਿਣਾ ਸੀ ਕਿ ਜੇ ਕੋਈ ਭਾਰਤ ਵਾਸੀ ਉਸ ਦੀ ਹੱਤਿਆ ਕਰਨਾ ਚਾਹੁੰਦਾ ਸੀ ਤਾਂ ਭਾਵੇਂ ਕਰ ਲਵੇ। ਜਦ ਉਹ ਹੇਠਾਂ ਆਇਆ, ਮੁੱਖ ਦੁਆਰ 'ਤੇ ਗਿਆ ਤਾਂ ਉਸ ਨੂੰ ਦਸਿਆ ਗਿਆ ਕਿ ਤੈਸ਼ ਵਿਚ ਆਏ ਪੰਜਾਬੀ ਨੂੰ ਉਸ ਦੇ ਦੋਨੋਂ ਸਾਥੀ ਖਿੱਚ ਕੇ ਲੈ ਗਏ ਸਨ। ਮੇਰਾ ਅਨੁਮਾਨ ਬਣਦਾ ਹੈ ਕਿ ਇਹ ਦੋਨੋ ਪੰਜਾਬੀ ਜ਼ਰੂਰ ਭਾਈ ਸੰਤੋਖ ਸਿੰਘ ਦੇ ਸਹਿਯੋਗੀ ਸਨ, ਜਿਨ੍ਹਾਂ ਤੀਜੇ ਪੰਜਾਬੀ ਨੂੰ ਜੋ ਗਦਰ ਦੇ ਉਦੇਸ਼ ਤੋਂ ਭਟਕ ਗਿਆ ਸੀ, ਉਹ ਕਾਰਾ ਨਾ ਕਰਨ ਦਿਤਾ ਜਿਸ ਦਾ ਦਾਗ ਸਦਾ ਲਈ ਗਦਰੀਆਂ ਦੇ ਸਿਰ ਲੱਗ ਜਾਣਾ ਸੀ। ਰਬਿੰਦਰ ਨਾਥ ਟੈਗੋਰ ਭਾਰਤ ਦਾ ਨਹੀਂ ਏਸ਼ੀਆ ਦਾ ਪਹਿਲਾ ਲੇਖਕ ਸੀ ਜਿਸ ਨੂੰ ਸਾਹਿਤ ਦਾ ਨੋਬਲ ਇਨਾਮ ਮਿਲਿਆ। ਗਦਰੀਆਂ ਪ੍ਰਤੀ ਤਾਂ ਉਹ ਨਿਰਲੇਪ ਰਿਹਾ ਸੀ ਪਰ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਉਪਰੰਤ ਉਸ ਨੇ ਅੰਗਰੇਜ਼ ਸਰਕਾਰ ਵਲੋਂ ਦਿਤਾ ਗਿਆ 'ਸਰ' ਦਾ ਖਿਤਾਬ ਮੋੜ ਦਿਤਾ ਸੀ। ਭਾਰਤ ਦੇ ਹਰ ਖੇਤਰ ਲਈ ਉਹ ਜਾਗ੍ਰਿਤੀ ਦਾ ਚਾਨਣ ਮੁਨਾਰਾ ਸੀ।

? : ਭਾਈ ਸੰਤੋਖ ਸਿੰਘ ਦੇ ਰੂਸ ਜਾਣ ਦਾ ਸਬੱਬ ਕਿਵੇਂ ਬਣਿਆ? ਕਿਹਾ ਜਾਂਦਾ ਹੈ ਕਿ ਜਦੋਂ ਉਹ ਜੇਲ੍ਹ ਵਿਚ ਬੰਦ ਸੀ ਤਾਂ ਉਸ ਦਾ ਸੰਪਰਕ ਕਿਸੇ ਮਾਰਕਸੀ ਵਿਚਾਰਾਂ ਵਾਲੇ ਬੰਦੇ ਨਾਲ ਹੋ ਗਿਆ ਜਿਸ ਨੇ ਉਸ ਨੂੰ ਗਦਰ ਦੀ ਅਸਫਲਤਾ ਦੇ ਕਾਰਨਾਂ ਨੂੰ ਘੋਖ ਕੇ ਬਦਲਵੀਂ ਰਾਜਸੀ ਨੀਤੀ ਦੀ ਭਾਲ ਵਿਚ ਸੋਵੀਅਤ ਰੂਸ ਜਾਣ ਲਈ ਸਹਿਮਤ ਕਰ ਦਿਤਾ। ਇਸ ਪ੍ਰਸੰਗ ਬਾਰੇ ਵਿਸਥਾਰ ਨਾਲ ਦੱਸੋ।

– ਮੇਰੇ ਵਿਚਾਰ ਵਿਚ ਗਦਰ ਦੇ ਅਸਫਲ ਰਹਿ ਜਾਣ ਉਪਰੰਤ ਬਦਲਵੀਂ ਰਾਜਸੀ ਨੀਤੀ ਦੀ ਭਾਲ ਕਰਨ ਦੀ ਤਾਂਘ ਉਸ ਦੇ ਅਡੋਲ ਮਨ ਦੇ ਧੁਰ ਅੰਦਰੋਂ ਹੀ ਉਠੀ ਹੋਵੇਗੀ। ਉਸ ਨੇ ਅਨੁਭਵ ਕਰ ਲਿਆ ਹੋਵੇਗਾ ਕਿ ਜਿਸ ਪ੍ਰਕਾਰ, ਜੋਸ਼ ਨਾਲ ਓਤਪੋਤ ਹੋ ਕੇ ਅਤੇ ਹੋਸ਼ ਨੂੰ ਲੋੜੀਂਦਾ ਮਹੱਤਵ ਨਾ ਦੇ ਕੇ ਉਨ੍ਹਾਂ ਗਦਰ ਫੈਲਾਉਣ ਦਾ ਉਪਰਾਲਾ ਕੀਤਾ ਉਸ ਦੇ ਨਾ ਸਮਾਂ ਨਾ ਸਥਾਨ ਅਨੁਕੂਲ ਸੀ। ਹਜ਼ਾਰਾਂ ਮੀਲ ਦੂਰ ਤੋਂ ਹਥਿਆਰ ਲਿਜਾ ਕੇ ਅਜਿਹਾ ਕਰਨ ਦੇ ਸਾਹਸ ਦੀ ਕਦਰ ਕਰਨੀ ਤਾਂ ਬਣਦੀ ਸੀ, ਪਰ ਇਸ ਦੇ ਤਰਕ ਨੂੰ ਯੋਗ ਨਹੀਂ ਸੀ ਸਮਝਿਆ ਜਾ ਸਕਦਾ, ਜਿਸ ਜਰਮਨ ਸਰਕਾਰ ਤੋਂ ਹਥਿਆਰ ਲੈ ਕੇ ਗਦਰ ਕਰਨ ਦਾ ਜੁਗਾੜ ਕੀਤਾ ਗਿਆ ਉਹ ਆਪ ਬਸਤੀਵਾਦ ਦੀ ਨੀਤੀ 'ਤੇ ਚਲਦੀ ਸੀ। ਅੰਗਰੇਜ਼ ਸਰਕਾਰ ਲਈ ਉਹ ਔਕੜਾਂ ਪੈਦਾ ਕਰਨ 'ਤੇ ਤਾਂ ਤੁਲੀ ਹੋਈ ਸੀ ਪਰ ਭਾਰਤ ਦੇ ਸੁਤੰਤਰ ਹੋਣ ਦੀ ਹਾਮੀ ਨਹੀਂ ਸੀ ਭਰ ਸਕਦੀ। ਉਸ ਸਮੇਂ ਭਾਰਤਵਾਸੀ, ਪੰਜਾਬੀਆਂ ਸਮੇਤ, ਗਫਲਤ ਦੀ ਨੀਂਦ ਸੁੱਤੇ ਹੋਏ ਸਨ। ਟਾਵੇਂ ਟਾਵੇਂ ਹੀ ਸਨ ਜਿਨ੍ਹਾਂ ਨੂੰ ਦੇਸ਼ ਦੇ ਸੁਤੰਤਰ ਹੋ ਜਾਣ ਦੀ ਉਮੰਗ ਨੇ ਗ੍ਰਸਿਆ ਹੋਇਆ ਸੀ। ਉਨ੍ਹਾਂ ਵਿਚ ਪ੍ਰਥਮ ਸਥਾਨ ਗਦਰੀਆਂ ਦਾ ਬਣਦਾ ਸੀ ਪਰ ਉਹ ਸਮੂਹ ਭਾਰਤਵਾਸੀਆਂ ਅਤੇ ਪੰਜਾਬੀਆਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਦੇ ਸਨ। ਭਵਿੱਖ ਵਿਚ ਇਸ ਸਫਲਤਾ ਨੂੰ ਯਕੀਨੀ ਬਣਾਉਣ ਲਈ ਜਨਤਾ ਨੂੰ ਜਾਗ੍ਰਿਤ ਕਰਨ ਦੀ ਲੋੜ ਸੀ ਜੋ ਬਦਲਵੀਂ ਰਾਜਸੀ ਨੀਤੀ ਅਪਨਾਉਣ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਣਾ।

? : ਫੇਰ ਵੀ ਜੋ ਇਹ ਧਾਰਨਾ ਬਣੀ ਹੋਈ ਹੈ ਕਿ ਉਸ ਦਾ ਸੰਪਰਕ ਕਿਸੇ ਮਾਰਕਸੀ ਸੋਚ ਵਾਲੇ, ਸੋਵੀਅਤ ਰੂਸ ਦੇ ਹਿਤੈਸ਼ੀ ਨਾਲ ਹੋਇਆ, ਉਸ ਵਿਚ ਕੁਝ ਸੱਚ ਤਾਂ ਜ਼ਰੂਰ ਹੋਵੇਗਾ। ਤੁਹਾਡਾ ਕੀ ਵਿਚਾਰ ਹੈ?

– ਉਸ ਪ੍ਰਸਥਿਤੀ ਵਿਚ, ਜਦ ਇਤਿਹਾਸਕ ਆਕਾਰ ਦੀ ਘੋਰ ਅਸਫਲਤਾ ਨੇ ਕਿਸੇ ਵਿਅਕਤੀ ਨੂੰ ਨਕਾਰਾ ਕਰ ਦਿਤਾ ਹੋਵੇ, ਜਾਤੀ ਦੁੱਖ ਕਲੇਸ਼ ਤੋਂ ਉਪਰ ਉਠ ਕੇ ਵੀ ਉਸ ਨੂੰ ਕੋਈ ਰਾਹ ਨਾ ਮਿਲਦਾ ਹੋਵੇ ਤਾਂ ਕਿਸੇ ਹਿਤੈਸ਼ੀ ਦੇ ਸੰਪਰਕ ਨਾਲੋਂ ਕੋਈ ਲਿਖਤ ਉਸ ਲਈ ਵਧੇਰੇ ਪਥ ਪ੍ਰਦਰਸ਼ਕ ਸਿੱਧ ਹੋ ਸਕਦੀ ਹੈ। ਹੁੰਦੀ ਤਾਂ ਉਹ ਵੀ ਕਿਸੇ ਲੇਖਕ ਦੀ ਕਿਰਤ ਹੈ ਪਰ ਉਸ ਵਿਚ ਰੰਗ ਉਸ ਦੀ ਕਲਪਨਾ, ਸੂਝ, ਸੋਝੀ ਅਤੇ ਸ਼ੈਲੀ ਨੇ ਭੰਨ੍ਹਿਆ ਹੁੰਦਾ ਹੈ, ਉਹ ਇਕ ਪ੍ਰਕਾਰ ਦੀ ਤਲਿਸਮੀ ਲਿਖਤ ਬਣ ਜਾਂਦੀ ਹੈ। ਰੂਸੀ ਕ੍ਰਾਂਤੀ ਬਾਰੇ ਅਜਿਹੀ ਹੀ ਲਿਖਤ ਸੀ ਜੋ 1917 ਵਿਚ ਛਪ ਕੇ ਲੱਖਾਂ ਬੰਦਿਆਂ ਲਈ ਆਵੇਸ ਅਤੇ ਵੰਗਾਰ ਦਾ ਕਾਰਨ ਬਣੀ ਹੋਈ ਸੀ। ਇਹ ਜੌਨ ਰੀਡ ਨਾਮੀ ਪੱਤਰਕਾਰ ਦੀ ਦਸਤਾਵੇਜ਼ ਲਿਖਤ ਸੀ, 'ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ।' ਜਿਸ ਵਿਚ ਲੈਨਿਨ ਦੀ ਅਗਵਾਈ ਅਧੀਨ ਰੂਸੀ ਜਨਤਾ ਨੇ ਜੋ ਕ੍ਰਾਂਤੀ ਲਿਆਂਦੀ ਉਸ ਦਾ ਬਹੁਤ ਹੀ ਨਿਕਟਵਰਤੀ ਵਰਨਣ ਸੀ। ਇਹ 1917 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਇਸ ਦੀ ਭੂਮਿਕਾ ਲੈਨਿਨ ਨੇ ਖੁਦ ਲਿਖੀ ਸੀ। ਭੂਮਿਕਾ ਵਿਚ ਲੈਨਿਨ ਨੇ ਇਸ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਸੀ ਅਤੇ ਰੂਸੀ ਕ੍ਰਾਂਤੀ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਇਸ ਦੇ ਪੜ੍ਹਨ ਦੀ ਪੁਰਜ਼ੋਰ ਸਿਫਾਰਸ਼ ਕੀਤੀ ਸੀ। ਲੱਖਾਂ ਦੀ ਗਿਣਤੀ ਵਿਚ ਛਪ ਕੇ ਇਹ ਕਿਤਾਬ ਧੜਾ ਧੜ ਵਿਕੀ ਸੀ।

ਅਮਰੀਕਾ ਵਿਚ ਵੀ ਆਮ ਜਨਤਾ ਨੇ ਇਸ ਨੂੰ ਬਹੁਤ ਸਲਾਹਿਆ ਸੀ। ਆਪਣੇ ਦੇਸ਼ ਵਿਚ ਤਾਂ ਇਸ ਦੇ ਲੇਖਕ ਦੀ ਬਹੁਤੀ ਮਾਣਤਾ ਨਹੀਂ ਸੀ ਕਿਉਂ ਜੋ ਉਸ ਨੂੰ ਅਰਾਜਕਤਾ ਅਤੇ ਅਵਾਰਗੀ ਦਾ ਦੀਵਾਨਾ ਮੰਨਿਆ ਜਾਂਦਾ ਸੀ। ਉਹ ਕਈ ਵਾਰ ਜੇਲ ਵੀ ਗਿਆ ਸੀ ਪਰ ਇਹ ਭਾਈ ਸੰਤੋਖ ਸਿੰਘ ਦੇ ਸਜ਼ਾ ਪਾਉਣ ਤੋਂ ਪਹਿਲਾਂ ਦੀ ਗੱਲ ਸੀ। ਵਿਸ਼ਵ ਦੇ ਸਮਾਜਵਾਦੀ ਹਲਕਿਆਂ ਵਿਚ ਉਸ ਨੂੰ ਬਹੁਤ ਸਲਾਹਿਆ ਜਾਂਦਾ ਸੀ। ਸੋਵੀਅਤ ਰੂਸ ਵਿਚ ਉਸ ਦੀ ਸਲਾਹੁਣਾ ਸਿਖਰਾਂ ਛੂੰਹਦੀ ਸੀ ਅਤੇ 1920 ਵਿਚ 37 ਸਾਲ ਦੀ ਉਮਰ 'ਚ ਜਦ ਉਸ ਦਾ ਦਿਹਾਂਤ ਹੋਇਆ ਤਾਂ ਉਸ ਨੂੰ ਕਰੈਮਲਿਨ ਦੇ ਬਾਹਰ ਉਸ ਥਾਂ ਦਫਨਾਇਆ ਗਿਆ ਜਿਥੇ ਬਾਅਦ ਵਿਚ ਲੈਨਿਨ ਤੋਂ ਬਿਨਾਂ, ਸੋਵੀਅਤ ਰੂਸ ਦੇ ਸਭ ਉਚਤਮ ਨੇਤਾ ਦਫਨਾਏ ਗਏ। ਭਾਈ ਸੰਤੋਖ ਸਿੰਘ ਨੇ ਇਹ ਲਿਖਤ ਜ਼ਰੂਰ



ਭਾਈ ਸਾਹਿਬ ਦਾ ਅੰਤਮ ਵੇਲਾ – : ਬੈਠੇ ਸੱਜਿਉਂ ਬਾਬਾ ਵਿਸਾਖਾ ਸਿੰਘ, ਇੰਦਰ ਸਿੰਘ ਸੁਰ ਸਿੰਘ, ਕਰਮ ਸਿੰਘ ਚੀਮਾ ਅਤੇ ਕਰਮ ਸਿੰਘ ਸ੍ਹਾਹ। ਖੜੇ ਸੋਹਣ ਸਿੰਘ ਜੋਸ਼, ਕਰਮ ਸਿੰਘ ਕਿਰਤੀ, ਬੀਬੀ ਕੇਸਰ ਕੌਰ ਸੁਪਤਨੀ ਭਾਈ ਸੰਤੋਖ ਸਿੰਘ ਜੀ, ਸਪੁੱਤਰ ਤਾਰਾ ਸਿੰਘ ਅਤੇ ਚਾਚੇ ਦਾ ਪੁੱਤਰ ਸਮੁੰਦਰ ਸਿੰਘ– (9 ਮਈ 1927)


# BLITZ AUTO CANADA

3207-97 Street, Edmonton, Alberta, T6N 1B7, Canada

Full Maintenance Service

- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER

Phone:780 463 2886

ਪੜ੍ਹੀ ਹੋਵੇਗੀ ਜਿਸ ਤੋਂ ਉਸ ਨੂੰ ਭਾਈ ਰਤਨ ਸਿੰਘ ਅਤੇ ਇਕ ਹੋਰ ਸਹਿਯੋਗੀ ਨਾਲ ਸੋਵੀਅਤ ਰੂਸ ਪਹੁੰਚਣ ਦਾ ਉਤਸ਼ਾਹ ਮਿਲਿਆ ਹੋਵੇਗਾ। ਅਨੇਕ ਕਸ਼ਟ ਝੱਲ ਕੇ ਆਪਣੀ ਮੰਜ਼ਿਲ 'ਤੇ ਪਹੁੰਚਣ ਵਿਚ ਇਸ ਕਿਤਾਬ ਦੇ ਪਾਠ ਨੇ ਉਨ੍ਹਾਂ ਨੂੰ ਬਹੁਤ ਉਤਸ਼ਾਹ ਦਿਤਾ ਹੋਵੇਗਾ।

? ਕੋਈ ਹੋਰ ਨਿਰਾਸ਼ਾ ਦੇ ਘੋਰ ਹਨੇਰੇ ਵਿਚੋਂ ਕੱਢ ਕੇ ਆਸ ਦੀ ਮੰਜ਼ਲ ਵਲ ਲਿਜਾਣ ਵਾਲਾ ਵਿਅਕਤੀ ਜੋ ਤੁਹਾਡੇ ਦਿਮਾਗ ਵਿਚ ਆਉਂਦਾ ਹੋਵੇ?

– ਇਸ ਪ੍ਰਸੰਗ ਵਿਚ ਮੇਰਾ ਧਿਆਨ ਐਗਨਸ ਸਮੈਡਲਿ ਵਲ ਵੀ ਜਾਂਦਾ ਹੈ। ਮਾਰਕਸੀ ਵਿਚਾਰਾਂ ਨੂੰ ਪਾਬੰਦ ਉਹ ਬਹੁਤ ਚੇਤੰਨ ਅਤੇ ਦਬੰਗ ਔਰਤ ਸੀ। ਬਹੁਤ ਹੀ ਨਿਡਰ ਅਤੇ ਹਰੇਕ ਖਤਰੇ ਨੂੰ ਆਪਣੇ ਸਿਰ ਲੈਣ ਦੀ ਉਸ ਵਿਚ ਹਿੰਮਤ ਸੀ। ਲੈਨਿਨ ਨਾਲ ਉਸ ਦੀ ਨਿੱਘੀ ਨੇੜਤਾ ਸੀ। ਅਮਰੀਕਾ ਵਿਚ ਗ਼ਦਰੀਆਂ ਨਾਲ ਉਸ ਦਾ ਨੇੜਲਾ ਸਬੰਧ ਭਾਰਤ ਦੀ ਆਜ਼ਾਦੀ ਖਾਤਰ ਬਣੀ ਮਿੱਤਰਤਾ ਵੀ ਸੰਸਥਾ ਕਾਰਨ ਸੀ। ਐਮ.ਐਨ. ਰੌਏ ਦੀ ਉਹ ਕੱਟੜ ਵਿਰੋਧੀ ਸੀ ਜਿਸ ਨੇ ਅਮਰੀਕਾ ਤੋਂ ਜੁਟਾਈ ਮਾਇਆ ਨਾਲ ਮੈਕਸੀਕੋ ਵਿਚ ਉਥੋਂ ਦੀ ਕਮਿਊਨਿਸਟ ਪਾਰਟੀ ਬਣਾ ਲਈ ਸੀ। ਵਰਿੰਦਰ ਨਾਥ ਚਟੋਪਾਧਿਆ ਨਾਲ ਆਪਣੇ ਸਰੀਰਕ ਸਬੰਧਾਂ ਦੀ ਉਹ ਖੁਲ੍ਹੰਮ ਖੁਲ੍ਹਾ ਗੱਲ ਕਰਦੀ ਸੀ। ਉਹ ਸਰੋਜਿਨੀ ਨਾਇਡੋ ਦਾ ਭਰਾ ਸੀ ਅਤੇ ਭਾਰਤ ਤੋਂ ਜਲਾਵਤਨ ਹੋਣ ਕਾਰਨ ਬਰਲਿਨ ਵਿਚ ਰਹਿੰਦਾ ਸੀ। ਭਾਸ਼ਾਵਾਂ ਵਿਚ ਉਸ ਦੀ ਬਹੁਤ ਦਿਲਚਸਪੀ ਸੀ ਅਤੇ ਇਸੇ ਆਧਾਰ 'ਤੇ ਬਾਅਦ ਵਿਚ ਉਹ ਸੋਵੀਅਤ ਰੂਸ ਜਾ ਵਸਿਆ ਸੀ। ਸ਼ੱਕੀ ਹਾਲਾਤ ਵਿਚ ਉਥੇ ਉਸ ਦੀ ਮੌਤ ਹੋ ਗਈ ਸੀ। ਐਗਨਸ ਸਮੈਡਲਿ ਵਧੇਰੇ ਬਰਲਿਨ ਧੜੇ ਦਾ ਪੱਖ ਪੂਰਦੀ ਸੀ, ਰੌਏ ਦੇ ਟਾਕਰੇ ਵਿਚ ਚਟੋਪਾਧਿਆ ਨੂੰ ਦਰੁਸਤ ਦਰਸਾਂਦੀ ਸੀ। ਗਦਰੀਆਂ ਦੀ ਕੀਰਤੀ ਵਲ ਓਨਾ ਧਿਆਨ ਨਹੀਂ ਦਿੰਦੀ ਸੀ। ਇਸ ਦਾ ਸਬੂਤ ਉਸ ਦੇ ਨਾਵਲ ਤੋਂ ਵੀ ਮਿਲ ਜਾਂਦਾ ਹੈ ਜੋ ਉਸ ਦੀ ਜਾਤੀ ਜ਼ਿੰਦਗੀ ਤੇ ਆਧਾਰਤ ਹੈ। ਪੰਜਾਬੀ ਵਿਚ ਇਸ ਦਾ ਨਾਂ ਬਣਦਾ ਹੈ 'ਧਰਤੀ ਦੀ ਜਾਈ' ਜਿਸ ਵਿਚ ਜੋ ਦੋ ਸਿੱਖ ਪਾਤਰ ਹਨ, ਉਨ੍ਹਾਂ ਦੀ ਪਛਾਣ ਗ਼ਦਰੀਆਂ ਵਿਚੋਂ ਕਿਸੇ ਨਾਲ ਨਹੀਂ ਮਿਲਦੀ। ਆਨੰਦ ਨਾਂ ਦਾ ਪਾਤਰ ਤਾਂ ਇਕ ਦਮ ਵਰਿੰਦਰ ਨਾਥ ਚਟੋਪਾਧਿਆ ਦਿਸ ਪੈਂਦਾ ਹੈ।

? ਇਕ ਤਰ੍ਹਾਂ ਨਾਲ ਭਾਈ ਸੰਤੋਖ ਸਿੰਘ, ਰਤਨ ਸਿੰਘ ਅਤੇ ਉਨ੍ਹਾਂ ਦੇ ਤੀਜੇ ਸਹਿਯੋਗੀ ਦਾ ਪੰਜਾਬ ਗਰੁੱਪ ਸੀ। ਤੁਹਾਡੀ ਗੱਲ ਤੋਂ ਲੱਗਦਾ ਹੈ ਕਿ ਰੌਏ ਦੀ ਇਨ੍ਹਾਂ ਵੱਲ ਕੋਈ ਸਵੱਲੀ ਨਜ਼ਰ ਨਹੀਂ ਸੀ। ਬਰਲਿਨ ਗਰੁੱਪ ਤੋਂ ਦੂਰੀ ਬਣੀ ਹੋਈ ਸੀ। ਕਿਸ ਤਰ੍ਹਾਂ ਦਾ ਵਿਹਾਰ ਸੀ, ਉਨ੍ਹਾਂ ਦਾ ਇਸ ਮੋੜ ਤੇ ਜਦ ਲੈਨਿਨ ਦਾ ਦਿਹਾਂਤ ਹੋ ਚੁੱਕਾ ਸੀ ਅਤੇ ਰੂਸ ਦੀ ਕਮਿਊਨਿਸਟ ਪਾਰਟੀ ਅਤੇ ਕੁਮਿਨਟਰਨ ਵੀ ਦੋ ਧੜਿਆਂ ਵਿਚ ਵੱਟ ਚੁੱਕੇ ਸਨ?

– ਲੈਨਿਨ ਦਾ ਇਹ ਵੱਡਾ ਗੁਣ ਸੀ ਕਿ ਵਿਚਾਰਾਂ ਦੇ ਟਕਰਾਅ ਨੂੰ ਉਹ ਅਮੋੜ ਟੱਕਰ ਵਿਚ ਨਹੀਂ ਸੀ ਬਦਲਨ ਦਿੰਦਾ। ਆਪਣੀ ਅਲੌਕਿਕ ਪ੍ਰਤਿਭਾ ਅਤੇ ਵਿਸ਼ਾਲ ਅਨੁਭਵ ਦੇ ਸਹਾਰੇ ਉਹ ਨਵਾਂ ਰਾਹ ਲੱਭ ਲੈਂਦਾ ਸੀ, ਮੌਲਿਕ ਨੀਤੀ ਘੜ ਲੈਂਦਾ ਸੀ। ਉਸ ਦੇ ਦਿਹਾਂਤ ਮਗਰੋਂ ਟਰਾਟਸਕੀ ਦੀ ਹਉਮੈ ਅਤੇ ਸਟਾਲਿਨ ਦੇ ਹੱਠ ਵਿਚਕਾਰ ਅਮੋੜ ਟੱਕਰ ਬਣੀ ਜਿਸ ਦੇ ਮਾਰੂ ਨਤੀਜਿਆਂ ਤੋਂ ਜਾਣੂ ਕਰਵਾਉਣ ਦਾ ਕੇਵਲ ਅਨਤੋਨੀਓ ਗ੍ਰਾਮਸ਼ੀ ਨੇ ਹੀ ਸਾਹਸ ਕੀਤਾ। ਬਾਕੀ ਸਭ, ਰੂਸੀ ਅਤੇ ਵਿਦੇਸ਼ੀ ਨੇਤਾ, ਇਕ ਜਾਂ ਦੂਜੇ ਧੜੇ ਵਿਚ ਸ਼ਾਮਲ ਹੋ ਗਏ। ਐਮ ਐਨ ਰੌਏ ਮਿਸਾਲ ਦੇ ਤੌਰ 'ਤੇ ਟਰਾਟਸਕੀ ਵੱਲ ਝੁਕ ਗਿਆ ਅਤੇ ਅਲੱਗ ਥਲੱਗ ਹੋ ਕੇ ਰਹਿ ਗਿਆ। ਸਟਾਲਿਨ ਦੇ ਧੜੇ ਦਾ ਪਾਰਟੀ ਦੇ 'ਤੇ ਕਬਜ਼ਾ ਸੀ ਅਤੇ ਬਹੁਤ ਨੇਤਾ ਇਸ ਦੇ ਪੱਖ ਵਿਚ ਹੋ ਗਏ। ਪੰਜਾਬ ਗਰੁੱਪ ਨੇ, ਬਿਨਾਂ ਕਿਸੇ ਧੜੇ ਵਿਚ ਰਲਣ ਦੇ, ਆਪਣੇ ਦੇਸ਼ ਖਾਸ ਕਰ ਕੇ ਪੰਜਾਬ ਵਿਚ ਜੋ ਨੀਤੀ ਪ੍ਰਬਲ ਹੋ ਸਕਦੀ ਸੀ, ਉਸ ਦੀ ਰੂਪ ਰੇਖਾ ਉਘਾੜਣ ਵਲ ਹੀ ਬਹੁਤਾ ਧਿਆਨ ਦਿੱਤਾ। ਇਕ ਪ੍ਰਕਾਰ ਦੀ ਨਿਰਲੇਪਤਾ ਸੀ ਜੋ ਉਨ੍ਹਾਂ ਬਣਾਈ ਰੱਖੀ। ਇਹ ਸ਼ਾਇਦ ਗੁਰਬਾਣੀ ਪ੍ਰਭਾਵ ਅਧੀਨ ਉਹ ਅਜਿਹਾ ਕਰ ਸਕੇ। ਗ੍ਰਾਮਸ਼ੀ ਵਲੋਂ ਦਿਤੀ ਚੇਤਾਵਨੀ ਵਾਂਗ ਉੱਤਮ ਤਾਂ ਨਹੀਂ ਸੀ ਪਰ ਉਨ੍ਹਾਂ ਦੇ ਹਿੱਤ ਲਈ ਯੋਗ ਸੀ।

? : ਇਸ ਨੀਤੀ ਦੀ ਰੂਪ ਰੇਖਾ ਕਿਹੋ ਜਿਹੀ ਸੀ? ਸੰਤੋਖ ਸਿੰਘ ਅਤੇ ਰਤਨ ਸਿੰਘ ਨੇ ਫਿਰ ਇਸ 'ਤੇ ਕਿਸ ਤਰ੍ਹਾਂ ਪਹਿਰਾ ਦਿਤਾ?

– ਇਸ ਨੀਤੀ ਅਨੁਸਾਰ ਭਾਈ ਸੰਤੋਖ ਸਿੰਘ ਪੰਜਾਬ ਮੁੜ ਆਇਆ, ਜਿਥੇ ਪਹੁੰਚ ਕੇ ਪਹਿਲਾਂ ਤਾਂ ਉਸ ਨੇ ਸਹਿਯੋਗੀਆਂ ਨਾਲ ਸੰਪਰਕ ਬਣਾਉਣਾ ਸੀ। ਫਿਰ ਕਿਰਤੀ ਪਾਰਟੀ ਦੀ ਨੀਂਹ ਰੱਖਣੀ ਅਤੇ 'ਕਿਰਤੀ' ਰਸਾਲਾ ਛਾਪਣਾ ਆਰੰਭ ਕਰਨਾ ਸੀ। ਪਰ ਪੰਜਾਬ ਪਹੁੰਚਣਾ ਕੋਈ ਸਹਿਜ ਅਤੇ ਸਰਲ ਗੱਲ ਨਹੀਂ ਸੀ। ਚੱਪੇ ਚੱਪੇ 'ਤੇ ਸੂਹੀਏ ਉਸ ਵਰਗੇ ਗਦਰ ਨਾਲ ਸਬੰਧਤ ਰਹਿ ਚੁੱਕੇ ਬੰਦਿਆਂ ਦੀ ਭਾਲ ਵਿਚ ਸਨ, ਖਾਸ ਕਰ ਕੇ ਉਨ੍ਹਾਂ ਦੀ ਭਾਲ ਵਿਚ ਜੋ ਸੋਵੀਅਤ ਰੂਸ ਤੋਂ ਅਫਗਾਨਿਸਤਾਨ ਦੀ ਸਰਹੱਦ ਰਾਹੀਂ ਦਾਖਲ ਹੁੰਦੇ ਸਨ। ਇਸ ਯਤਨ ਵਿਚ ਉਹ ਵੀ ਉਨ੍ਹਾਂ ਦੇ ਹੱਥ ਲੱਗ ਗਿਆ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੇ ਆਪਣੇ ਪਿੰਡ ਦਾ ਨਾਂ ਤਾਂ ਠੀਕ ਦੱਸਿਆ ਪਰ ਆਪ ਦਾ ਨਾਂ ਕੁਝ ਹੋਰ ਦੱਸ ਦਿਤਾ। ਜਦੋਂ ਉਸ ਨੂੰ ਪਿੰਡ ਲਿਆਂਦਾ ਗਿਆ ਤਾਂ ਉਸ ਦਾ ਅਸਲੀ ਨਾਂ ਪ੍ਰਗਟ ਹੋ ਗਿਆ। ਇਸ 'ਤੇ ਪੁਲਸੀਆਂ ਨੇ ਉਸ ਦਾ ਕੁਟਾਪਾ ਅਰੰਭ ਕਰ ਦਿਤਾ ਅਤੇ ਉਸ ਦੀ ਨਾਜ਼ੁਕ ਸਿਹਤ ਲਈ ਪੁਲੀਸ ਦੀ ਕੁੱਟ ਅਸਲੋਂ ਹੀ ਖਤਰਨਾਕ ਸਿੱਧ ਹੋਈ। ਕੁਝ ਮਹੀਨੇ ਤਾਂ ਉਸ ਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ ਅਤੇ ਫਿਰ ਪਿੰਡ ਵਿਚ ਨਜ਼ਰਬੰਦ ਕਰ ਦਿਤਾ ਗਿਆ। ਨਤੀਜੇ ਵਜੋਂ ਤਪਦਿਕ ਜੋ ਉਸ ਸਮੇਂ ਅਸਾਧ ਰੋਗ ਮੰਨੀ ਜਾਂਦੀ ਸੀ, ਉਸ ਦੇ ਪੱਲੇ ਆ ਪਈ। ਦੋ ਪੁੱਤਾਂ ਦੇ ਜਨਮ ਸਮੇਂ ਹੀ ਮਰ ਜਾਣ ਕਾਰਨ ਉਸ ਨੂੰ ਬਹੁਤ ਮਾਨਸਿਕ ਦੁੱਖ ਪਹੁੰਚਾ ਜਿਸ ਨੇ ਉਸ ਦੀ ਆਪਣੀ ਬੀਮਾਰੀ ਨੂੰ ਲਾ-ਇਲਾਜ ਕਰ ਕੇ ਰੱਖ ਦਿਤਾ।

? : ਫਿਰ 'ਕਿਰਤੀ' ਰਸਾਲੇ ਦਾ ਛਪਣਾ ਅਤੇ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖੇ ਜਾਣ ਦਾ ਕਾਰਜ ਕਿਵੇਂ ਸਿਰੇ ਲੱਗਾ?

– ਜਦ ਪਿੰਡ ਵਿਚ ਨਜ਼ਰਬੰਦ ਰਹਿਣ ਦੀ ਮਿਆਦ ਪੂਰੀ ਹੋ ਗਈ ਤਾਂ ਭਾਈ ਸੰਤੋਖ ਸਿੰਘ ਨੇ ਅੰਮ੍ਰਿਤਸਰ ਆਪਣਾ ਟਿਕਾਣਾ ਕਰ ਲਿਆ। ਮਾਸਟਰ ਤਾਰਾ ਸਿੰਘ ਨੇ ਮਿਸ਼ਨਰੀ ਸਕੂਲ ਵਿਚ ਉਸ ਦੀ ਰਹਾਇਸ਼ ਦਾ ਪ੍ਰਬੰਧ ਕਰ ਦਿਤਾ। ਇਥੋਂ ਆਪਣੇ ਕਾਰਜ ਨੂੰ ਸੰਪੰਨ ਕਰਨਾ ਉਸ ਲਈ ਸੰਭਵ ਹੋ ਗਿਆ। ਉਸ ਦੇ ਸਿਰੜ ਦਾ ਇਹ ਪ੍ਰਮਾਣ ਹੀ ਸੀ ਕਿ ਭਾਰਤ ਵਿਚ ਜਿਥੇ ਕਿਤੇ ਵੀ ਕੋਈ ਇਤਿਹਾਸਕ ਮਹੱਤਵ ਵਾਲਾ ਇਕੱਠ ਹੁੰਦਾ, ਉਹਨੇ ਉਸ ਦੀ ਨਿਰਖ ਪਰਖ ਲਈ ਜਾਣਾ ਆਰੰਭ ਕਰ ਦਿਤਾ। ਨਾਗਪੁਰ ਹੋਏ ਕਾਂਗਰਸ ਦੇ ਸਾਲਾਨਾ ਸਮਾਗਮ 'ਤੇ ਵੀ ਪਹੁੰਚਾ ਜਿਸ ਦਾ ਬੜੀ ਸੂਝ ਨਾਲ ਨਿਰਣਾ ਕਰ ਕੇ ਉਸ ਨੇ ਆਪਣੇ ਰਸਾਲੇ ਵਿਚ ਛਾਪਿਆ। ਅੰਤਰ ਰਾਸ਼ਟਰੀ ਸਥਿਤੀ 'ਤੇ ਵੀ ਨਜ਼ਰ ਰੱਖੀ ਅਤੇ ਇਸ ਦਾ ਸਰਲ ਜਿਹਾ ਵਿਸ਼ਲੇਸ਼ਣ ਪੇਸ਼ ਕੀਤਾ। ਪਰ ਉਸ ਦਾ ਸਭ ਤੋਂ ਹਿਰਦੇਵੇਦਕ ਲੇਖ ਸੀ ਪਰ 'ਉਪਕਾਰ' ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਬੰਧਤ ਸੀ। ਧਾਰਮਿਕ ਤੋਂ ਵਿਚਾਰਧਾਰਕ ਅਤੇ ਰਸੀਲੀ ਤੋਂ ਸੰਜੀਦਾ ਬਣ ਰਹੀ ਪੰਜਾਬੀ ਗਦ ਦਾ ਇਹ ਲੇਖ ਵਧੀਆ ਨਮੂਨਾ ਸੀ। 'ਕਿਰਤੀ' ਲਈ ਉਸ ਦੀ ਸੰਪਾਦਨਾ ਦੇ ਕੁਝ ਮਹੀਨੇ ਹੀ ਰਾਖਵੇਂ ਸਨ। ਜਦ ਉਸ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਤਦ ਵੀ ਕੁਝ ਨਾ ਕੁਝ ਉਸ ਦਾ ਇਸ ਵਿਚ ਛਪਦਾ ਰਿਹਾ, 1927 ਦੇ ਪਹਿਲੇ ਅੱਧ ਵਿਚ ਉਸ ਦੇ ਦਿਹਾਂਤ ਤਕ ਜਦੋਂ ਉਸ ਦੀ ਉਮਰ ਅਜੇ ਚੌਂਤੀ ਸਾਲ ਸੀ।

? : ਇਸ ਨੀਤੀ ਅਨੁਸਾਰ ਭਾਈ ਰਤਨ ਸਿੰਘ ਦੇ ਜ਼ਿੰਮੇ ਕਿਸ ਤਰ੍ਹਾਂ ਦਾ ਕਾਰਜ ਲੱਗਾ? ਉਸ ਦਾ ਦਿਹਾਂਤ ਕਿਵੇਂ ਹੋਇਆ?

– ਜਿਹੜੇ ਬੰਦੇ ਕੁਝ ਸਾਲ ਪਹਿਲਾਂ ਗਦਰ ਦੇ ਹਮਦਰਦ ਸਨ ਪਰ ਇਸ ਦੇ ਅਸਫਲ ਹੋ ਜਾਣ ਕਾਰਨ ਘਰੀਂ ਬੈਠ ਗਏ ਸਨ, ਉਨ੍ਹਾਂ ਨੂੰ ਬਦਲਵੀਂ ਰਾਜਸੀ ਨੀਤੀ ਵੱਲ ਰੁਚਿਤ ਕਰਨ ਦਾ ਕੰਮ ਭਾਈ ਰਤਨ ਸਿੰਘ ਦੇ ਜ਼ਿੰਮੇ ਲੱਗਾ। ਕੁਝ ਉਨ੍ਹਾਂ ਵਿਚੋਂ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਜਾ ਵੱਸੇ ਸਨ ਅਤੇ ਸ਼ਾਦੀਆਂ ਕਰਵਾ ਕੇ ਘਰੇਲੂ ਜ਼ਿੰਮੇਵਾਰੀਆਂ ਤਕ ਸੀਮਤ ਹੋ ਗਏ ਸਨ। ਰਾਜਸੀ ਖੇਤਰ ਵਿਚ ਉਨ੍ਹਾਂ ਨੂੰ ਅਕਰਮਕ ਤੋਂ ਸਕਰਮਕ ਬਣਾਉਣ ਦਾ ਇਹ ਅਣਥੱਕ ਯਤਨ ਸੀ। ਭਾਈ ਰਤਨ ਸਿੰਘ ਨੇ ਬੜੀ ਸਿਰੜ ਨਾਲ ਇਸ ਨੂੰ ਨੇਪਰੇ ਚਾੜ੍ਹਣ ਦਾ ਉਪਰਾਲਾ ਕੀਤਾ ਅਤੇ ਜੋ ਸੱਚਮੁਚ ਹੀ ਸਰਗਰਮ ਹੋਣ ਦੇ ਇੱਛੁਕ ਸਨ, ਉਨ੍ਹਾਂ ਨੂੰ ਸਿਖਲਾਈ ਖਾਤਰ ਸੋਵੀਅਤ ਰੂਸ ਪਹੁੰਚਾਣ ਵਿਚ ਵਿਚੋਲੇ ਦਾ ਕਰਤੱਵ ਨਿਭਾਇਆ। ਇਸ ਸਦਕਾ ਉਸ ਦੀ ਰਾਜਸੀ ਹਲਕਿਆਂ ਵਿਚ ਕਾਫੀ ਪਛਾਣ ਵੀ ਬਣੀ। ਸਾਮਰਾਜ ਵਿਰੋਧੀ ਲੀਗ ਵਿਚ ਉਸ ਨੂੰ ਭਾਰਤੀ ਪ੍ਰਤੀਨਿਧ ਵਜੋਂ ਲਿਆ ਗਿਆ। ਸਾਲ ਦੋ ਸਾਲ ਪਹਿਲਾਂ ਜਵਾਹਰ ਲਾਲ ਨਹਿਰੂ ਨੂੰ ਇਹ ਪਦ ਪਰਾਪਤ ਹੋਇਆ ਸੀ ਪਰ ਰਾਜਸੀ ਮਤਭੇਦ ਕਾਰਨ ਉਹ ਇਸ ਤੋਂ ਵੱਖ ਹੋ ਗਿਆ ਸੀ। ਭਟਕਣ ਸਮੇਤ ਭਾਈ ਰਤਨ ਸਿੰਘ ਦਾ ਕਾਰਜ ਬਹੁਤ ਦੁਸ਼ਵਾਰੀ ਵਾਲਾ ਸੀ, ਖਾਸ ਕਰ ਕੇ ਜਦ ਜਰਮਨੀ ਵਿਚ ਕਮਿਊਨਿਸਟਾਂ ਦੀ ਵੱਡੇ ਪੱਧਰ 'ਤੇ ਹੱਤਿਆ ਹੋ ਚੁੱਕੀ ਸੀ ਅਤੇ ਇਟਲੀ ਵਿਚ ਫਾਸ਼ੀਵਾਦ ਦੀ ਚੜ੍ਹ ਮੱਚ ਗਈ ਸੀ। ਇਸ ਦੁਸ਼ਵਾਰੀ ਦਾ ਨਤੀਜਾ ਇਹ ਨਿਕਲਿਆ ਕਿ ਰੋਮ ਵਿਚ ਅਗਿਆਤ ਵਿਚਰਦੇ ਦਾ ਉਸ ਦਾ ਦੇਹਾਂਤ ਹੋ ਗਿਆ।

? ਦੋਵਾਂ ਦੀ ਤੁਲਨਾ ਆਪੇਖਿਆ ਵਜੋਂ ਤੁਸੀਂ ਕੀ ਕਹਿਣਾ ਚਾਹੋਗੇ?

– ਮੇਰੇ ਖਿਆਲ ਵਿਚ ਦੋਨਾਂ ਦੇ ਯਤਨ ਮਹਾਂ ਬਿਰਤਾਂਤ ਦਾ ਪਰਿਪੇਖ ਧਾਰਨ ਕਰਨਾ ਲੋੜਦੇ ਸਨ। ਭਾਈ ਸੰਤੋਖ ਸਿੰਘ ਦਾ ਉਸ ਵਾਹੀਕਾਰ ਵਜੋਂ ਜੋ ਸੰਸਾਰ ਭਰ ਵਿਚ ਰਾਹੀਗੀਰ ਰਹਿ ਕੇ ਆਪਣੇ ਟਿਕਾਣੇ 'ਤੇ ਮੁੜ ਆਉਂਦਾ ਹੈ। ਖੇਤਰੀ ਆਕਾਰ ਵਾਲੇ ਆਪਣੇ ਕਾਰਜ ਨੂੰ ਵਿਸ਼ਵ ਵਿਆਪੀ ਪਾਸਾਰ ਵਿਚ ਢਾਲਣ ਦਾ ਤਾਂਘਵਾਨ ਹੈ। ਭਾਈ ਰਤਨ ਸਿੰਘ ਦਾ ਕਾਰਜ ਉਸ ਰਾਹੀਗੀਰ ਵਾਲਾ ਬਣ ਜਾਂਦਾ ਹੈ ਜੋ ਵਣਜਕਾਰ ਬਣ ਕੇ ਖੇਤਰੀ ਆਕਾਰ ਵਾਲੇ ਆਪਣੇ ਸਹਿਯੋਗੀ ਦੇ ਕਾਰਜ ਨੂੰ ਵਿਸ਼ਵ ਵਿਆਪੀ ਪਾਸਾਰ ਦੇਣ ਲਈ ਹਰ ਸੰਭਵ ਯੋਗਦਾਨ ਪਾਉਂਦਾ ਹੈ। ਉਨ੍ਹਾਂ ਦੇ ਇਸ ਯਤਨ ਨੂੰ ਸਿਖਰ ਤਕ ਜਾਣਾ ਨਸੀਬ ਨਹੀਂ ਹੁੰਦਾ। ਕਿੰਨੀਆਂ ਰਾਜਸੀ, ਸਮਾਜਕ, ਸਭਿਆਚਾਰਕ ਅਤੇ ਧਾਰਮਕ ਔਕੜਾਂ ਹਨ ਜੋ ਇਤਿਹਾਸ ਦੀ ਚਾਲ ਇਸ ਦੇ ਸਨਮੁਖ ਖੜੀਆਂ ਕਰ ਦਿੰਦੀ ਹੈ। ਲੋਕ ਮਨ ਵਿਚ ਉਨ੍ਹਾਂ ਦੀ ਮਾਣਤਾ ਉਜਵਲ ਕੀ ਹੋਣੀ ਸੀ, ਪਛਾਣ ਵੀ ਧੁੰਦਲੀ ਜਹੀ ਬਣਦੀ ਹੈ ਜਿਸ ਦਾ ਦੋਸ਼ ਉਨ੍ਹਾਂ ਦੇ ਸਿਰ ਧਰਨਾ ਮੂਲੋਂ ਹੀ ਅਯੋਗ ਹੈ।

ਸਰਦਾਰ ਭਗਤ ਸਿੰਘ ਦੀ ਸ਼ਹਾਦਤ ਅਜਿਹੀ ਮਹਾਂ ਘਟਨਾ ਸੀ ਜਿਸ ਨੇ ਦੇਸ਼ ਵਿਚ ਹਰ ਤਬਕੇ, ਖਾਸ ਕਰ ਕੇ ਨੌਜਵਾਨਾਂ ਨੂੰ ਚੁੰਧਿਆ ਕੇ ਰੱਖ ਦਿਤਾ। ਉਹ ਸੁਹਣਾ ਸੁਨੱਖਾ, ਲੰਮਾ ਲੰਝਾ ਨੌਜਵਾਨ ਸੀ, ਜਿਸ ਵਰਗੇ ਨੂੰ ਲੋਕ ਮਨ ਵਿਚ ਪ੍ਰੇਮ ਨਾਲ ਓਤਪੋਤ ਜੀਵਨ ਜਿਉਣ ਦਾ ਅਧਿਕਾਰੀ ਮੰਨਿਆ ਜਾਂਦਾ ਹੈ। ਉਸ ਦੇ ਪਰਿਵਾਰਕ ਪਿਛੋਕੜ, ਦਾਦੇ ਅਤੇ ਬਾਪ ਦੇ ਬਸਤੀਵਾਦ ਵਿਰੋਧ, ਇਕ ਚਾਚੇ ਦੀ ਜਲਾਵਤਨੀ ਅਤੇ ਦੂਜੇ ਦੀ ਜੇਲ੍ਹ ਵਿਚ ਮੌਤ, ਚਾਚੀਆਂ ਦੀਆਂ ਖੌਫਨਾਕ ਸਰਗੋਸ਼ੀਆਂ ਨੇ ਅਜਿਹੀ ਘਟਨਾ ਘਟਾਉਣ ਲਈ ਉਤਸਾਹਿਤ ਕਰ ਦਿਤਾ ਜਿਸ ਦੇ ਨਾਲ ਹੀ ਉਸ ਦਾ ਗੁਣ ਗਾਇਣ ਵੀ ਆਰੰਭ ਹੋ ਗਿਆ। ਇਸ ਘਟਨਾ ਨਾਲ ਕਿਸੇ ਮਹਾਂ ਬਿਰਤਾਂਤ ਦਾ ਜੁੜਨਾ ਲੋਕ ਮਨ ਨੂੰ ਬੇਲੋੜਾ ਜਾਪਿਆ। ਭਗਤ ਸਿੰਘ ਦੀ ਵਿਰਾਸਤ ਲਈ ਇਸ ਦਾ ਮਾਰੂ ਪਰਿਣਾਮ ਇਹ ਹੋਇਆ ਹੈ ਕਿ ਹਰੇਕ ਧਿਰ, ਫਿਰਕੂ, ਗੈਰ ਫਿਰਕੂ, ਅਗਾਂਹਵਧੂ, ਪਿਛਾਂਹ ਖਿਚੂ, ਉਸ ਵਲੋਂ ਘਟਾਈ ਮਹਾਂ ਘਟਨਾ ਨੂੰ ਆਪਣੇ ਹਿੱਤ ਲਈ ਵਰਤ ਲੈਂਦੀ ਹੈ। ਇਹ ਉਸ ਦੀ ਸ਼ਹਾਦਤ ਦੀ ਦੁਰਵਰਤੋਂ ਹੈ ਜਿਸ ਤੋਂ ਇਸ ਨੂੰ ਮੁਕਤ ਕਰਨਾ ਹੈ ਤਾਂ ਬਹੁਤ ਮੁਹਾਲ ਪਰ ਜ਼ਰੂਰੀ ਵੀ ਘੱਟ ਨਹੀਂ। ਤਸੱਲੀ ਵਾਲੀ ਗੱਲ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਯਤਨ, ਇਸ ਪ੍ਰਕਾਰ ਦੀ ਦੁਰਵਰਤੋਂ ਦੇ ਵਸ ਨਹੀਂ ਪੈਂਦਾ। ਇਸ ਨੇ ਉਸ ਦੀ ਮੱਧਮ ਜਹੀ ਪਛਾਣ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ ਜਦਕਿ ਭਗਤ ਸਿੰਘ ਦੀ ਅਸੀਮ ਮਹਿਮਾ ਨੇ ਉਸ ਦੀ ਪਛਾਣ ਨੂੰ ਅਸੁਰੱਖਿਅਤ ਕਰ ਛੱਡਿਆ ਹੈ।

? ਭਾਈ ਸੰਤੋਖ ਸਿੰਘ ਦੇ ਯਤਨਨ ਦੀ ਤੁਲਨਾ ਵਿਚ ਸਰਦਾਰ ਭਗਤ ਸਿੰਘ ਦੀ ਸ਼ਹਾਦਤ ਤੁਹਾਨੂੰ ਕਿਸ ਤਰ੍ਹਾਂ ਲੱਗਦੀ ਹੈ?

– ਸਰਦਾਰ ਭਗਤ ਸਿੰਘ ਦੀ ਸ਼ਹਾਦਤ ਅਜਿਹੀ ਮਹਾਂ ਘਟਨਾ ਸੀ ਜਿਸ ਨੇ ਦੇਸ਼ ਵਿਚ ਹਰ ਤਬਕੇ, ਖਾਸ ਕਰ ਕੇ ਨੌਜਵਾਨਾਂ ਨੂੰ ਚੁੰਧਿਆ ਕੇ ਰੱਖ ਦਿਤਾ। ਉਹ ਸੁਹਣਾ ਸੁਨੱਖਾ, ਲੰਮਾ ਲੰਝਾ ਨੌਜਵਾਨ ਸੀ, ਜਿਸ ਵਰਗੇ ਨੂੰ ਲੋਕ ਮਨ ਵਿਚ ਪ੍ਰੇਮ ਨਾਲ ਓਤਪੋਤ ਜੀਵਨ ਜਿਉਣ ਦਾ ਅਧਿਕਾਰੀ ਮੰਨਿਆ ਜਾਂਦਾ ਹੈ। ਉਸ ਦੇ ਪਰਿਵਾਰਕ ਪਿਛੋਕੜ, ਦਾਦੇ ਅਤੇ ਬਾਪ ਦੇ ਬਸਤੀਵਾਦ ਵਿਰੋਧ, ਇਕ ਚਾਚੇ ਦੀ ਜਲਾਵਤਨੀ ਅਤੇ ਦੂਜੇ ਦੀ ਜੇਲ੍ਹ ਵਿਚ ਮੌਤ, ਚਾਚੀਆਂ ਦੀਆਂ ਖੌਫਨਾਕ ਸਰਗੋਸ਼ੀਆਂ ਨੇ ਅਜਿਹੀ ਘਟਨਾ ਘਟਾਉਣ ਲਈ ਉਤਸਾਹਿਤ ਕਰ ਦਿਤਾ ਜਿਸ ਦੇ ਨਾਲ ਹੀ ਉਸ ਦਾ ਗੁਣ ਗਾਇਣ ਵੀ ਆਰੰਭ ਹੋ ਗਿਆ। ਇਸ ਘਟਨਾ ਨਾਲ ਕਿਸੇ ਮਹਾਂ ਬਿਰਤਾਂਤ ਦਾ ਜੁੜਨਾ ਲੋਕ ਮਨ ਨੂੰ ਬੇਲੋੜਾ ਜਾਪਿਆ। ਭਗਤ ਸਿੰਘ ਦੀ ਵਿਰਾਸਤ ਲਈ ਇਸ ਦਾ ਮਾਰੂ ਪਰਿਣਾਮ ਇਹ ਹੋਇਆ ਹੈ ਕਿ ਹਰੇਕ ਧਿਰ, ਫਿਰਕੂ, ਗੈਰ ਫਿਰਕੂ, ਅਗਾਂਹਵਧੂ, ਪਿਛਾਂਹ ਖਿਚੂ, ਉਸ ਵਲੋਂ ਘਟਾਈ ਮਹਾਂ ਘਟਨਾ ਨੂੰ ਆਪਣੇ ਹਿੱਤ ਲਈ ਵਰਤ ਲੈਂਦੀ ਹੈ। ਇਹ ਉਸ ਦੀ ਸ਼ਹਾਦਤ ਦੀ ਦੁਰਵਰਤੋਂ ਹੈ ਜਿਸ ਤੋਂ ਇਸ ਨੂੰ ਮੁਕਤ ਕਰਨਾ ਹੈ ਤਾਂ ਬਹੁਤ ਮੁਹਾਲ ਪਰ ਜ਼ਰੂਰੀ ਵੀ ਘੱਟ ਨਹੀਂ। ਤਸੱਲੀ ਵਾਲੀ ਗੱਲ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਯਤਨ, ਇਸ ਪ੍ਰਕਾਰ ਦੀ ਦੁਰਵਰਤੋਂ ਦੇ ਵਸ ਨਹੀਂ ਪੈਂਦਾ। ਇਸ ਨੇ ਉਸ ਦੀ ਮੱਧਮ ਜਹੀ ਪਛਾਣ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ ਜਦਕਿ ਭਗਤ ਸਿੰਘ ਦੀ ਅਸੀਮ ਮਹਿਮਾ ਨੇ ਉਸ ਦੀ ਪਛਾਣ ਨੂੰ ਅਸੁਰੱਖਿਅਤ ਕਰ ਛੱਡਿਆ ਹੈ।

? ਹੁਣ ਤੱਕ ਇਸ ਮੱਧਮ ਪਛਾਣ ਨੂੰ ਰੌਸ਼ਨ ਬਣਾਉਣ ਦਾ ਕੋਈ ਯਤਨ ਨਹੀਂ ਹੋਇਆ?

-ਹੁਣ ਆ ਕੇ ਬੜਾ ਭਰਪੂਰ ਯਤਨ ਹੋਇਆ ਹੈ। ਡਾ. ਤਜਿੰਦਰ ਵਿਰਲੀ ਨੇ ਅਜਿਹਾ ਆਪਣੀ ਕਿਤਾਬ ਭਾਈ ਸੰਤੋਖ ਸਿੰਘ ਕਿਰਤੀ ਵਿਚ ਕਰ ਦਿਖਾਇਆ ਹੈ। ਕੁੱਝ ਸਾਲ ਪਹਿਲਾਂ ਭਾਈ ਸੰਤੋਖ ਸਿੰਘ ਬਾਰੇ ਇਕ ਕਿਤਾਬਚਾ ਛਪਿਆ ਸੀ। ਉਸ ਦੇ ਜੀਵਨ ਬਾਰੇ ਸਰਲ ਜਹੀ ਜਾਣਕਾਰੀ ਦੇ ਕੇ ਕਿਰਤੀ ਵਿਚ ਛਪੇ ਉਸ ਦੇ ਲੇਖਾਂ ਨੂੰ ਇਕੱਠਾ ਕਰ ਦਿੱਤਾ ਗਿਆ ਸੀ ਜੋ ਚੰਗੀ ਗੱਲ ਸੀ। ਪਰ ਜੋ ਡਾ. ਵਿਰਲੀ ਨੇ ਕੀਤਾ ਹੈ, ਉਹ ਤਾਂ ਅਸਲੋਂ ਹੀ ਉੱਚ ਪਾਏ ਦਾ ਕੰਮ ਹੈ। ਬੜੀ ਮਿਹਨਤ ਅਤੇ ਸਿਰੜ ਨਾਲ ਉਸ ਨੇ ਉਹ ਸਾਰੇ ਸਰੋਤ ਵਰਤੋਂ ਵਿਚ ਲਿਆਂਦੇ ਹਨ, ਜਿਨ੍ਹਾਂ ਦਾ ਭਾਈ ਸੰਤੋਖ ਸਿੰਘ ਦੀ ਕੀਰਤੀ ਨਾਲ ਸਬੰਧ ਜੁੜਦਾ ਹੈ। ਉਨ੍ਹਾਂ ਦੀ ਵਿਆਖਿਆ ਵੀ ਦਰੁਸਤ ਦਿਸ਼ਾ ਵਿਚ ਕੀਤੀ ਗਈ ਹੈ। ਇਸ ਵਿਚੋਂ ਦਗ ਦਗ ਕਰਦੀ ਭਾਈ ਸਾਹਿਬ ਦੀ ਜਾਤੀ ਜ਼ਿੰਦਗੀ ਤਾਂ ਨਹੀਂ ਉਭਰਦੀ। ਬਾਅਦ ਵਿਚ ਪਰ ਜੋ ਉਸ ਦੇ ਪਰਿਵਾਰਕ ਜੀਆਂ ਨਾਲ ਗੱਲਬਾਤ ਹੁੰਦੀ ਹੈ, ਉਹ ਇਸ ਘਾਟ ਨੂੰ ਪੂਰਾ ਕਰ ਦਿੰਦੀ ਹੈ। ਉਸ ਦੀ ਨੂੰਹ ਦੀ ਗੱਲ ਤਾਂ ਇਕ ਵਾਰ ਹਲੂਣ ਕੇ ਰੱਖ ਦਿੰਦੀ ਹੈ।

? ਆਪਣੇ ਇਕ ਲੇਖ 'ਨਾਟਕਾਂ ਅਤੇ ਫਿਲਮਾਂ ਵਿਚ ਭਗਤ ਸਿੰਘ' ਵਿਚ ਤੁਸੀਂ ਕਿਹਾ ਸੀ ਕਿ ਭਾਈ ਸੰਤੋਖ ਸਿੰਘ ਤੇ ਸ਼ਹੀਦ ਭਗਤ ਸਿੰਘ ਵਿਚਕਾਰ ਇਕ ਦੂਰੀ ਬਣੀ ਰਹੀ ਜੋ ਤੁਹਾਨੂੰ ਭੇਤਭਰੀ ਲੱਗੀ ਸੀ। ਕੀ ਇਸ ਦਾ ਹੁਣ ਭੇਤ ਖੁੱਲ੍ਹਦਾ ਹੈ?

-ਇਸ ਲੇਖ ਵਿਚ ਸੰਕੇਤ ਕਰਨ ਤੋਂ ਪਹਿਲਾਂ ਮੈਂ ਇਹ ਗੱਲ ਸ਼ਹੀਦ ਭਗਤ ਸਿੰਘ ਬਾਰੇ ਹੋਏ ਸ਼ਤਾਬਦੀ ਸੈਮੀਨਾਰ ਵਿਚ ਕਹੀ ਸੀ। ਕਿਸੇ ਕੋਲੋਂ, ਸਮੇਤ ਭਗਤ ਸਿੰਘ ਦੇ ਭਾਣਜੇ ਡਾ. ਜਗਮੋਹਨ ਸਿੰਘ ਦੇ, ਮੈਨੂੰ ਤਸੱਲੀਬਖ਼ਸ਼ ਜਾਣਕਾਰੀ ਨਹੀਂ ਸੀ ਮਿਲੀ। ਡਾ. ਵਿਰਲੀ ਦੀ ਕਿਤਾਬ ਵਿਚ ਲਿਖਤੀ ਦੇ ਨਾਲ ਮੌਖਿਕ ਸਰੋਤ ਵਰਤੇ ਗਏ ਹਨ। ਇਸ ਮੌਖਿਕ ਸਰੋਤ, ਅੰਸ਼ਿਕ ਰੂਪ ਵਿਚ ਸਹੀ, ਇਸ ਘੁੰਡੀ ਨੂੰ ਖੋਲ੍ਹਦਾ ਜਾਪਦਾ ਹੈ। ਇਸ ਅਨੁਸਾਰ ਜਦ ਭਾਈ ਸੰਤੋਖ ਸਿੰਘ ਅਸਾਧ ਰੋਗ ਤੋਂ ਬੁਰੀ ਤਰ੍ਹਾਂ ਪੀੜਤ ਸੀ, ਉਸ ਨੂੰ ਖੂਨ ਦੀਆਂ ਉਲਟੀਆਂ ਆਉਂਦੀਆਂ ਸਨ, ਤਾਂ ਉਸ ਨੂੰ ਭਗਤ ਸਿੰਘ ਵਲੋਂ ਲਿਖਿਆ ਖ਼ਤ ਆਇਆ ਜੋ ਉਸ ਨੂੰ ਬਹੁਤ ਅਣਉਚਿਤ ਲੱਗਿਆ। ਉਸ ਨੇ ਇਸ ਨੂੰ ਸਾਂਭਣਯੋਗ ਨਾ ਪਾਇਆ।

? ਕੀ ਸੀ ਉਸ ਖ਼ਤ ਵਿਚ ਜੋ ਭਾਈ ਸੰਤੋਖ ਸਿੰਘ ਨੂੰ ਅਣਉਚਿੱਤ ਲੱਗਾ?

-ਜਿਸ ਸੱਜਣ ਨੇ ਇਹ ਖ਼ਤ ਪੜ੍ਹ ਕੇ ਸੁਣਾਇਆ, ਉਸ ਅਨੁਸਾਰ ਭਗਤ ਸਿੰਘ ਨੇ ਭਾਈ ਸੰਤੋਖ ਸਿੰਘ ਦੀ ਰਾਜਸੀ ਨੀਤੀ ਨੂੰ ਬਿਦੇਸ਼ੀ ਪ੍ਰੇਰਣਾ ਵਾਲੀ ਕਿਹਾ ਸੀ ਅਤੇ ਚਮਤਕਾਰੀ ਘਟਨਾ ਕਰ ਦੇਣ ਵਾਲੀ ਆਪਣੀ ਨੀਤੀ ਨੂੰ ਯੋਗ ਠਹਿਰਾਇਆ ਸੀ। ਉਸ ਨੂੰ ਇਹ ਭੁੱਲ ਗਿਆ ਸੀ ਕਿ ਚਮਤਕਾਰੀ ਘਟਨਾ ਘਟਾ ਦੇਣ ਵਾਲੀ ਉਸ ਦੀ ਆਪਣੀ ਨੀਤੀ ਵੀ ਅਰਾਜਕਤਾ ਤੋਂ ਪ੍ਰੇਰਿਤ ਸੀ। ਜ਼ਾਹਰਾ ਤੌਰ 'ਤੇ ਇਸ ਨੂੰ ਲੋਕਧਾਰਾ ਦੇ ਨਾਇਕਾਂ ਨਾਲ ਜੋੜਿਆ ਜਾ ਸਕਦਾ ਸੀ ਪਰ ਬਾਤਨੀ ਤੌਰ 'ਤੇ ਯੂਰਪ ਦਾ ਅਰਾਜਕਤਾਵਾਦੀ ਸਿਧਾਂਤ ਸੀ ਜਿਸ ਤੋਂ ਇਸ ਨੂੰ ਪ੍ਰੇਰਣਾ ਮਿਲਦੀ ਸੀ। ਜੇ ਫਾਂਸੀ ਲੱਗਣ ਤੋਂ ਪਹਿਲਾਂ ਉਹ ਆਪ ਲੈਨਿਨ ਦੀ ਕੋਈ ਲਿਖਤ ਪੜ੍ਹਨ ਵਿਚ ਲੱਗਾ ਹੋਇਆ ਸੀ ਤਾਂ ਉਹ ਵੀ ਬਿਦੇਸੀ ਸੀ ਜੋ ਉਸ ਨੂੰ ਭਾਰਤ ਵਿਚ ਵਿੱਢੇ ਸੰਘਰਸ਼ ਲਈ ਬਹੁਤ ਪ੍ਰਸੰਗਕ ਲੱਗੀ ਸੀ।

? ਇਸ ਤਰ੍ਹਾਂ ਸੋਚ ਕੇ ਭਗਤ ਸਿੰਘ ਦੇ ਇਤਰਾਜ਼ ਨੂੰ ਕਿਥੋਂ ਤਕ ਉਚਿਤ ਮੰਨਿਆ ਜਾ ਸਕਦਾ ਹੈ? ਭਾਈ ਸੰਤੋਖ ਸਿੰਘ ਦੀ ਰਾਜਸੀ ਨੀਤੀ ਬਾਰੇ ਕੀ ਨਿਰਣਾ ਬਣਾਇਆ ਜਾਵੇ?

-ਤੱਥ ਦੇ ਪੱਧਰ 'ਤੇ ਹੀ ਭਗਤ ਸਿੰਘ ਦੀ ਧਾਰਨਾ ਨੂੰ ਉਚਿਤ ਮੰਨਿਆ ਜਾ ਸਕਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗ਼ਦਰ ਦੇ ਅਸਫਲ ਰਹਿ ਜਾਣ ਮਗਰੋਂ ਭਾਈ ਸਾਹਿਬ ਨੇ ਨਵੇਂ ਢੰਗ ਨਾਲ ਸੰਘਰਸ਼ ਵਿੱਢਣ ਦਾ ਸੋਚਿਆ ਹੋਵੇਗਾ। ਉਸ ਸਮੇਂ ਉਹ ਅਮਰੀਕਾ ਦੀ ਧਰਤੀ 'ਤੇ ਵਿਚਰ ਰਿਹਾ ਸੀ। ਨਵੀਂ ਰਾਜਸੀ ਨੀਤੀ ਦੀ ਰੂਪ ਰੇਖਾ ਵੀ ਉਸ ਨੇ ਅਤੇ ਭਾਈ ਰਤਨ ਸਿੰਘ ਨੇ ਸੋਵੀਅਤ ਰੂਸ ਵਿਚ ਠਹਿਰਾਵ ਦੌਰਾਨ ਬਣਾਈ। ਇਸ ਵਿਚ ਲੈਨਿਨ ਦੀ ਵਿਚਾਰਧਾਰਾ ਤੋਂ ਸੇਧ ਵੀ ਮਿਲੀ ਹੋਵੇਗੀ। ਲੈਨਿਨ ਦੇ ਪ੍ਰਭਾਵ ਅਧੀਨ, ਉਸ ਵੇਲੇ ਕੁਮਿਨਟਰਨ ਦੀ ਨੀਤੀ ਸੰਸਾਰ ਦੇ ਕੁੱਲ ਦੇਸ਼ਾਂ ਨੂੰ ਤਾਰਾਮੰਡਲ ਵਾਂਗ ਸਮਝਣ ਦੀ ਸੀ। ਹਰੇਕ ਦੇਸ਼ ਵਿਚ ਉਸ ਦੇ ਇਤਿਹਾਸ, ਸਭਿਆਚਾਰ, ਸਮਾਜ ਤੇ ਅਰਥ ਵਿਵਸਥਾ ਦੀ ਲੋਅ ਵਿਚ ਕ੍ਰਾਂਤੀਕਾਰੀ ਸੰਘਰਸ਼ ਵਿੱਢਣ ਦੀ ਸੀ। ਸੋਵੀਅਤ ਰੂਸ ਨੂੰ ਸੰਸਾਰ ਭਰ ਵਿਚ ਆਉਣ ਵਾਲੀ ਕ੍ਰਾਂਤੀ ਦਾ ਕੇਂਦਰ ਜਾਣ ਕੇ, ਬਾਹਰਲੇ ਦੇਸ਼ਾਂ ਵਿਚ ਚਲਾਏ ਜਾਣ ਵਾਲੇ ਸੰਘਰਸ਼ਾਂ ਦਾ ਉਦੇਸ਼ ਉਸਦੀ ਸੁਰੱਖਿਆ ਨੂੰ ਨਿਰਪੇਖ ਮੰਨਣਾ ਨਹੀਂ ਸੀ। ਇਸ ਕਾਰਨ ਉਸ ਵਲੋਂ ਮਿਲੀ ਪ੍ਰੇਰਣਾ ਦੇ ਅੰਤਰ-ਪ੍ਰੇਰਣਾ ਵਿਚ ਵਿਕਸਤ ਹੋ ਜਾਣ ਦਾ ਇਕਰਾਰ ਬਰਾਬਰ ਬਣਿਆ ਰਹਿੰਦਾ ਸੀ। ਇਹ ਉਸ ਅਮਲ ਦਾ ਸੱਚ ਸੀ ਜਿਸ 'ਤੇ ਵਿਚਰ ਕੇ ਇਹ ਭਗਤ ਸਿੰਘ ਵਲੋਂ ਉਠਾਏ ਇਤਰਾਜ਼ ਦਾ ਅਧਿਕਾਰੀ ਨਹੀਂ ਸੀ ਰਹਿੰਦਾ।

ਜਿਵੇਂ 'ਪਰਉਪਾਰ' ਨਾਮੀਂ ਉਸ ਦੇ ਲੇਖ ਤੋਂ ਪਰਤੱਖ ਹੋ ਜਾਂਦਾ ਹੈ, ਗੁਰੂ ਅਰਜਨ ਦੇਵ ਦੀ ਸ਼ਹਾਦਤ ਉਸ ਲਈ ਬਹੁਤ ਮਹੱਤਵ ਅਤੇ ਮੁੱਲ ਰੱਖਦੀ ਸੀ। ਉਸਦੀ ਨਜ਼ਰ ਵਿਚ ਇਹ ਚਮਤਕਾਰੀ ਘਟਨਾ ਨਹੀਂ ਸੀ ਸਗੋਂ ਗੁਰੂ ਨਾਨਕ ਦੀ ਦ੍ਰਿਸ਼ਟੀ ਦੀ ਇਤਿਹਾਸਕ ਪੱਧਰ 'ਤੇ ਚਰਮ ਸੀਮਾਂ ਸੀ। 'ਪਾਪ ਕੀ ਜੰਞ' ਲਿਆ ਕੇ ਬਾਬਰ ਨੇ ਜੋ ਸਲਤਨਤ ਕਾਇਮ ਕੀਤੀ ਸੀ, ਗੁਰੂ ਸਾਹਿਬ ਦੀ ਸ਼ਹਾਦਤ ਨੇ ਉਸ ਨੂੰ ਡੋਲਣ ਲਗਾ ਦਿੱਤਾ ਸੀ। ਇਸ ਆਧਾਰ 'ਤੇ ਮੇਰਾ ਤਾਂ ਇਹ ਅਨੁਮਾਨ ਬਣਦਾ ਹੈ ਕਿ ਜੇ ਭਾਈ ਸਾਹਿਬ ਨੂੰ ਸੋਵੀਅਤ ਰੂਸ ਜਾਣਾ ਨਾ ਵੀ ਨਸੀਬ ਹੁੰਦਾ, ਲੈਨਿਨ ਤੋਂ ਪ੍ਰੇਰਣਾ ਲੈਣ ਦਾ ਮੌਕਾ ਨਾ ਵੀ ਮਿਲਦਾ, ਤਦ ਵੀ ਉਸ ਨੇ ਪੰਜਾਬ ਅਤੇ ਭਾਰਤ ਦੀ ਸਮਾਜਕ, ਸਭਿਆਚਾਰਕ ਤੇ ਭਾਈਚਾਰਕ ਪ੍ਰਸਥਿਤੀ ਦੇ ਅਨੁਕੂਲ ਕੋਈ ਉਚਿਤ ਨੀਤੀ ਘੜ ਲੈਣੀ ਸੀ। ਸੋਵੀਅਤ ਰੂਸ ਵਿਚ ਵਿਚਰਣ, ਕਾਰਲ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹਨ ਅਤੇ ਲੈਨਿਨ ਦੀ ਪ੍ਰੇਰਣਾ ਤੋਂ ਬਿਨਾਂ ਭਾਵੇਂ ਉਹ ਪੂਰੀ ਤਰ੍ਹਾਂ ਸਪਸ਼ਟ ਨਾ ਹੁੰਦੀ।

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**

# Naresh Bhardwaj, MLA Edmonton-Ellerslie: Parliamentary Assistant to the Minister of Health and Wellness

I had the pleasure to join Premier Alison Redford and Alberta's Cabinet team as they travelled across the province to talk with Albertans about their priorities for the future. The Premier and Ministers met with Albertans and attended events in all regions of the province from Monday, Jan. 23 to Thursday, Jan. 26. "It's so important for us to continue meeting face-to-face with Albertans in their own communities" said Premier Redford. "It gives us the opportunity to hear from those closest to their local issues and to learn about the community's hopes for the future. This is the kind of listening and regular interaction Albertans can expect from this government." Ministers visited more than 25 communities stretching from Medicine Hat and Lethbridge to Fort McMurray and Lac La Biche. The open meetings were held with seniors, students, health care professionals, business groups and community leaders, among others. In the Capital Region, Ministers and local MLAs spoke with Albertans about current government initiatives, including the upcoming budget, as well as ongoing issues like health care, education and infrastructure.

After travelling throughout Alberta to attend numerous events, I had the privilege of returning home to host the South Edmonton Business Leaders Luncheon on Thursday, Jan. 26. Minister of Culture



and Community Services Heather Klimchuk, along with MLAs Peter Sandhu and Gene Zwozdesky attended the luncheon and participated in a question forum as well as an informal discussion with participants. Attendees included local business men and women, ethnic media and community leaders. Thank you to everyone who participated and made the luncheon a successful, informative event.

Later that day, Minister Klimchuk, MLA Sandhu and myself proceeded to tour Allen Gray Continuing Care Centre, where we were graciously greeted by staff and residents. We had the opportunity to sit down with our hosts to discuss the challenges faced by the facility. It was truly a pleasure to meet with so many Albertans and to hear their thoughts on the initiatives and direction of the Government of Alberta. Moving ahead with the ideas conveyed by Albertans, I am eager to reconvene with my colleagues and share our Cabinet Tour experiences. With the 2012 Spring Session starting Feb. 7, 2012, your government will continue to work for Alberta's future and devise strategies that will continue to make our province the best place to live, work and raise a family.


Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP





Laddi Padda

Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257



Best Truck Wash

Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:

BIN: (780) 267-9102

CAM: (780) 238-8161

# ਸਾਡੀ ਖ਼ੁਰਾਕ ਵਿਚ ਰੇਸ਼ੇਦਾਰ ਭੋਜਨ ਦੀ ਮਹੱਤਤਾ



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਰੇਸ਼ੇਦਾਰ ਆਹਾਰ ਗੈਸਾਂ ਦੇ ਰੂਪ ਵਿਚ ਆਸਾਨੀ ਨਾਲ ਘੁਲ ਜਾਂਦੇ ਹਨ। ਅਘੁਲਨਸ਼ੀਲ ਰੇਸ਼ੇ ਮੈਟਾਬੋਲੀਕਲੀ ਸੁਸਤ ਹੁੰਦੇ ਹਨ, ਪਾਣੀ ਸੋਖ ਲੈਂਦੇ ਹਨ ਕਿਉਂਕਿ ਇਹ ਪਾਚਨ ਪ੍ਰਣਾਲੀ ਰਾਹੀਂ ਲੰਘਦੇ ਹਨ, ਤੇ ਆਸਾਨੀ ਨਾਲ ਨਿਕਲ ਜਾਂਦੇ ਹਨ।

ਭਰਪੂਰ ਰੇਸ਼ੇਦਾਰ ਭੋਜਨ ਕਈ ਮਾਇਨਿਆਂ ਵਿਚ ਸਾਡੀ ਮੱਦਦ ਕਰਦਾ ਹੈ। ਇਹ ਕੈਲੇਸਟਰੋਲ ਘਟਾਉਂਦਾ ਹੈ, ਬਲੱਡ ਸ਼ੂਗਰ, ਕੈਂਸਰ ਮੋਟਾਪੇ ਨੂੰ ਕੰਟਰੋਲ ਕਰਦਾ ਹੈ, ਕਬਜ਼ ਅਤੇ ਪੇਟ ਦੇ ਕੈਂਸਰ ਨੂੰ ਦੂਰ ਕਰਦਾ ਹੈ। ਇਕ ਵਿਅਕਤੀ ਨੂੰ ਰੋਜ਼ਾਨਾ 25-30 ਗਰਾਮ ਰੇਸ਼ੇ (ਫਾਈਬਰ) ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।

**ਹੇਠ ਲਿਖੇ ਪੰਜ ਅਹਿਮ ਫਾਈਬਰ ਭੋਜਨ ਹਨ**

**ਅਲਸੀ :** ਘੁਲਨਸ਼ੀਲ ਤੇ ਅਘੁਲਨਸ਼ੀਲ ਫਾਈਬਰ ਦੋਵਾਂ ਵਿਚ ਅਲਸੀ ਓਮੇਗਾ-3 ਭਰਪੂਰ ਮਾਤਰਾ ਵਿਚ ਹੁੰਦੀ ਹੈ ਤੇ ਇਹ ਕੈਂਸਰ ਨੂੰ ਰੋਕਦੀ ਹੈ ਜਿਸ ਨੂੰ ਲਿਗਨਾਨਸ ਕਿਹਾ ਜਾਂਦਾ ਹੈ। ਅਸੀਂ ਅਲਸੀ ਨੂੰ ਦਹੀ, ਸਲਾਦ ਜਾਂ ਦਾਲਾਂ 'ਤੇ ਛਿੜਕ ਕੇ ਆਪਣੇ ਭੋਜਨ ਨੂੰ ਚੰਗਾ ਬਣਾ ਸਕਦੇ ਹਾਂ।

**ਸਾਬਤ ਅਨਾਜ/ਚੋਕਰ:** ਆਪਣੀ ਖੁਰਾਕ ਵਿਚ ਜ਼ਿਆਦਾ ਤੋਂ ਜ਼ਿਆਦਾ ਸਾਬਤ ਅਨਾਜ ਸ਼ਾਮਲ ਕਰਨੇ ਚਾਹੀਦੇ ਹਨ। ਪੂਰੀ ਤਰ੍ਹਾਂ ਆਟੇ ਦੀ ਵਰਤੋਂ ਹੋਣੀ ਚਾਹੀਦੀ ਹੈ। ਆਪਣੀ ਮੈਦੇ ਵਾਲੀ ਬਰੈਡ ਦੀ ਥਾਂ ਆਟੇ ਵਾਲੀ ਬਰੈਡ ਲਵੋ ਕਿਉਂਕਿ ਇਸ ਵਿਚ 6.2 ਗਰਾਮ ਪ੍ਰਤੀ ਕੱਪ ਫਾਈਬਰ ਹੁੰਦੀ ਹੈ। ਦਲੀਆ ਤੇ ਮੱਕੀ ਚੋਕਰ ਵੀ ਚੰਗੇ ਫਾਈਬਰ ਭਰਪੂਰ ਭੋਜਨ ਹਨ। ਇਨ੍ਹਾਂ ਵਿਚ 12 ਗਰਾਮ ਫਾਈਬਰ ਜਦਕਿ 30 ਗਰਾਮ ਮੱਕੀ ਚੋਕਰ ਵਿਚ 22 ਗਰਾਮ ਫਾਈਬਰ ਹੁੰਦੇ ਹਨ।

**ਸੁੱਕੇ ਮੇਵੇ:** ਪਿਸ਼ਤਾ, ਬਦਾਮ ਤੇ ਅਖਰੋਟ ਪ੍ਰੋਟੀਨ ਦੇ ਵੱਡੇ ਸਰੋਤ ਮੰਨੇ ਜਾਂਦੇ ਹਨ। ਇਨ੍ਹਾਂ ਵਿਚ ਫਾਈਬਰ ਦੀ ਮਾਤਰਾ ਵੀ ਭਰਪੂਰ ਹੁੰਦੀ ਹੈ। ਕਿਸ਼ਮਿਸ਼ ਦੋਵੇਂ ਘੁਲਨਸ਼ੀਲ ਤੇ ਅਘੁਲਨਸ਼ੀਲ ਫਾਈਬਰ ਨਾਲ ਵਹਿੰਦੀ ਹੈ।

**ਹਰੀਆਂ ਚੀਜ਼ਾਂ:** ਅਸੀਂ ਇਹ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਰੀਆਂ ਪੱਤੇਦਾਰ ਸਬਜ਼ੀਆਂ ਆਇਰਨ ਤੇ ਬੀਟਾ-ਕੈਰੋਟੀਨ ਦਾ ਵੱਡਾ ਸਰੋਤ ਹੁੰਦੀਆਂ ਹਨ ਪਰ ਇਹ ਫਾਈਬਰ ਦਾ ਵੀ ਚੰਗਾ ਸਰੋਤ ਹਨ। ਪਾਲਕ, ਸ਼ਲਗਮ ਤੇ ਚੁਕੰਦਰ ਵਿਚ 4-5 ਗਰਾਮ ਫਾਈਬਰ ਹੁੰਦੇ ਹਨ। ਮੱਧਮ ਅਕਾਰ ਦੀ ਨਾਸ਼ਪਤੀ ਵਿਚ ਘੱਟੋ-ਘੱਟ 5 ਗਰਾਮ ਤੇ ਵੱਡੇ ਸੇਬ ਵਿਚ 3.3 ਗਰਾਮ ਫਾਈਬਰ ਹੁੰਦਾ ਹੈ।

**ਫਲੀਆਂ/ਬੀਨਜ਼/ਫਾਈਬਰ:** ਬੀਨਜ਼ ਵਿਚ ਉਚ ਮਾਤਰਾ ਵਿਚ ਫਾਈਬਰ ਹੁੰਦਾ ਹੈ ਜੋ ਖੁਰਾਕ ਵਿਚ ਮੌਜੂਦ ਹੁੰਦਾ ਹੈ। ਕਾਲੀਆਂ ਬੀਨਜ਼ ਜਾਂ ਕਿਡਨੀ ਬੀਨਜ਼ ਦੇ ਇਕ ਕੱਪ ਵਿਚ 15 ਗਰਾਮ ਜਾਂ ਇਸ ਤੋਂ ਵੱਧ ਫਾਈਬਰ ਦੀ ਮਾਤਰਾ ਹੋ ਸਕਦੀ ਹੈ। ਇਸ ਲਈ ਸਿਹਤਮੰਦ ਰਹਿਣ ਲਈ ਫਾਈਬਰ ਭਰਪੂਰ ਖੁਰਾਕ ਖਾਓ।

# ਅਵਤਾਰ ਸਿੰਘ ਮੁੱਲਾਂਪੁਰੀ ਨਹੀਂ ਰਹੇ

ਲੁਧਿਆਣਾ, (ਨਦਬ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸੀਨੀਅਰ ਆਗੂ ਸ੍ਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਸੱਜੇ ਹੱਥ ਸਮਝੇ ਜਾਣ ਵਾਲੇ ਸ੍ਰੀ ਅਵਤਾਰ ਸਿੰਘ ਮੁੱਲਾਂਪੁਰੀ ਦਾ ਅੱਜ ਇਥੇ ਦਿਲ ਦਾ ਦੌਰਾ ਪੈਣ ਕਾਰਣ ਦੇਹਾਂਤ ਹੋ ਗਿਆ। ਸ੍ਰੀ ਮੁੱਲਾਂਪੁਰੀ ਪਿਛਲੇ 15 ਤੋਂ ਵੀ ਵੱਧ ਵਰ੍ਹਿਆਂ ਤੋਂ ਸ੍ਰੀ ਰਾਮੂਵਾਲੀਆ ਨਾਲ ਪਰਛਾਵੇਂ ਵਾਂਗ ਜੁੜੇ ਰਹੇ। ਉਹ ਪਿਛੇ ਜਿਹੇ ਹੀ ਸ੍ਰੀ ਰਾਮੂਵਾਲੀਆ ਨਾਲ ਹੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਸਨ। ਇਸ ਤੋਂ ਪਹਿਲਾਂ ਉਹ ਆਪਣੀ ਉਦੋਂ ਦੀ ਲੋਕ ਭਲਾਈ ਪਾਰਟੀ 'ਚ ਵੀ ਸੀਨੀਅਰ ਮੀਤ ਪ੍ਰਧਾਨ ਹੁੰਦੇ ਸਨ। ਉਨ੍ਹਾਂ ਸ੍ਰੀ ਰਾਮੂਵਾਲੀਆ ਨਾਲ ਮਿਲ ਕੇ ਵਿਦੇਸ਼ਾਂ 'ਚ ਫਸੇ ਪੰਜਾਬੀ ਨੌਜਵਾਨਾਂ ਨੂੰ ਬਚਾ ਕੇ ਭਾਰਤ ਵਾਪਸ ਲਿਆਉਣ ਵਿਚ ਵੱਡਾ ਯੋਗਦਾਨ ਪਾਇਆ। ਪਿਛੇ ਜਿਹੇ ਬਹਿਰੀਨ ਅਤੇ ਸਊਦੀ ਅਰਬ ਦੀਆਂ ਜੇਲ੍ਹਾਂ 'ਚ ਫਸੇ ਅਨੇਕਾਂ ਪੰਜਾਬੀ ਨੌਜਵਾਨਾਂ ਨੂੰ ਵਾਪਸ ਲਿਆਉਣ ਜਾਂ ਉਨ੍ਹਾਂ ਦੀਆਂ ਸਜ਼ਾਵਾਂ ਘੱਟ ਕਰਵਾਉਣ ਵਿੱਚ ਸ੍ਰੀ ਮੁੱਲਾਂਪੁਰੀ ਦੇ ਯੋਗਦਾਨ ਨੂੰ ਕਦੇ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਉਨ੍ਹਾਂ ਦੇ ਦੇਹਾਂਤ ਕਾਰਣ ਸਮੂਹ ਪੰਜਾਬੀਆਂ 'ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

# ਫਰਵਰੀ... ਸਕੂਲ ਸੰਗ ਮੁਹੱਬਤ ਦਾ ਸਮਾਂ



ਕੌਲੀਨ ਮਕਲੌ ਕਲਿਕ
ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ
ਐਡਮਿੰਟਨ, ਅਲਬਰਟਾ
780 462 3322
colleen.mccullough@epsb.ca

ਹਾਂ, ਬਿਲਕੁਲ ਠੀਕ। ਜਦੋਂ ਅਸੀਂ ਸਕੂਲ ਵਿਚ ਆਪਣੇ ਦੂਜੇ ਸਮੈਸਟਰ ਵਿਚ ਦਾਖ਼ਲ ਹੁੰਦੇ ਹਾਂ, ਮੈਂ ਲਗਪਗ ਸੂਰਜ ਦੀ ਚਮਕ ਅਤੇ ਪੰਛੀਆਂ ਨੂੰ ਚਹਿਚਹਾਉਂਦਿਆਂ ਮਹਿਸੂਸ ਕਰ ਸਕਦੀ ਹਾਂ। ਦਿਨ ਥੋੜ੍ਹੇ ਜਿਹੇ ਖੁੱਲ੍ਹ ਗਏ ਹਨ। ਮੈਂ ਸੱਚਮੁੱਚ ਸਰਦੀਆਂ ਬਾਰੇ ਸ਼ਿਕਾਇਤ ਕਰ ਸਕਦੀ ਹਾਂ, ਪਰ ਮੈਂ ਅਗਾਂਹ ਫਰਵਰੀ ਵੱਲ ਦੇਖ ਰਹੀ ਹਾਂ ਅਤੇ ... ਬਸੰਤ!! ਸੋ, ਅਸੀਂ ਇਥੇ ਸਾਲ ਦੇ ਅੱਧ ਵਿਚ ਹਾਂ। ਸਾਡੇ ਵਿਚੋਂ ਬਹੁਤਿਆਂ ਲਈ ਇਹ ਨਵੀਂ ਸਲੇਟ ਹੈ ਕਿਉਂਕਿ ਕਲਾਸਾਂ ਮੁੜ ਪਹਿਲੀ ਫਰਵਰੀ ਤੋਂ ਸ਼ੁਰੂ ਹੋ ਗਈਆਂ ਹਨ।

ਮਾਪਿਆਂ ਵਜੋਂ ਇਹ ਯਕੀਨੀ ਬਣਾਉਣ ਲਈ ਅਸੀਂ ਕੀ ਕਰ ਸਕਦੇ ਹਾਂ ਕਿ ਦੂਜਾ ਸਮੈਸਟਰ ਸਾਡੇ ਬੱਚਿਆਂ ਲਈ ਸਫ਼ਲ ਸਿੱਧ ਹੋਵੇ? ਠੀਕ, ਸਭ ਤੋਂ ਪਹਿਲਾਂ ਉਨ੍ਹਾਂ ਦੀ ਪੜ੍ਹਾਈ ਅਤੇ ਸਾਡੇ ਸਕੂਲ ਨਾਲ ਚੰਗੀ ਤਰ੍ਹਾਂ ਜੁੜੋ।

ੳ - ਆਪਣੇ ਵਿਦਿਆਰਥੀ ਦੇ ਕਾਰਜਕ੍ਰਮ 'ਤੇ ਨਜ਼ਰ ਮਾਰੋ ਅਤੇ ਜਾਣੋ ਕਿ ਇਸ ਸਮੈਸਟਰ ਵਿਚ ਉਹ ਕਿਹੜੀਆਂ ਕਲਾਸਾਂ ਲਗਾਉਣ ਜਾ ਰਹੇ ਹਨ ਅਤੇ ਉਨ੍ਹਾਂ ਦੇ ਅਧਿਆਪਕ ਕੌਣ ਹਨ? ਸਾਡੇ ਸਕੂਲ ਦੀ ਵੈਬਸਾਈਟ 'ਤੇ ਸਾਰੇ ਅਧਿਆਪਕਾਂ ਦੇ ਈ-ਮੇਲ ਸਿਰਨਾਵੇਂ ਹਨ। ਛੋਟੀਆਂ ਸਮੱਸਿਆਵਾਂ ਦੇ ਵੱਡੀਆਂ ਸਮੱਸਿਆਵਾਂ ਬਣਨ ਤੋਂ ਪਹਿਲਾਂ ਸਕੂਲ ਨੂੰ ਫੋਨ ਜਾਂ ਈ-ਮੇਲ ਕਰੋ ਜਾਂ ਸਿਰਫ ਹੈਲੋ ਕਹਿਣ ਲਈ ਈ-ਮੇਲ ਕਰੋ ਤਾਂ ਵੀ ਤੁਹਾਡੇ ਵਿਦਿਆਰਥੀ ਅਧਿਆਪਕ ਵਿਚਕਾਰ ਉਸਰਿਆ ਰਿਸ਼ਤਾ ਤੁਹਾਡੇ ਵਿਦਿਆਰਥੀ ਲਈ ਹਾਂ-ਪੱਖੀ ਵਾਤਾਵਰਣ ਤਿਆਰ ਕਰਨ ਵਿਚ ਸਹਾਈ ਹੁੰਦਾ ਹੈ।

ਅ - ਜਾਣੋ ਕਿ ਕਿਹੜੇ ਵਿਸ਼ਿਆਂ ਵਿਚ ਤੁਹਾਡਾ ਵਿਦਿਆਰਥੀ ਮਜ਼ਬੂਤ ਨਹੀਂ ਅਤੇ ਜਾਣੋ ਕਿ ਉਸ ਦੀ ਸਹਾਇਤਾ ਲਈ ਕਿਹੜੇ ਸਰੋਤ ਉਪਲਬਧ ਹਨ। ਹਰ ਅਕਾਦਮਿਕ ਵਿਭਾਗ ਵਿਚ ਅਤਿਰਿਕਤ ਸਹਾਇਤਾ ਟਟੋਰੀਅਲ ਰੱਖਦਾ ਹੈ। ਜਦੋਂ ਵਿਦਿਆਰਥੀ ਕਲਾਸ ਤੋਂ ਨਿਰਾਸ਼ਾ ਮਹਿਸੂਸ ਕਰਦੇ ਹਨ। ਉਹ ਜਾਂ ਤਾਂ ਕੰਮ ਬੰਦ ਕਰਨ ਦੇ ਬਹਾਨੇ ਕਰਦੇ ਹਨ ਜਾਂ ਮਾੜੇ ਢੰਗ-ਤਰੀਕਿਆਂ ਵੱਲ ਮੋੜ ਕੱਟ ਜਾਂਦੇ ਹਨ-ਜਿਵੇਂ ਕਿ ਨਕਲ-ਕੁਝ ਸਫ਼ਲਤਾ ਯਕੀਨੀ ਬਣਾਉਣ ਲਈ। ਆਓ ਅਸੀਂ ਉਨ੍ਹਾਂ ਨੂੰ ਇਸ ਖਾਈ ਵਿਚ ਡਿਗਣੋਂ ਬਚਾਈਏ।

ੲ - ਹਾਜ਼ਰੀ, ਅੰਕਾਂ, ਹੋਮਵਰਕ ਲਈ ਆਪਣਾ ਸਕੂਲ ਜ਼ੋਨ ਚੈਕ ਕਰੋ। ਸਿਰਫ਼ ਇਹ ਨਾ ਪੁੱਛੋ ਕਿ ਕੀ ਉਨ੍ਹਾਂ ਨੇ ਸਕੂਲ ਦਾ ਕੰਮ ਕਰ ਲਿਆ ਹੈ, ਪਰ ਕੋਈ ਸਾਂਝੀ ਥਾਂ ਲੱਭੋ, ਜਿਥੇ ਤੁਸੀਂ ਉਨ੍ਹਾਂ ਨੂੰ ਕੰਮ ਕਰਦਿਆਂ ਦੇਖ ਸਕੋ।

ਸ - ਯਕੀਨੀ ਬਣਾਓ ਕਿ ਤੁਹਾਡਾ ਵਿਦਿਆਰਥੀ ਅੰਗਰੇਜ਼ੀ ਦੀਆਂ ਕਿਤਾਬਾਂ ਪੜ੍ਹ ਰਿਹਾ ਹੈ। ਲਾਇਬ੍ਰੇਰੀ ਵਿਚ ਉਨ੍ਹਾਂ ਦਾ ਚੱਕਰ ਲਵਾਓ।

ਹ - 7 ਫਰਵਰੀ ਨੂੰ ਸਾਡੀ ਏ.ਪੀ ਸੂਚਨਾ ਰਾਤਰੀ ਹੈ। ਅਸੀਂ ਆਈ.ਬੀ ਨੂੰ ਤਿਆਗ ਕੇ ਆਪਣੇ ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ ਏ.ਪੀ ਪ੍ਰੋਗਰਾਮ ਨਾਲ ਕਰ ਰਹੇ ਹਾਂ : ਐਡਵਾਂਸਡ ਪਲੇਸਮੈਂਟ।

ਕ - ਮਾਪੇ-ਅਧਿਆਪਕ ਮੁਲਾਕਾਤਾਂ ਦੀ ਸਾਰਨੀ ਇਸ ਪ੍ਰਕਾਰ ਹੈ। 20 ਮਾਰਚ 4:30-7:00, ਆਓ ਅਤੇ ਸਾਨੂੰ ਮਿਲੋ।

ਖ - ਸਕੂਲ 9:00 ਵਜੇ ਸਵੇਰੇ ਲੱਗਦਾ ਹੈ। ਕ੍ਰਿਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਆਪਣੇ ਵਿਦਿਆਰਥੀ ਨੂੰ 8:45 ਤੱਕ ਸਕੂਲ ਭੇਜੋਗੇ ਤਾਂ ਕਿ ਉਹ ਆਪਣਾ ਲਾਕਰ ਅਤੇ ਕਲਾਸ ਸਮੇਂ ਸਿਰ ਲੈ ਸਕਣ ਜਾਂ ਯਕੀਨੀ ਬਣਾਓ ਕਿ ਉਨ੍ਹਾਂ ਕੋਲ ਬੱਸ ਫੜਨ ਲਈ ਕਾਫੀ ਸਮਾਂ ਹੋਵੇ ਅਤੇ ਉਹ ਸਮੇਂ ਸਿਰ ਸਕੂਲ ਪਹੁੰਚ ਜਾਣ।

ਗ - ਸੈਲ ਫੋਨ ਨਿਰਉਤਸ਼ਾਹਿਤ ਕਰਦੇ ਹਨ। ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਵਿਚ ਸੈਲ ਫੋਨ ਲਿਜਾਣ ਦੀ ਆਗਿਆ ਨਹੀਂ। ਅਸੀਂ ਸੈਲ ਫੋਨ ਪਰ੍ਹਾਂ ਹੀ ਰੱਖਦੇ ਹਾਂ ਅਤੇ ਵਿਦਿਆਰਥੀਆਂ ਨੂੰ ਇਸ ਖੇਤਰ ਵਿਚ ਆਗਿਆਕਾਰੀ ਬਣੇ ਰਹਿਣਾ ਚਾਹੀਦਾ ਹੈ - ਅਸੀਂ ਤੁਹਾਨੂੰ ਤੁਹਾਡੇ ਘਰ ਫੋਨ ਕਰਾਂਗੇ ਕਿ ਉਨ੍ਹਾਂ ਦੇ ਫੋਨ ਆ ਕੇ ਲੈ ਜਾਓ।

ਘ - ਦੂਜੇ ਜ਼ਰਾ ਤਕਲੀਫਦੇਹ ਸਮੈਸਟਰ ਦੀ ਸ਼ੁਰੂਆਤ 'ਤੇ ਸ਼ੁੱਭ ਕਾਮਨਾਵਾਂ!! ਮੈਂ ਆਪਣੇ ਨਵੇਂ ਵਿਦਿਆਰਥੀਆਂ ਨੂੰ ਮਿਲਾਂਗੀ। ਮੈਂ ਉਨ੍ਹਾਂ ਦੀ ਇਸ ਸਮੈਸਟਰ ਵਿਚ ਸਫ਼ਲਤਾ ਲਈ ਕਾਮਨਾ ਕਰਦੀ ਹਾਂ ਜਿਵੇਂ ਕਿ ਮੈਂ ਜਾਣਦੀ ਹਾਂ 'ਜੇ ਪਰਸੀ ਪੇਜ' ਦਾ ਹਰ ਸਟਾਫ਼ ਮੈਂਬਰ ਸਾਡੇ ਵਿਦਿਆਰਥੀਆਂ ਲਈ ਸ਼ੁਭਕਾਮਨਾਵਾਂ ਰੱਖਦਾ ਹੈ।

ਆਓ ਹਾਜ਼ਰੀ ਲਾਈਏ!!


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਦੇਵ ਆਨੰਦ ਦੀਆਂ ਦੋ ਕਵਿਤਾਵਾਂ

ਲਿਪਿਆਂਤਰਣ: ਪ੍ਰੋ. ਰਾਕੇਸ਼ ਰਮਨ

## ਭਿਆਨਕ ਚੁੱਪੀ: ਇੰਤਜ਼ਾਰ ਬੁਰੇ ਸਮਯ ਕਾ

ਯੇ ਸਾਜ਼ਿਸ਼ ਹੈ ਕਿ
ਚਿੜੀਓਂ ਕੇ ਉਡਾਨ ਮੇਂ
ਸ਼ਾਮਿਲ ਨਹੀਂ ਰਹੇ, ਪੇੜ
ਬੇਦਖਲ ਹੋ ਰਹੇ ਹੈਂ, ਮੂਲਵਾਸੀ
ਜੜ੍ਹ, ਜੰਗਲ ਔਰ ਜ਼ਮੀਨ ਸੇ
ਖੇਤੀ-ਬਾੜੀ ਸੇ ਬੇਦਖਲ ਹੈਂ
ਗਾਂਵ-ਜਵਾਰ ਕੇ ਲੋਗ
ਖੇਲ-ਖਿਲੌਨੇ, ਮਿੱਟੀ-ਘਰੌਂਦੇ ਸੇ
ਬੇਦਖਲ ਹੋ ਰਹੇ ਹੈਂ, ਬੱਚੇ
ਆਜ਼ਾਦੀ ਸੇ ਬੇਦਖਲ ਹੈ
ਸਵਤੰਤਰਤਾ ਕਾ ਭਾਵ
ਸਾਹਿਤਯ ਸੇ ਬੇਦਖਲ ਹੈ
ਭਾਵ-ਵਿਚਾਰ ਔਰ ਸ਼ਬਦ
ਜੀਵਨ ਸੇ ਬੇਦਖਲ ਹੋ ਰਹੀ ਹੈਂ
ਸਾਰੀ ਸੰਵੇਦਨਾਏਂ ਔਰ ਮੂਲਯ
ਮੁਸ਼ਕਿਲ ਹੈ ਬਚਾ ਪਾਨਾ ਅਬ
ਰਿਸ਼ਤੋਂ ਕੀ ਗਰਮਾਹਟ
ਯਹ ਬਹੁਤ ਖਤਰਨਾਕ ਸਮਯ ਹੈ, ਦੋਸਤੋ!
ਔਰ ਭਿਆਨਕ ਚੁੱਪੀ
ਚੁੱਪ ਹੈਂ ਹਮ ਸਭ ਭੀ
ਯਹ ਠੀਕ ਨਹੀਂ ਹੈ ਕਿ, ਅਬ ਔਰ
ਕਿਯਾ ਜਾਏ ਇੰਤਜ਼ਾਰ
ਇਸਸੇ ਭੀ ਅਧਿਕ ਬੁਰੇ ਸਮੇਂ ਕਾ।

## ਬਾਜ਼ਾਰ ਮੇਂ ਸਾਹਿਤਯ

ਸਾਹਿਤਯ ਮੇਂ ਹੈ ਧਰਤੀ-ਆਕਾਸ਼
ਪਰਬਤ-ਮੇਘ, ਨਦੀ-ਝਰਨੇ
ਫੂਲ-ਸੁਗੰਧ, ਬਾਰਿਸ਼-ਧੂਪ
ਧਨੀਆਂ-ਹੋਰੀ*, ਗਾਂਵ-ਚੌਪਾਲ
ਹਾਟ-ਬਾਜ਼ਾਰ, ਖੇਤ-ਖਲਿਹਾਨ
ਹੰਸੀ-ਠਿਠੋਲੀ, ਝੂਲਾ-ਸਾਵਨ
ਸੰਘਰਸ਼-ਚੇਤਨਾ, ਜਲੂਸ-ਨਾਹਰੇ
ਆਦਮੀ ਕੀ ਅੰਤਰਮਨ ਕੀ ਵਿਅਥਾ
ਕਿਵਦੰਤੀਆਂ**, ਪੀਰੋਂ ਕੀ ਬਲਿਦਾਨ-ਗਾਥਾ
ਸਵਰ-ਵਿਅੰਜਨ, ਸ਼ਬਦ-ਵਿਆਕਰਣ
ਸਭ ਕੁਛ ਹੈ ਸਾਹਿਤਯ ਮੇਂ
ਬਾਜ਼ਾਰ ਕਾ ਸਾਹਿਤਯ ਭੀ
ਬਸ ਕੁਛ ਜੁੜ ਗਯਾ ਹੈ ਸਾਹਿਤਯ ਮੇਂ
ਮੁਨਾਫੇ ਕੀ ਅਸਪਰਦਾ***
ਅਸਪਰਦਾ ਕੇ ਬੀਚ ਕਹੀਂ
ਖੋ ਗਯਾ ਹੈ ਸਾਹਿਤਯ
ਖੋਜੋ ਯਹੀਂ ਕਹੀਂ ਹੋਗਾ
ਵੰਚਿਤੋ ਕੀ ਆਹ ਮੇਂ ਪੜਾ
ਪੀੜਿਤ ਮਾਨਵਤਾ ਕੇ ਬੀਚ ਖੜਾ।

* ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਕਫਨ' ਦੇ ਪਾਤਰ
**ਦੰਦ-ਕਥਾਵਾਂ
***ਅੰਨੇ ਮੁਨਾਫੇ ਦੀ ਦੌੜ

ਰਜਨੀ ਕਾਂਤ ਕਲੋਨੀ, ਭਗਤ ਸਿੰਘ ਮਾਰਗ, ਪੂਰਨੀਆਂ (ਬਿਹਾਰ)
ਮੋਬਾਇਲ: + 91 94316 07831
E-Mail: anand.dev15@yahoo.co.in

# The Culture of Rascism



Avneet Randhawa



We must be aware,
Of the Culture of Racism,
It's a slur and a swear,
The Culture of Racism.

Can't turn your back,
On the Culture of Racism,
Or you'll feel the whack,
Of the Culture of Racism.

It's hard to believe,
The Culture of Racism,
That's why we all grieve,
The Culture of Racism.

We must face the facts,
On the Culture of Racism,
Cause we've seen the attacks,
Of the Culture of Racism.

It follows us all,
The Culture of Racism,
But we must stand tall,
Against the Culture of Racism.

Can we control or stop it,
As long as it's been living,
That's the priceless question,
On the Culture of Racism.

randhawa_avneet@hotmail.com



All Vehicles Certified & Carproof Verified

# MILLWOODSSUZUKI
## PRE-OWNEDSUPER CENTER

SHOP24/7@ www.millwoodssuzuki.com
over 500 vehicles to choose from

| | | | |
|---|---|---|---|
| 2011 SUZUKIGRAND VITARA JX 4X4 | #12006-0. Loaded. | $21,995 |
| 2011 SUZUKISX4 JA | #12007-0. Loaded. | $14,995 |
| 2010 DODGEGRAND CARAVAN | #12011-0. Stow/go, loaded. | $17,995 |
| 2006 DODGEDURANGO SLT 4X4 | #11T088-2. Loaded. | $10,995 |
| 2010 VWPASSAT CC 2.0T | #11T120-1. 4 door coupe, loaded. | $28,995 |
| 2010 SUZUKIGRAND VITARA JX 4X4 | #11921-0. Loaded. | $19,995 |
| 2010 SUZUKISX4 SPORT | #12031. 4 door, loaded. | $15,995 |
| 2008 DODGEGRAND CARAVAN | #12030-0. Stow/go, DVD. | $16,995 |
| 2008 MERCEDES C3004MATIC | #11914-0. Leather , sunr oof. | $28,995 |
| 2007 NISSAN MURANO | #12004-0. AW D, loaded. | $19,995 |
| 2004 DODGE RAM 1500QUAD LARAMIE4X4 | #11T202-1. | $9,995 |
| 2008 FORDRANGER S/CAB FX4 | #11C072-1. Loaded. | $14,995 |

2006 FORDF350CREW CAB LARIAT 4X4
#C301169-1.
$25,995



2008 MERCEDES ML350
#11913-0. NAV/BU, loaded.
$37,995



2005 FORDE450 STARTRANS DIESEL
#11907-0. Equip w/lift gate.
$38,995



## CA RS

2011 SUZUKISX4 JA HB #11959-0
2011 SUZUKISX4 SDN #12005-0
2011 SUZUKISX4 AWD #11999-0. Loaded
2011 SUZUKISX4 SDM #11992-0
2011 SUZUKISX4 H/B #12008-0
2011 SUZUKISX4 H/B #11987-0
2011 SUZUKISX4 SDM #11981-0
2011 SUZUKISX4 SDM #11980-0
2011 SUZUKISX4 H/B #11370-0
2011 SUZUKISX4 JLX AWD #11944-0. Loaded
2011 SUZUKISX4 JX AWD #C300147-0. Loaded
2011 SUZUKISX4 JW AWD #12024-0
2011 TOYOTA CAMRY LE #12041-0
2010 CHRYSLER 300 TOURING #CN-0001
2010 FORDFOCUSSE #11C127-1. Loaded
2010 FORDFUSIONSE #12020-0. Loaded
2010 NISSANSENTRA #12047-0. 4 dr, loaded
2010 TOYOTA COROLLA #12021-0. Loaded
2010 HYUNDAI ACCENT #11928-0. 4 dr, GLS
2009 CHRYSLER PT CRUISER #12022-0
2008 MAZDA 3 #11977-0. GT, power roof
2008 MERCEDESB200 #11904-0. H/B, loaded
2008 TOYOTA MATRIX XR #12037-1. Loaded
2007 SUZUKISX4 H/B #11C023-1
2007 TOYOTA YARIS RS H/B #12023-1
2011 CHEVIMPALA LS #12001-0. Loaded
2007 TOYOTA CAMRY LE #11938-0. Power roof
2006 ACURARSX #11T104-1. Loaded
2003 SUZUKIAERIOH/B #11972-1
TOYOTA YARIS #11C178-2
2010 NISSANALTIMA 2.5S #12046-0
2008 PONTIACGRANDPRIX 4 DR. #12049-0
2007 NISSANALTIMA 2.5S #11965-0

## SUVS & TR UCKS

2011 SUZUKIGRANDVITARA 4X4 #11998-0
2011 SUZUKIGRANDVITARA JX 4X4 #11996-0
2011 SUZUKIGRANDVITARA JX 4X4 #11994-0
2011 SUZUKIGRANDVITARA JX 4X4 #11968-0
2011 SUZUKIGRANDVITARA JLX 4X4 #11989-0
2011 SUZUKIGRANDVITARA JX 4X4 #11T171-1
2010 SUZUKIGRANDVITARA JX #11974-0
2010 SUZUKIGRANDVITARA JLX-L 4X4 #11T119-1
2011 CHEVTRAVERSE LS #12033-0. Loaded, AW D
2010 FORDEXPLORER #12028-0. 7 passenger , EB, loaded
2008 DODGEDAKOTA CREW 4X4 #11976-0
2008 FORDESCAPE XLT #12045-0. Leather
2006 ACURAMDX #12051-0. Leather , 7 passenger
2006 DODGEDURANGOSLT 4X4 #11T088-2
2008 LEXUSRX350 AWD #CN0002
2005 FORDF150 XL 3 DR. #11C043-2

OIL & FILTER CHANGE WITH FREE NITROGEN TIRE FILL $52.95 ($102.90 value)

Apply @ MWSCREDIT.CA Your guaranteed approval!!

**780-450-4500**
34th AVE AUTO ROW | 3403-93 ST.
SPECIAL TOLL FREE 1-866-897-4500
All payments include taxes and fees on longest possible term available with $2000 down O.A.C.



Jessy Parihar — Nand Bhasin — Vijay Soni

---



# NEW way Stucco Ltd.

*Quality work at reasonable rates.*



We do Splash Dash Stucco and Acrylic.
For Free estimates, Call:

**Baljit**

Ph: 780-708-1436 Fax: 780-462-0691

---

# Moga Painting Company

Serving Since 1985

Experts in Interior & Exterior Paint



**Residential & Commercial**

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070

---

Residential | Commercial | Investment Properties

**Home Life/United Realty Inc.** Brokerage
*Independently Owned & Operated.*

*Higher Standards Agents... Higher Results™*



Sales Representative

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Harinder Hundal
M.Sc. Eco, M.B.A

MLS MULTIPLE LISTING SERVICE REALTOR

50 Sunny Vale Gate, Unit # 7,
Brampton, ON L6S 0C4

---

# ਮੁਲਾਕਾਤ
*Productions*

ਟੀ.ਵੀ ਪ੍ਰੋਗਰਾਮ ਮੁਲਾਕਾਤ

**Aired on VISION TV**
1:00 pm to 1:30 pm
(Alberta Time / Every Saturday)



*Charanjit Brar*
Producer & Host
Ph: 647 300 8436
cbrar@rogers.com


Beaumont - 20 mins, FT Sask - 15 mins, Spruce Grove - 30 mins, ST Albert - 25 mins, Leduc - 30 mins, Morinville - 30 mins
Ardrossan - 10 mins, Edmonton - 15 mins, Beaumont - 20 mins, FT Sask - 15 mins, Spruce Grove - 30 mins, ST Albert - 25 mins
All roads lead to
SHERWOOD Ford
now open
www.sherwoodford.ca
2012 RAPTORS IN STOCK!
DARE TO COMPARE
2011 F350 CREW CAB XLT 4X4 V8
Only 2 to choose from at this price!
MSRP $53,959
STARTING AT $46,962
Delivery Allowance -($8,000)
Costco -($1,000)
YOU PAY: $37,962
V8
2011 F150 XLT 4X4
6 to choose from!
MSRP $43,069
STARTING AT $37,985
Delivery Allowance -($9,500)
Costco -($1,000)
YOU PAY: $27,485
2012 ESCAPE XLT
3 to choose from!
MSRP $28,449
STARTING AT $25,869
Delivery Allowance -($4,000)
Costco -($1,000)
YOU PAY: $20,869
THE Ford CHOICE IS YOURS
CERTAIN DATE RESTRICTIONS APPLY. OFFERS NOT AVAILABLE AT THE SAME TIME
JANUARY 16-30 CHOOSE
PURCHASE FINANCING AS LOW AS 0% APR
OR
JANUARY 31 CHOOSE
$9,500 MANUFACTURER REBATES
COSTCO WHOLESALE
ELIGIBLE COSTCO MEMBERS RECEIVE $1,000
ON MOST 2011 AND 2012 FORD VEHICLES. VISIT FORDCOSTCO.CA
PRE-OWNED VEHICLES
2011 EDGE LTD AWD
#F F7960
Leather, roof, navigation
$37,995
ONLY 25,231 KMS
2010 ESCAPE XLT 4X4
#O S1136
62,000 kms
$18,991
2010 FUSION
With moonroof, Automatic, air, cruise, tilt, pw, pdl, Factory Warranty!
#O S4711
$14,989
2012 FOCUS TITANIUM
Loaded, heated leather, sunroof
#F F3648
$23,894
2010 F150 KING RANCH S/CREW
Navigation, sunroof
#C 0411A
$30,989
2008 RAM 1500 LARAMIE
Leather, moonroof, hemi, loaded!
#B 2465A
$22,995
2011 F150 HARLEY DAVIDSON
Only 33,064 kms
#F F8091
$51,995
2007 EDGE SEL AWD
Heated leather seats, panoramic roof
#C 0146A
$17,998
PARTS & SERVICE NOW OPEN ON SATURDAYS 8:30 am - 4:00pm Call to Book Your Appointment
One of Canada's Fastest Growing Dealers & Canada's #1 SVT Dealer
THE GIANT
OVER 9 ½ ACRES OF NEW & USED VEHICLES
Out of respect to our employees' families, WE WILL NO LONGER BE OPEN SUNDAYS.
Ford SVT SPECIAL VEHICLE TEAM
1.877.424.3673
ROUSH
2540 Broadmoor Blvd.
Monday - Thursday 9am - 9pm
Friday & Saturday 9am - 6pm
sherwoodford.ca
Alberta Motor Vehicle Industry Council
All roads lead to SHERWOOD Ford
One of Canada's Largest Roush and Shelby Inventories

# ADVANCE DRIVING SCHOOL & LIMOS

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

**780-660-4090**

# 202-3456 91 St. Edmonton, AB




## Home Renovations

A1

**Our Services**

- Basement Development
- General Carpentry
- Electrical & Plumbing
- Drywall - Mud & Tape, Texturing
- Kitchen & Bathroom Remodeling
- Flooring - Hardwood, Laminate, Tile, Carpet
- Painting - Interior, Exterior

**We specialize in commercial and residential renovations.**

Over 15 years in the industry, customer satisfaction is our #1 goal. We are licensed, insured, BBB members with WCB coverage.

**Call us today for a free estimate!**

780.484.8885

*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB
CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

## ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

### ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਪੰਜਾਬੀ ਦੇ ਕਿਹੜੇ ਲੇਖਕ ਨੂੰ ਹੁਣੇ ਜਿਹੇ ਪਦਮਸ਼੍ਰੀ ਸਨਮਾਨ ਦੇਣ ਦਾ ਐਲਾਨ ਹੋਇਆ ਹੈ?
2 ਪੰਜਾਬ ਦਾ ਕਿਹੜਾ ਮੁੱਖ ਮੰਤਰੀ ਕਦੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਪ੍ਰਧਾਨ ਵੀ ਰਿਹਾ ਹੈ?
3 ਕੌਮਾਂਤਰੀ ਬੋਲੀ ਦਿਵਸ ਕਦੋਂ ਮਨਾਇਆ ਜਾਂਦਾ ਹੈ?
4 'ਲਹੂ ਦੀ ਲੋਅ' ਨਾਵਲ ਕਿਸ ਪੰਜਾਬੀ ਲੇਖਕ ਦੀ ਰਚਨਾ ਹੈ?
5 ਪੰਜਾਬ ਰਾਜ ਭਾਸ਼ਾ ਐਕਟ ਕਦੋਂ ਬਣਿਆ ਸੀ?

ਸਾਡਾ ਪਤਾ-

**Nawi Dunia**
**2nd Floor 3448 - 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
**e-mail: info@nawidunia.com**

### ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ____________________
ਪਤਾ ____________________
ਫੋਨ ਨੰਬਰ __________
ਸਕੂਲ ਦਾ ਨਾਮ ______________
ਗ੍ਰੇਡ ______________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਮਿਤੀ______ ਵਿਦਿਆਰਥੀ ਦੇ ਦਸਤਖ਼ਤ ______________

ਜੇਤੂਆਂ ਦੇ ਨਾਮ : ਅਰਮਾਨਦੀਪ ਸਿੰਘ, ਬਲਜੀਤ ਸਿੰਘ ਅਤੇ ਬਹਾਦਰ ਸਿੰਘ

## Matrimonial

### ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields. E-mail: rnnahal@gmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

### ਕੰਨਿਆ ਦੀ ਲੋੜ

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

### ਵਰ ਦੀ ਲੋੜ

ਕਨੇਡੀਅਨ ਇਮੀਗ੍ਰਾਂਟ ਸੁਨਿਆਰ ਲੜਕੀ 5'/5" , 29 ਸਾਲ ਲਈ ਯੋਗ ਵਰ ਦੀ ਲੋੜ ਹੈ, ਪਰ ਉਹੀ ਸੰਪਰਕ ਕਰਨ ਜੋ ਭਾਰਤ ਰਹਿੰਦੇ 35 ਸਾਲਾ ਭਰਾ ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਚਾਹਵਾਨ 780-200-5013 'ਤੇ ਸੰਪਰਕ ਕਰ ਸਕਦੇ ਹਨ।

------

ਦਰਜੀ ਸਿੱਖ, ਉਮਰ 38 ਸਾਲ, ਕੱਦ 5 ਫੁੱਟ 4 ਇੰਚ, ਕੈਨੇਡਾ ਦੀ ਸਿਟੀਜਨ ਤਲਾਕਸੁਦਾ ਲੜਕੀ ਲਈ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਕਰੋ : 403 984 2868

## Classified Plus

### Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

### 2 Story House For Sale By Owner In Leduc

sold

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

****

### HOUSE FOR RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

### ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।




## City Estates

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)
011 91 98147 11263 or 011 91 98729 73304

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ

ਲੜੀ ਨੰਬਰ : 3

# ਵੇਖਿਆ ਸ਼ਹਿਰ ਬੰਬਈ


ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸ ਹਰ ਸ਼ਾਮ ਮੇਰੇ ਹੋਟਲ ਆ ਜਾਣਾ ਤੇ ਨਾਲ ਹੀ ਲੈ ਆਉਣੀ ਅਪਣੀ ਗਰਲ ਫਰੈਂਡ ਪ੍ਰਭਾ ਸ਼ਰਮਾ। ਦੋਹਾਂ ਨੇ ਰਲ ਕੇ ਤਕਰੀਬਨ ਪੌਣੀ ਬੋਤਲ ਦਾਰੂ ਦੀ ਛਕ ਜਾਣੀ। ਮੁਰਗੇ ਦੀਆਂ ਲੱਤਾਂ ਖਾ ਕੇ ਡਕਾਰ ਮਾਰਨੇ, ਤੰਦੂਰ ਵਿਚ ਭੁੱਜੀਆਂ ਮੱਛੀਆਂ ਪਿਆਜ਼ੀ ਚਟਣੀਆਂ ਨਾਲ ਖਾ-ਖਾ ਮੇਰੇ ਡਿੱਗੇ ਹੌਸਲੇ ਨੂੰ ਬੁਲੰਦ ਕਰਨਾ। ਗੱਲਾਂ ਨਾਲ ਹਵਾਈ ਮਹੱਲ ਬਣਾ ਕੇ ਵਿਖਾਉਣੇ। ਪ੍ਰਭਾ ਜੋ ਫ਼ਿਲਮਾਂ ਵਿਚ ਛੋਟੇ ਮੋਟੇ ਰੋਲ ਕਰਿਆ ਕਰਦੀ ਸੀ, ਉਸ ਗਲਾਸੀ ਨਾਲ ਗਲਾਸੀ ਟਕਰਾਉਂਦਿਆਂ ਕਹਿਣਾ, "ਸੱਗੂ ਸਾਹਿਬ ਗਮ ਨਾ ਲਾਵੋ, ਇਹ ਬੰਬਈ ਸ਼ਹਿਰ ਹੈ, ਇਹ ਫ਼ਿਲਮੀ ਦੁਨੀਆ ਹੈ, ਇੱਥੇ ਹਰ ਕੋਈ ਐਕਟਰ ਹੈ, ਫ਼ਿਲਮਾਂ ਵਿਚ ਵੀ ਉਹ ਐਕਟਿੰਗ ਕਰਦਾ ਹੈ ਤੇ ਅਸਲੀ ਜ਼ਿੰਦਗੀ ਵਿਚ ਵੀ ਉਸਦੇ ਅੰਦਰ ਐਕਟਰ ਵੜਿਆ ਰਹਿੰਦਾ ਹੈ। ਇੱਥੇ ਚੜ੍ਹਦੇ ਸੂਰਜ ਨੂੰ ਸਲਾਮਾਂ ਹਨ... ਕੋਈ ਕਿਸੇ ਦਾ ਯਾਰ ਦੋਸਤ ਨਹੀਂ, ਸਿਰਫ ਪੈਸਾ ਹੀ ਦੋਸਤ ਹੈ।

ਫਿਰ ਇਕ ਸ਼ਾਮ ਕਹਿਣ ਲੱਗੀ, "ਮੇਰੇ ਵੱਲ ਵੇਖੋ ਮੈਂ ਕਿੰਨਾ ਸਟਰਗਲ ਕੀਤਾ ਹੈ, ਚਾਰ ਸਾਲ ਪਹਿਲਾਂ ਮੈਂ ਇਕ ਫ਼ਿਲਮ ਵਿਚ ਧਰਮਿੰਦਰ ਦੀ ਗੁਆਂਢਣ ਦਾ ਛੋਟਾ ਜਿਹਾ ਰੋਲ ਕੀਤਾ ਸੀ, ਅੱਜ ਕੱਲ੍ਹ ਸਾਲੀ ਦਾ ਕਰ ਰਹੀ ਹਾਂ ਤੇ ਕੀ ਪਤਾ ਕੱਲ੍ਹ ਨੂੰ ਉਸਦੀ ਪ੍ਰੇਮਿਕਾ ਦਾ ਰੋਲ ਵੀ ਮਿਲ ਜਾਵੇ।"

"ਅਜੇ ਕੁਝ ਸਾਲ ਪਹਿਲਾਂ ਅਮਿਤਾਭ ਬਚਨ ਨੂੰ ਕੋਈ ਸਟੂਡੀਓ ਨਹੀਂ ਸੀ ਵੜਨ ਦਿੰਦਾ, ਅਖੇ ਇਹ ਲੰਬਾ ਊਠ ਹੀਰੋ ਬਣਨ ਦੇ ਕਾਬਿਲ ਨਹੀਂ ਪਰ ਅੱਜ ਉਹ ਹੀ ਅਮਿਤਾਭ ਸਾਰੀ ਫ਼ਿਲਮੀ ਦੁਨੀਆ 'ਤੇ ਛਾਇਆ ਹੋਇਆ ਹੈ...।"

ਸੱਗੂ ਸਾਹਿਬ, ਤੁਸੀਂ ਵੀ ਕੋਈ ਫ਼ਿਲਮ ਬਣਾਓ, ਫਿਰ ਤੁਸੀਂ ਵੀ ਇਕ ਦਿਨ ਛਾ ਜਾਓਗੇ, ਇਹ ਜੋ ਐਕਟਰ ਤੁਹਾਨੂੰ ਮਿਲਣਾ ਨਹੀਂ ਚਾਹੁੰਦੇ ਤੁਹਾਡੇ ਦਫ਼ਤਰ ਆਇਆ ਕਰਨਗੇ। ਹੇਮਾ, ਜ਼ੀਨਤ ਤੇ ਰੇਖਾ ਤੁਹਾਨੂੰ ਲੱਭਦੀਆਂ ਫਿਰਨਗੀਆਂ, ਬਸ ਸਿਰਫ ਤੁਹਾਡੀ ਸਿਰਫ਼ ਇਕ ਫ਼ਿਲਮ ਹਿੱਟ ਹੋਣ ਦੀ ਲੋੜ ਹੈ... ਤੁਸੀਂ ਫ਼ਿਲਮ ਜ਼ਰੂਰ ਬਣਾਓ ਸੱਗੂ ਸਾਹਿਬ, ਹਿੱਟ ਕਰਨਾ ਸਾਡਾ ਕੰਮ, ਅਸੀਂ ਤੁਹਾਡੇ ਨਾਲ ਹਾਂ, ਜਿਹੜਾ ਐਕਟਰ ਕਹੋ ਫੜ ਕੇ ਲੈ ਆਵਾਂਗੇ।

ਇਸ ਵੇਲੇ ਤੱਕ ਮੈਂ ਵੀ ਦੋ ਤਿੰਨ ਪੈੱਗ ਲਾਏ ਹੁੰਦੇ। ਅੱਖਾਂ ਵਿਚ ਸਰੂਰ, ਅਪਣੇ ਆਪ ਨੂੰ ਮੈਂ ਪ੍ਰੋਡਿਊਸਰ ਬਣਿਆ ਵੇਖਣ ਲੱਗਦਾ ਤੇ ਇਹ ਹੀਰੋਇਨਾਂ ਮੇਰੇ ਅੱਗੇ ਪਿੱਛੇ ਘੁੰਮ ਰਹੀਆਂ ਹੁੰਦੀਆਂ।

ਫਿਰ ਇਕ ਸ਼ਾਮ ਪ੍ਰਭਾ ਤੇ ਅਮ੍ਰਿਤਪਾਲ ਇਕ ਬੰਗਾਲੀ ਡਾਇਰੈਕਟਰ ਸੁਨੀਲ ਘੋਸ਼ ਤੇ ਸਟੋਰੀ ਰਾਈਟਰ ਗੁਰਚਰਨ ਚਾਵਲਾ ਨੂੰ ਲੈ ਆਏ। ਅਸੀਂ ਇਕ ਛੋਟੀ ਫ਼ਿਲਮ ਬਣਾਉਣ ਦਾ ਪ੍ਰੋਗਰਾਮ ਉਲੀਕ ਲਿਆ, ਜਿਸ ਦਾ ਬਜਟ ਪੰਝੀ-ਤੀਹ ਲੱਖ ਰੁਪਏ ਰੱਖਿਆ। ਪੌਂਡ ਦਾ ਭਾਅ ਉਹਨੀਂ ਦਿਨੀਂ ਪੈਂਤੀ ਕੁ ਰੁਪਏ ਦਾ ਹੁੰਦਾ ਸੀ, ਮੈਂ ਹਿਸਾਬ ਕਿਤਾਬ ਲਾਉਣ ਲੱਗਿਆ।

ਮੈਨੂੰ ਸੋਚਾਂ ਵਿਚ ਪਏ ਵੇਖ ਕੇ ਸੁਨੀਲ ਘੋਸ਼ ਕਹਿਣ ਲੱਗਾ, ਤੁਹਾਨੂੰ ਸਿਰਫ਼ ਪਹਿਲੇ ਅੱਠ ਦਸ ਲੱਖ ਲਾਉਣ ਦੀ ਹੀ ਲੋੜ ਹੈ, ਐਕਟਰਾਂ ਨੂੰ ਵੀਹ ਵੀਹ ਹਜ਼ਾਰ ਰੁਪਿਆ ਦੇ ਕੇ ਸਾਈਨ ਕਰਨਾ ਹੈ, ਫ਼ਿਲਮ ਅਨਾਊਂਸ ਕਰਨੀ ਹੈ। ਮਹੂਰਤ ਵੇਲੇ ਤੱਕ ਡਿਸਟਰੀਬਿਊਟਰਾਂ ਨੇ ਤੁਹਾਡੀ ਫਿਲਮ ਖਰੀਦ ਲੈਣੀ ਹੈ ਤੇ ਜਿਵੇਂ ਜਿਵੇਂ ਫ਼ਿਲਮ ਦੀ ਸ਼ੂਟਿੰਗ ਹੋਇਆ ਕਰੇਗੀ, ਉਹ ਅਪਣੀਆਂ ਕਿਸ਼ਤਾਂ ਦਿੰਦੇ ਰਿਹਾ ਕਰਨਗੇ ... ਫ਼ਿਲਮ ਦਾ ਮਿਊਜ਼ਿਕ ਵੀ ਵਿਕ ਜਾਵੇਗਾ, ਉਧਰੋਂ ਵੀ ਤੁਹਾਨੂੰ ਪੈਸਾ ਜਿਵੇਂ ਜਿਵੇਂ ਆਇਆ ਕਰੇਗਾ, ਤੁਸੀਂ ਗਾਣੇ ਰਿਕਾਰਡ ਕਰਵਾਇਆ ਕਰੋਗੇ... ਬਸ ਫ਼ਿਲਮ ਦਾ ਨਾਂ ਅਨਾਊਂਸ ਕਰਨ ਦੀ ਲੋੜ ਹੈ ਤੇ ਫਿਰ ਵੇਖੋ ਕਿਵੇਂ ਭੱਜੇ ਆਉਂਦੇ ਨੇ ਸਾਰੇ।

ਸਟੋਰੀ ਰਾਈਟਰ ਚਾਵਲਾ ਪੈੱਗ ਚੁੱਕ ਕੇ ਕਹਿਣ ਲੱਗਾ, "ਮੇਰੇ ਕੋਲ ਸੁਪਰ ਡੁਪਰ ਫ਼ਿਲਮ ਦੀ ਕਹਾਣੀ ਹੈ, ਜੇ ਮੈਂ ਇਹ ਸਟੋਰੀ ਅਮਿਤਾਭ ਨੂੰ ਵੀ ਸੁਣਾ ਦੇਵਾਂ ਤਾਂ ਉਹ ਵੀ ਹਾਂ ਕਰ ਦੇਵੇਗਾ... ਕਿਆ ਕਹਾਣੀ ਹੈ, ਕਿਆ ਸੀਨ ਹੈ ਮੈਂ ਲਿਖਿਆ, ਜਦ ਹੀਰੋ ਹੈਲੀਕਾਪਟਰ 'ਤੇ ਆ ਕੇ ਸਮੁੰਦਰ ਵਿਚ ਡੁੱਬ ਰਹੀ ਹੀਰੋਇਨ ਨੂੰ ਕੱਢ ਕੇ ਲੈ ਜਾਂਦਾ ਹੈ-ਹੀਰੋਇਨ ਦਾ ਭਿੱਜਿਆ ਹੋਇਆ ਬਦਨ, ਨੁੱਚੜ ਰਹੇ ਕੱਪੜੇ ਤੇ ਵਿਚਿਉਂ ਦਿਸ ਰਹੇ ਉਸਦੇ ਅੰਗ... ਹੀਰੋ ਦਾ ਕਲਾਵਾ... ਜੱਫੀ... ਉਹ ਉਹਦੇ ਨਾਲ ਚਿਪਕੀ ਹੋਈ ਤੇ ਹਵਾ ਵਿਚ ਉਡਦਿਆਂ ਹੀ ਧੱਕ ਧੱਕ ਕਰਦਾ ਗਾਣਾ.... ਸਾਰਾ ਹਾਲ ਤਾਲੀਆਂ ਨਾਲ ਗੂੰਜ ਉਠੇਗਾ... ਸਿਰਫ ਇਹ ਸੀਨ ਵੇਖਣ ਲਈ ਹੀ ਲੋਕੀਂ ਵਾਰ-ਵਾਰ ਫ਼ਿਲਮ ਵੇਖਣਗੇ ਤੇ ਤੁਹਾਡੀ ਫ਼ਿਲਮ ਸੁਪਰ ਹਿੱਟ...।"

ਪ੍ਰਭਾ ਕਹਿਣ ਲੱਗੀ, "ਚਾਵਲਾ ਸਾਹਿਬ, ਸੁਪਰ ਹਿੱਟ ਨਹੀਂ, ਸੱਗੂ ਸਾਹਿਬ ਦੀ ਫ਼ਿਲਮ ਆਪਾਂ ਸੁਪਰ ਡੁਪਰ ਹਿੱਟ ਕਰਨੀ ਹੈ। ਸਟੋਰੀ ਵਿਚ ਤੁਸੀਂ ਐਸਾ ਧਮਾਕਾ ਕਰਿਓ, ਐਸੇ ਐਸੇ ਸੀਨ ਲਿਖਿਓ ਕਿ ਫ਼ਿਲਮ ਸਿਲਵਰ ਜੁਬਲੀ ਹੋਵੇ- ਨਹੀਂ ਸੱਚ ਗੋਲਡਨ ਜੁਬਲੀ ਮਨਾਵੇ।

ਹਾਲ ਤਾਲੀਆਂ ਨਾਲ ਗੂੰਜਣਗੇ ਤੇ ਨਾਲ ਹੀ ਗੂੰਜਣਗੇ ਸੱਗੂ ਸਾਹਿਬ, ਇਨ੍ਹਾਂ ਦੀ ਪਹਿਲੀ ਹੀ ਫ਼ਿਲਮ ਸੁਪਰ ਡੁਪਰ ਹਿੱਟ ਹੋਵੇਗੀ...।

– ਆਹ ਸੱਗੂ ਸਾਹਿਬ ਜ਼ਰਾ ਬੈੱਲ ਦੇ ਕੇ ਚਿਕਨ ਟਿੱਕੇ ਦਾ ਆਰਡਰ ਦੇ ਦੇਣਾ। ਚਾਵਲਾ ਸਾਹਿਬ ਤੁਸੀਂ ਕੀ ਖਾਓਗੇ... ਫਿਸ਼ ਫਰਾਈ ਜਾਂ ਗਰਿੱਲ? ਆਹ ਜ਼ਰਾ ਦੋ ਸੋਡੇ ਵੀ ਹੋਰ ਮੰਗਵਾ ਲੈਣਾ...

ਮੇਰੇ ਸਿਰ 'ਤੇ ਹੁਣ ਫ਼ਿਲਮ ਬਣਾਉਣ ਦਾ ਭੂਤ ਸਵਾਰ ਹੋ ਚੁੱਕਿਆ ਸੀ।

ਬੀਵੀ ਨੇ ਬਥੇਰਾ ਰੋਕਿਆ, "ਇਹ ਸਾਡਾ ਕੰਮ ਨਹੀਂ, ਇਹ ਸਭ ਲੋਕ ਡਰਾਮੇ ਕਰਦੇ ਨੇ, ਤੁਹਾਨੂੰ ਲੁੱਟ ਕੇ ਖਾ ਜਾਣਗੇ। ਇਹ ਪ੍ਰਭਾ ਤਾਂ ਮੈਨੂੰ ਚਾਲੂ ਲੱਗਦੀ ਹੈ, ਸ਼ਕਲ ਵੇਖੀ ਹੈ ਇਸ ਨੇ ਅਪਣੀ, ਅਖੇ ਧਰਮਿੰਦਰ ਦੀ ਹੀਰੋਇਨ ਬਣ ਜਾਵੇਗੀ ਇਕ ਦਿਨ, ਸਾਲੀ ... ਮੇਰਾ ਤਾਂ ਦਿਲ ਕਰਦਾ ਹੈ ਕਿ ਜੁੱਤੀ ਲਾਹ ਕੇ ਇਹਦੇ ਸਿਰ ਵਿਚ ਮਾਰਾਂ, ਕਿਵੇਂ ਪੀ ਕੇ ਬਕਵਾਸ ਕਰਦੀ ਆ...

ਪਰ ਮੈਨੂੰ ਬੀਵੀ ਦੀਆਂ ਇਹ ਨਸੀਹਤਾਂ ਬਕਵਾਸ ਲੱਗਦੀਆਂ।

"ਤੈਨੂੰ ਕੀ ਪਤਾ ਫ਼ਿਲਮਾਂ ਦਾ, ਬੰਦੇ ਨੇ ਕਾਮਯਾਬ ਹੋਣਾ ਹੋਵੇ ਤਾਂ ਇਹ ਸਭ ਡਰਾਮੇ ਕਰਨੇ ਹੀ ਪੈਂਦੇ ਨੇ। ਤੈਨੂੰ ਪਤਾ ਇਹ ਬੰਬਈ ਹੈ ਤੇ ਬੰਬਈ ਦਾ ਦੂਸਰਾ ਨਾਂ 'ਸਿਟੀ ਆਫ ਗੋਲਡ' ਹੈ, ਇੱਥੇ ਜਿਹੜੇ ਬੰਦੇ ਕਦੀ ਰਾਤਾਂ ਨੂੰ ਫੁਟਪਾਥਾਂ 'ਤੇ ਸੌਂਦੇ ਨੇ ਉਹੀ ਇਕ ਦਿਨ ਲੱਖਾਂ, ਕਰੋੜਾਂ ਤੇ ਅਰਬਾਂ ਦੇ ਮਾਲਕ ਬਣ ਜਾਂਦੇ ਨੇ, ਬਸ ਇਕ ਮਿਹਨਤ ਦੀ ਲੋੜ ਹੈ... ਤੇ ਇਕ ਚਾਨਸ ਦੀ ਲੋੜ ਹੈ। ਇਸੇ ਹੀ ਸ਼ਹਿਰ ਵਿਚ ਪਹਿਲੇ ਦੇਵਾ ਨੰਦ ਫੁੱਟਪਾਥ 'ਤੇ ਸੌਂਦਾ ਰਿਹਾ, ਧਰਮਿੰਦਰ ਨੂੰ ਦਾਦਰ ਦੇ ਇਕ ਢਾਬੇ ਦਾ ਮਾਲਕ ਸਰਦਾਰ ਮੁਫਤ ਖਾਣਾ ਖੁਆਉਂਦਾ ਰਿਹਾ, ਰਾਜੇਸ਼ ਖੰਨਾ ਇਕ ਟੁੱਟੀ ਜਿਹੀ ਝੌਂਪੜੀ ਵਰਗੇ ਕਮਰੇ ਵਿਚ ਸੌਂਦਾ ਸੀ, ਸੁਨੀਲ ਦੱਤ ਦਰ ਦਰ 'ਤੇ ਭਟਕਦਾ ਰਿਹਾ... ਆਪਾਂ ਤਾਂ ਫਿਰ ਵੀ ਇੰਗਲੈਂਡ ਰਹਿੰਦੇ ਆਂ, ਫ਼ਿਲਮ ਬਣਾਉਣੀ ਅਫੋਰਡ ਕਰ ਸਕਦੇ ਹਾਂ, ਨਾਲੇ ਇੰਨਾ ਪੈਸਾ ਲਗਣਾ ਨਹੀਂ ਜਿੰਨਾ ਤੂੰ ਸੋਚਦੀ ਏਂ ਤੇ ਐਵੇਂ ਡਰੀ ਜਾਨੀ ਏਂ... ਤੈਨੂੰ ਪਤਾ ਤਾਂ ਕਿਸੇ ਗੱਲ ਦਾ ਹੁੰਦਾ ਨਹੀਂ ਬਸ ਅਪਣੀ ਹੀ ਲੈਕਚਰਬਾਜ਼ੀ ਸ਼ੁਰੂ ਕਰ ਦਿਨੀ ਏਂ...

ਮੈਂ ਕਹਿਨਾ ਤੂੰ ਐਵੇਂ ਅਪਣੀ ਟੰਗ ਨਾ ਅੜਾਈਂ ਇਸ ਫ਼ਿਲਮ ਦੇ ਮਾਮਲੇ ਵਿਚ, ਮੈਂ ਫ਼ਿਲਮ ਬਣਾਵਾਂਗਾ ਤੇ ਤੈਨੂੰ ਕਾਮਯਾਬ ਹੋ ਕੇ ਵਿਖਾਵਾਂਗਾ।

ਤੂੰ ਇਕ ਦਿਨ ਖੁਸ਼ ਹੋਵੇਂਗੀ, ਪਰਾਊਡ ਹੋਏਂਗੀ ਮੇਰੇ 'ਤੇ ਫ਼ਿਲਮ ਸੁਪਰ ਹਿੱਟ ਹੋਏਗੀ... ਨਹੀਂ ਨਹੀਂ... ਸੁਪਰ ਹਿੱਟ ਨਹੀਂ... ਸੁਪਰ ਡੁਪਰ ਹਿੱਟ... ਹਾਂ ਹਾਂ ਸੁਪਰ ਡੁਪਰ ਹਿੱਟ।"

ਬੀਵੀ ਚੁੱਪ ਕਰਕੇ ਬੈਠ ਗਈ, ਉਸ ਦੀਆਂ ਅੱਖਾਂ ਵਿੱਚੋਂ ਹੰਝੂ ਟਪਕ ਆਏ, ਸ਼ਾਇਦ ਮੈਂ ਕੁਝ ਜ਼ਿਆਦਾ ਹੀ ਬੋਲ ਗਿਆ ਸਾਂ ਜਾਂ ਉਸ ਨੂੰ ਆਉਣ ਵਾਲਾ ਸਮਾਂ ਸਾਹਮਣੇ ਵਿਖਾਈ ਦੇ ਰਿਹਾ ਸੀ ਜਾਂ ਮੇਰੇ ਆਉਣ ਵਾਲੇ ਔਖੇ ਪੈਂਡਿਆਂ ਲਈ ਹੰਝੂ ਵਹਾ ਰਹੀ ਸੀ।

ਲੰਡਨ ਵਾਪਿਸ ਆਉਣ ਤੋਂ ਪਹਿਲਾਂ ਅਸੀਂ ਫ਼ਿਲਮ ਵੀ ਸਟਾਰ ਕਾਸਟ ਤੈਅ ਕਰ ਲਈ, ਛੋਟੀ ਫ਼ਿਲਮ ਲਈ ਸਸਤੇ ਹੀ ਐਕਟਰ। ਹੀਰੋ ਲਈ ਅਸੀਂ ਰਾਜਿੰਦਰ ਕੁਮਾਰ ਦੇ ਬੇਟੇ ਕੁਮਾਰ ਗੌਰਵ ਨੂੰ ਲਿਆ ਤੇ ਹੀਰੋਇਨ ਲਈ ਪੂਨਮ ਢਿੱਲੋਂ। ਦੋਨਾਂ ਦੀ ਮਾਰਕੀਟ ਪਰਾਈਸ ਇਸ ਵੇਲੇ ਬਹੁਤ ਘੱਟ ਸੀ, ਕੋਈ ਵੀ ਫ਼ਿਲਮ ਉਨ੍ਹਾਂ ਦੀ ਹਿੱਟ ਨਹੀਂ ਸੀ ਹੋ ਰਹੀ।

ਮਿਊਜ਼ਿਕ ਡਾਇਰੈਕਟਰ ਲਈ ਅਪਣੇ ਵਕਤ ਦੇ ਸਭ ਤੋਂ ਮਸ਼ਹੂਰ ਕਲਿਆਣ ਜੀ ਆਨੰਦ ਜੀ ਨੂੰ ਅਸਾਂ ਸੋਚ ਲਿਆ, ਉਹਨਾਂ ਦੀ ਮਾਰਕੀਟ ਵੀ ਇਸ ਵੇਲੇ ਡਾਊਨ ਹੋਈ ਹੋਈ ਸੀ। ਬਾਕੀ ਦੀ ਕਾਸਟ ਤੇ ਪ੍ਰੋਡਕਸ਼ਨ ਦਾ ਸਾਰਾ ਕੰਮ ਦੇਖ ਭਾਲ ਲਈ ਮੈਂ ਸੁਨੀਲ ਘੋਸ਼ ਤੇ ਅੰਮ੍ਰਿਤਪਾਲ ਨੂੰ ਕਹਿ ਦਿੱਤਾ।

ਹੁਣ ਫ਼ਿਲਮ ਦਾ ਪ੍ਰੋਜੈਕਟ ਤਿਆਰ ਸੀ, ਅਸਾਂ ਸ਼ਾਮ ਨੂੰ ਗਲਾਸਾਂ ਨਾਲ ਗਲਾਸ ਟਕਰਾਏ... ਚੀਅਰਜ਼

ਸਾਡੇ ਸਾਰਿਆਂ ਦੀਆਂ ਅੱਖਾਂ ਵਿਚ ਬਣਨ ਵਾਲੀ ਫ਼ਿਲਮ ਦਾ ਨਸ਼ਾ ਸੀ।

ਮੈਂ ਅਪਣੀ ਬੀਵੀ ਰਾਣੀ ਨੂੰ 'ਜਿਨ ਐਂਡ ਟੌਨਿਕ' ਦਾ ਇਕ ਛੋਟਾ ਜਿਹਾ ਪੈਗ ਬਣਾ ਕੇ ਦਿੱਤਾ ਤੇ ਕਿਹਾ, "ਲੈ ਤੂੰ ਵੀ ਕਰ ਸਾਡੇ ਨਾਲ ਚੀਅਰਜ਼।"


ਗੁਰਚਰਨ ਸਿੰਘ ਸੱਗੂ ਆਪਣੀ ਪਤਨੀ ਨਾਲ।

ਪਰ ਰਾਣੀ ਚੁੱਪ ਸੀ।

ਬੱਚੇ ਚੁੱਪ ਸਨ।

ਦੂਸਰੇ ਦਿਨ ਸਾਡੀ ਲੰਡਨ ਵਾਪਸੀ ਸੀ। ਜਹਾਜ਼ ਬੰਬਈ ਉੱਪਰੋਂ ਉੱਡ ਰਿਹਾ ਸੀ। ਮੈਂ ਦੂਰ ਥੱਲੇ ਵੇਖ ਰਿਹਾ ਸਾਂ 'ਸਿਟੀ ਔਫ ਗੋਲਡ'।

---

ਲੰਡਨ ਵਾਪਿਸ ਆ ਕੇ ਹੁਣ ਮੇਰਾ ਦਿਲ ਨਾ ਲੱਗੇ, ਹਰ ਰੋਜ਼ ਬੰਬਈ ਤੋਂ ਫੂਨ ਆਉਣ ਲੱਗ ਪਏ। ਅਜੇ ਤੁਸੀਂ ਤਿੰਨ ਲੱਖ ਭੇਜ ਦਿਓ- ਦੋ ਲੱਖ ਅਗਲੇ ਹਫ਼ਤੇ ਭੇਜ ਦੇਣਾ... ਅੱਜ ਇਸ ਨੂੰ ਸਾਈਨ ਕਰ ਲਿਆ ਹੈ ... ਕੱਲ੍ਹ ਨੂੰ ਵਿਲਨ ਸਾਈਨ ਕਰਨ ਜਾਣਾ ਹੈ... ਕਲਿਆਣ ਜੀ ਆਨੰਦ ਜੀ ਨਾਲ ਵੀ ਮੀਟਿੰਗ ਤੈਅ ਹੋ ਗਈ ਹੈ।

ਅੱਜ ਐਤਵਾਰ ਦਾ ਦਿਨ ਸੀ। ਸਾਰਾ ਦਿਨ ਆਰਾਮ ਹੀ ਕੀਤਾ ਸੀ। ਮੂਡ ਵੀ ਬੜਾ ਸੈੱਟ ਤੇ ਮਾਹੌਲ ਵੀ ਬੜਾ ਖੁਸ਼ਗਵਾਰ ਸੀ। ਬੜੀ ਸੁਹਣੀ ਸ਼ਾਮ ਸੀ, ਘਰ ਦੇ ਪਿਛਲੇ ਪਾਸੇ ਲੱਗੇ ਵੱਡੇ ਵੱਡੇ ਰੁੱਖਾਂ ਦੇ ਪੱਤੇ ਲਹਿਰਾ ਰਹੇ ਸਨ, ਸਾਹਮਣੇ ਪਾਣੀ ਦੇ ਫੁਹਾਰੇ ਚੱਲ ਰਹੇ ਸਨ, ਪੌਂਡ ਵਿਚ ਰੰਗ ਬਰੰਗੀਆਂ ਮਛਲੀਆਂ ਤੈਅ ਰਹੀਆਂ ਤੇ ਬੱਚੇ ਸਵਿਮਿੰਗ ਪੂਲ ਵਿਚ ਤਾਰੀਆਂ ਲਾ ਰਹੇ ਸਨ।

ਇੱਧਰ ਗੁਲਾਮ ਅਲੀ ਦੀ ਕੋਈ ਗ਼ਜ਼ਲ ਮੈਂ ਕੈਸਿਟ 'ਤੇ ਲਾ ਕੇ ਠੰਡੀ ਬੀਅਰ ਦੇ ਘੁਟ ਭਰ ਰਿਹਾ ਸਾਂ... ਅੱਖਾਂ ਬੰਦ ਸਨ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਗਵਾਚਾ ਹੋਇਆ ਸਾਂ ਕਿ ਰਾਣੀ ਨੇ ਕੋਲ ਆ ਕੇ ਇਸ ਮਾਹੌਲ ਨੂੰ ਤੋੜ ਦਿੱਤਾ। ਕਹਿਣ ਲੱਗੀ ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ ਜੇ ਤੁਹਾਡਾ ਮੂਡ ਠੀਕ ਹੋਵੇ ਤਾਂ...

ਅੱਜ ਨਾਲੋਂ ਵਧੀਆ ਮੂਡ ਕਦੋਂ ਠੀਕ ਹੋ ਸਕਦੈ... ਚੀਅਰਜ਼ ... ਤੇ ਮੈਂ ਬੀਅਰ ਦਾ ਘੁੱਟ ਹੋਰ ਭਰ ਲਿਆ।

"ਮੈਂ ਤੁਹਾਨੂੰ ਕਿੰਨੇ ਦਿਨਾਂ ਤੋਂ ਦੱਸਣਾ ਸੋਚ ਰਹੀ ਸੀ..."

"ਉਹ ਦੱਸ ਵੀ ਬੁਝਾਰਤਾਂ ਨਾ ਪਾ।"

"ਪਰ ਪਹਿਲੇ ਅੱਖਾਂ ਬੰਦ ਕਰੋ।"

"ਆਹ ਲੈ ਕਰ ਲਈਆਂ।"

... ਮੈਂ ਤਿੰਨ ਮਹੀਨਿਆਂ ਦੀ ਪ੍ਰੈਗਨਿੰਟ ਹਾਂ, ਬੱਚਿਆਂ ਸਾਹਮਣੇ ਗੱਲ ਕਰਨ ਤੋਂ ਸ਼ਰਮ ਆ ਰਹੀ ਸੀ।

ਪ੍ਰੈਗਨਿੰਟ?

ਤੂੰ?

ਇਸ ਵੇਲੇ?

ਰੁੱਖਾਂ ਦੇ ਹਿਲਦੇ ਪੱਤੇ ਖੜ੍ਹ ਗਏ ਸਨ, ਫੁਹਾਰਾ ਬੰਦ ਹੋ ਗਿਆ ਸੀ, ਰੰਗ ਬਰੰਗੀਆਂ ਮਛੀਆਂ ਇਕ ਖੂੰਜੇ ਲੱਗ ਗਈਆਂ, ਬੱਚੇ ਸਵਿਮਿੰਗ ਪੂਲ 'ਚੋਂ ਬਾਹਰ ਆ ਗਏ ਸਨ।

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਏ। ਇਹ ਸੋਚਦਿਆਂ ਸੋਚਦਿਆਂ ਹੀ ਤਿੰਨ ਚਾਰ ਹਫਤੇ ਹੋਰ ਲੰਘ ਗਏ। ਜੇ ਅਸੀਂ ਬੱਚੇ ਨੂੰ ਆਉਣ ਦਿੰਦੇ ਹਾਂ ਤਾਂ ਮੇਰਾ ਫ਼ਿਲਮ ਦਾ ਕੀਤਾ ਪਲਾਨ ਖਤਮ ਹੋ ਜਾਵੇਗਾ, ਫ਼ਿਲਮ ਲਈ ਲੱਗੇ ਪੰਜ ਛੇ ਲੱਖ ਰੁਪਏ ਵੀ ਖੂਹ ਵਿਚ ਪੈ ਜਾਣਗੇ। ਆਖਰ ਰਾਣੀ ਨੇ ਹੀ ਤਾਂ ਪਿੱਛੇ ਸਾਰੇ ਬਿਜਨਿਸ ਨੂੰ ਸਾਂਭਣਾ ਸੀ, ਘਰ ਸਾਂਭਣਾ ਸੀ, ਬੱਚਿਆਂ ਦਾ ਧਿਆਨ ਕਰਨਾ ਸੀ। ਇਸ ਹਾਲਤ ਵਿਚ ਭਲਾ ਉਹ ਇਹ ਸਭ ਕੁਝ ਕਿਵੇਂ ਕਰ ਸਕਦੀ ਸੀ।

ਬੱਚਾ ਪਿਆਰਾ ਸੀ ਜਾਂ ਫ਼ਿਲਮ ਤੇ ਮੈਂ ਫ਼ਿਲਮ ਨੂੰ ਤਰਜੀਹ ਦੇ ਕੇ ਉਸਦੇ ਪੇਟ ਵਿਚ ਪਲ ਰਹੇ ਚਾਰ ਮਹੀਨੇ ਦੇ ਮਾਸੂਮ ਨੂੰ ਕਤਲ ਕਰਵਾ ਦਿੱਤਾ।

ਮੇਰੀ ਜ਼ਿੰਦਗੀ ਦਾ ਇਹ ਸਭ ਤੋਂ ਵੱਧ ਕਾਲਾ ਦਿਨ ਸੀ, ਮਨਹੂਸ ਦਿਨ, ਜਿਸਦੇ ਨਤੀਜੇ ਮੈਨੂੰ ਪਲ ਪਲ ਭੁਗਤਣੇ ਪਏ। ਇਕ ਮਾਸੂਮ ਜ਼ਿੰਦਗੀ ਦਾ ਕਤਲ ਕਰਕੇ ਮੈਂ ਅਪਣੀਆਂ ਲੱਖਾਂ ਖੁਸ਼ੀਆਂ ਦਾ ਕਤਲ ਕਰ ਦਿੱਤਾ ਸੀ। ਅਪਣੇ ਹੱਥੀਂ ਕਤਲ, ਰੋਸ਼ਨੀਆਂ ਦਾ ਕਤਲ, ਹਾਸਿਆਂ ਦਾ ਕਤਲ ਤੇ ਸਭ ਤੋਂ ਵੱਧ ਰਾਣੀ ਦੇ ਪਿਆਰ ਤੇ ਮਮਤਾ ਦਾ ਕਤਲ।

ਰਾਣੀ ਅਤੇ ਮੈਂ ਇਸ ਗਮ ਤੋਂ ਥੋੜ੍ਹਾ ਅਜੇ ਠੀਕ ਹੋ ਹੀ ਰਹੇ ਸਾਂ ਕਿ ਇਕ ਦਿਨ ਬੰਬਈ ਤੋਂ ਟੈਲੀਫੋਨ ਆਇਆ, "ਤੁਸੀਂ ਜਲਦੀ ਇਕ ਦੋ ਦਿਨਾਂ ਲਈ ਬੰਬਈ ਆ ਜਾਵੋ ਕਿਉਂਕਿ ਇਕ ਵੱਡਾ ਐਕਟਰ ਅਪਣੀ ਫਿਲਮ ਵਿਚ ਕੰਮ ਕਰਨ ਲਈ ਤਿਆਰ ਹੋ ਗਿਆ ਹੈ। ਤੁਹਾਡੀ ਸਿਰਫ ਉਸ ਨਾਲ ਮੀਟਿੰਗ ਕਰਵਾਉਣੀ ਹੈ ਤੇ ਇਸ ਤਰ੍ਹਾਂ ਦੋ ਚਾਰ ਦਿਨ ਬਾਅਦ ਮੈਂ ਫਿਰ ਬੰਬਈ ਵਿਚ ਸਾਂ।

ਸੁਨੀਲ ਘੋਸ਼ ਡਾਇਰੈਕਟਰ ਜਿਉ ਸੀ, ਉਸਦੀ ਗੱਲ ਮੈਨੂੰ ਸੁਣਨੀ ਪੈਣੀ ਸੀ। ਕਹਿਣ ਲੱਗਾ, "ਸੱਗੂ ਸਾਹਿਬ ਗੱਲ ਇਹ ਆ ਕਿ ਆਪਾਂ ਫ਼ਿਲਮ ਬਣਾਉਣੀ ਆ ਤੇ ਇਕ ਚੰਗੀ ਫ਼ਿਲਮ ਬਣਾਉਂਦਿਆਂ ਸ਼ੂਟਿੰਗ 'ਤੇ ਖਰਚਾ ਤਾਂ ਓਨਾ ਹੀ ਆਵੇਗਾ, ਮਿਊਜ਼ਿਕ 'ਤੇ ਵੀ ਓਨਾ ਹੀ, ਫਿਰ ਕਿਉਂ ਨਾ ਅਸੀਂ ਕੁਮਾਰ ਗੌਰਵ ਦੀ ਜਗ੍ਹਾ ਜੈਕੀ ਸ਼ਰਾਫ ਨੂੰ ਲੈ ਲਈਏ। ਉਹ ਸੁਭਾਸ਼ ਘਈ ਦਾ ਹਿੱਟ ਹੀਰੋ ਹੈ। ਉਸ ਦੀਆਂ ਸਾਰੀਆਂ ਫ਼ਿਲਮਾਂ ਬਾਕਸ ਆਫਿਸ 'ਤੇ ਕਾਮਯਾਬ ਹੋ ਚੁੱਕੀਆਂ ਹਨ, ਉਸਦਾ ਨਾਂ ਹੈ ਅੱਜ ਕੱਲ੍ਹ ਫ਼ਿਲਮ ਇੰਡਸਟਰੀ ਵਿਚ। ਪੂਨਮ ਢਿੱਲੋਂ ਵੀ ਹੁਣ ਢਿੱਲੀ ਪੈ ਚੁੱਕੀ ਏ ਉਸਦੀ ਕੋਈ ਖਾਸ ਡੀਮਾਂਡ ਨਹੀਂ। ਨੀਲਮ ਤੁਹਾਡਾ ਲੰਡਨ ਵਿਚ ਸ਼ੋਅ ਕਰ ਆਈ ਹੈ, ਉਸ ਨੂੰ ਤੁਸੀਂ ਮਨਾ ਲਵੋ। ਅਨੁਪਮ ਖੇਰ ਤੇ ਅਮਰੀਸ਼ ਪੁਰੀ ਨੂੰ ਵੀ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਜੇ ਆਪਾਂ ਇਨ੍ਹਾਂ ਸਾਰਿਆਂ ਨੂੰ ਲੈ ਲਈਏ ਤਾਂ ਸਾਡੀ ਫ਼ਿਲਮ ਤੀਸਰੇ ਦਰਜੇ ਦੀ ਫ਼ਿਲਮ ਤੋਂ ਉੱਠ ਕੇ ਪਹਿਲੀ ਕਤਾਰ ਦੀ ਬਣ ਜਾਵੇਗੀ।

ਹੀਰੋ ਜੈਕੀ ਸ਼ਰਾਫ, ਹੀਰੋਇਨ ਨੀਲਮ, ਅਮਰੀਸ਼ ਪੁਰੀ, ਅਨੁਪਮ ਖੇਰ, ਮਿਊਜ਼ਿਕ ਕਲਿਆਨ ਜੀ ਆਨੰਦ ਜੀ। ਟੌਪ ਦੀ ਸਟਾਰ ਕਾਸਟ, ਟੌਪ ਦਾ ਮਿਊਜ਼ਿਕ ਡਾਇਰੈਕਟਰ, ਡਿਸਟਰੀ ਬਿਊਟਰ ਨੱਠੇ ਆਉਣਗੇ, ਫ਼ਿਲਮ ਮਹੂਰਤ ਵੇਲੇ ਹੀ ਵਿਕ ਜਾਵੇਗੀ, ਤੁਹਾਨੂੰ ਪੱਲਿਓਂ ਜ਼ਿਆਦਾ ਪੈਸੇ ਲਾਉਣ ਦੀ ਲੋੜ ਵੀ ਨਹੀਂ ਪਵੇਗੀ।

ਮੈਨੂੰ ਗੱਲ ਜਚ ਰਹੀ ਸੀ।

ਦਰਅਸਲ ਫ਼ਿਲਮ ਦੀ ਕਹਾਣੀ ਬੰਬਈ ਦੇ ਅੰਡਰ ਵਰਲਡ ਬਾਰੇ ਲਿਖੀ ਹੋਈ ਸੀ। ਜੈਕੀ ਉਹਨੀਂ ਦਿਨੀਂ ਕਈ ਫ਼ਿਲਮਾਂ ਵਿਚ ਪੁਲਿਸ ਇੰਸਪੈਕਟਰ ਦਾ ਰੋਲ ਕਰ ਰਿਹਾ ਸੀ। ਉਹ ਪੁਲਿਸ ਦੀ ਵਰਦੀ ਵਿਚ ਜਚਦਾ ਵੀ ਬਹੁਤ ਸੀ, ਉਸਦੀ ਪਰਸੈਨਿਲਟੀ ਸਾਡੀ ਫ਼ਿਲਮ ਦੇ ਹੀਰੋ ਲਈ ਬਿਲਕੁਲ ਢੁਕਵੀਂ ਸੀ।

ਕੁਮਾਰ ਗੌਰਵ ਨੂੰ ਅਸੀਂ ਪੰਜ ਲੱਖ ਰੁਪਏ ਵਿਚ ਸਾਈਨ ਕਰ ਰਹੇ ਸਾਂ ਜਦਕਿ ਜੈਕੀ ਦੀ ਮਾਰਕੀਟ ਪਰਾਈਸ ਦਸ ਲੱਖ ਦੇ ਕਰੀਬ ਸੀ। ਫ਼ਿਲਮ ਕਿਉਂਕਿ ਹੁਣ ਜੈਕੀ ਦੇ ਨਾਂ 'ਤੇ ਮਹਿੰਗੀ ਵਿਕ ਜਾਣੀ ਸੀ, ਇਸ ਲਈ ਅਸੀਂ ਉਸ ਨੂੰ ਸਾਈਨ ਕਰ ਲਿਆ।

ਨੀਲਮ ਦੇ ਪਰਿਵਾਰ ਨਾਲ ਵੀ ਮੇਰੇ ਸਬੰਧ ਬੜੇ ਅੱਛੇ ਸਨ, ਜੈਕੀ ਦੇ ਨਾਂ ਤੋਂ ਉਹ ਨਾਂਹ ਕਿਵੇਂ ਕਰ ਸਕਦੀ ਸੀ।

ਬਾਕੀ ਦੀ ਸਟਾਰ ਕਾਸਟ ਸਾਈਨ ਕਰਕੇ, ਪ੍ਰੋਡਕਸ਼ਨ ਵਿਚ ਕੰਮ ਕਰਨ ਵਾਲੇ, ਕੈਮਰਾਮੈਨ, ਅਸਿਸਟੈਂਟ ਡਾਇਰੈਕਟਰ, ਪਬਲਿਸਟੀ ਮੈਨੇਜਰ, ਲਾਈਟਮੈਨ, ਕੈਟਰਿੰਗ, ਡਾਂਸ ਡਾਇਰੈਕਟਰ, ਸਾਊਂਡ ਰਿਕਾਰਡਸਟ ਤੇ ਅਣਗਿਣਤ ਹੋਰ ਕੰਮ ਕਰਨ ਵਾਲਿਆਂ ਨੂੰ ਅਡਵਾਂਸ ਦੇ ਕੇ ਸਾਈਨ ਕਰ ਲਿਆ ਗਿਆ ਸੀ।

ਅੱਜ ਜੁਹੂ ਦੇ ਇਕ ਬੰਗਲੇ ਵਿਚ ਫ਼ਿਲਮ ਦਾ ਮਹੂਰਤ ਸੀ। ਫ਼ਿਲਮ ਨਾਲ ਸਬੰਧ ਰੱਖਣ ਵਾਲੇ ਸਭ ਆਏ ਹੋਏ ਸਨ। ਇਸ ਤੋਂ ਇਲਾਵਾ, ਫ਼ਿਲਮੀ ਪਰਚੇ ਸਕਰੀਨ, ਫ਼ਿਲਮ ਫੇਅਰ, ਸਾਈਨ ਬਲਿਟਜ਼, ਮੂਵੀ ਤੇ ਕਈ ਹੋਰ ਫ਼ਿਲਮੀ ਕਾਲਮਾਂ ਦੇ ਨੁਮਾਇੰਦੇ ਆਏ ਹੋਏ ਸਨ। ਫ਼ਿਲਮੀ ਰਿਵਾਜ਼ ਮੁਤਾਬਕ ਹਵਨ ਦਾ ਇੰਤਜ਼ਾਮ ਕੀਤਾ ਗਿਆ ਸੀ। ਪੰਡਿਤ ਸ਼ਲੋਕ ਪੜ੍ਹਨ ਲਈ ਉਡੀਕ ਰਿਹਾ ਸੀ, ਮੈਂ ਬਾਬਾ ਗੁਰੂ ਨਾਨਕ ਦੀ ਇਕ ਫੋਟੋ ਨਾਲ ਲੈ ਕੇ ਗਿਆ ਸਾਂ, ਉਹ ਵੀ ਮੈਂ ਦੂਸਰੀਆਂ ਮੂਰਤੀਆਂ ਦੇ ਨਾਲ ਜਾ ਟਿਕਾਈ ਤੇ ਫਿਰ ਹੋਣ ਲੱਗੀ... ਸਵਾਹਾ... ਸਵਾਹਾ।

ਹਵਨ ਤੋਂ ਬਾਅਦ ਨਾਰੀਅਲ ਤੋੜਿਆ ਗਿਆ। ਕਿਸੇ ਵੀ ਫ਼ਿਲਮ ਦੇ ਮਹੂਰਤ ਵੇਲੇ ਨਾਰੀਅਲ ਤੋੜਨਾ ਵੀ ਇਕ ਸ਼ਗਨ ਹੈ। ਹੁਣ ਏਨੇ ਸਾਲਾਂ ਬਾਅਦ ਜਦ ਕਦੇ ਮੈਨੂੰ ਇਹ ਨਾਰੀਅਲ ਜ਼ੋਰ ਜ਼ੋਰ ਕੇ ਫਰਸ਼ 'ਤੇ ਮਾਰ ਕੇ ਤੋੜਨ ਦਾ ਸੀਨ ਯਾਦ ਆਉਂਦਾ ਹੈ ਤਾਂ ਸਮਝ ਆਉਂਦੀ ਹੈ ਕਿ ਉਸ ਵੇਲੇ ਅਸਲ ਵਿਚ ਨਾਰੀਅਲ ਦਾ ਸਿਰ ਨਹੀਂ ਸੀ ਫੋੜਿਆ ਜਾ ਰਿਹਾ ਸਗੋਂ ਮੇਰਾ ਸਿਰ ਫੋੜਨ ਦਾ ਮਹੂਰਤ ਹੋਇਆ ਸੀ। ਟੁੱਟੇ ਨਾਰੀਅਲ ਵਿਚੋਂ ਦੁਧੀਆ ਪਾਣੀ ਨਹੀਂ ਸੀ ਨਿਕਲਿਆ। ਸਗੋਂ ਮੇਰੇ ਸਿਰ ਦਾ ਖ਼ੂਨ, ਮੇਰੀਆਂ ਅੱਖਾਂ ਦੇ ਅਥਰੂ, ਮੇਰੇ ਜ਼ਖ਼ਮ, ਮੇਰੀ ਨਾਰਮਲ ਖੁਸ਼ਹਾਲ ਜ਼ਿੰਦਗੀ ਦੇ ਕੋਮਲ ਫੁੱਲ, ਮੇਰੀ ਪਤਨੀ ਤੇ ਬੱਚਿਆਂ ਦੇ ਹਾਸੇ ਤੋੜੇ ਜਾ ਰਹੇ ਸਨ। ਉਦੋਂ ਨਾਰੀਅਲ ਦੇ ਟੁਕੜੇ ਪੱਕੀ ਫਰਸ਼ 'ਤੇ ਨਹੀਂ ਸੀ ਖਿਲਰੇ ਪਏ ਸਗੋਂ ਮੇਰੀ ਮਿਹਨਤ ਨਾਲ ਕੀਤੀ ਕਮਾਈ, ਬਿਜਨਿਸ ਤੇ ਘਰ ਬਾਰ ਖੇਰੂੰ ਖੇਰੂੰ ਹੋਇਆ ਫਰਸ਼ 'ਤੇ ਖਿਲਰਿਆ ਪਿਆ ਸੀ।

ਚਲਦਾ



ਗੁਰਤੇਜ ਬਰਾੜ
brargogi@gmail.com
780-906-0371

# ਸ਼ਬਦੀ ਗੰਦ ਘੋਲਣ ਵਾਲੀ ਗਾਇਕੀ

ਪੰਜਾਬੀ ਗੀਤ-ਸੰਗੀਤ ਦੁਨੀਆ ਵਿੱਚ ਆਪਣਾ ਵੱਖਰਾ ਸਥਾਨ ਰੱਖਦਾ ਹੈ। ਕਿਸੇ ਵੀ ਬੋਲੀ ਨੂੰ ਅਮੀਰੀ ਪ੍ਰਦਾਨ ਕਰਨ ਵਿਚ ਸੰਗੀਤ ਉਮਦਾ ਰੋਲ ਅਦਾ ਕਰਦਾ ਹੈ। ਪੰਜਾਬੀ ਬੋਲੀ ਵੀ ਆਪਣੇ ਗੀਤ ਸੰਗੀਤ ਕਰਕੇ ਦੁਨੀਆ ਵਿਚ ਆਪਣਾ ਸਿਰਮੌਰ ਸਥਾਨ ਕਾਇਮ ਕਰਨ 'ਚ ਕਾਮਯਾਬ ਹੋਈ ਹੈ। ਗੀਤ ਲੋਕਾਂ ਦੀ ਜ਼ੁਬਾਨ ਹੁੰਦੇ ਨੇ, ਆਮ ਲੋਕਾਂ ਦੀ ਸੋਚ, ਰਹਿਣੀ ਬਹਿਣੀ, ਅਚਾਰ-ਵਿਹਾਰ ਸਭ ਦਾ ਸ਼ੀਸ਼ਾ ਗੀਤ ਹੁੰਦੇ ਹਨ। ਪੰਜਾਬੀ ਦੇ ਸ਼ਾਇਰਾਂ, ਫ਼ਨਕਾਰਾਂ, ਸੰਗੀਤਕਾਰਾਂ ਨੇ ਪੰਜਾਬੀਅਤ ਨੂੰ ਉੱਚਾ ਚੁੱਕਣ ਵਿਚ ਬਣਦਾ ਯੋਗਦਾਨ ਪਾਇਆ, ਪਰ ਅੱਜ ਪੰਜਾਬੀ ਸੰਗੀਤਕ ਫਿਜ਼ਾ ਵਿਚ ਸ਼ਬਦੀ ਗੰਦ ਘੋਲਣ ਵਾਲੇ ਅਜੋਕੇ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਦੀ ਚੜ੍ਹ ਮਚੀ ਹੋਈ ਹੈ। ਇਨ੍ਹਾਂ ਲੋਕਾਂ ਨੇ ਪੰਜਾਬੀਆਂ ਦੀ ਅਣਖ ਇੱਜ਼ਤ ਦੀਆਂ ਗੱਲਾਂ ਕੀਤੀਆਂ ਤਾਂ ਬਹੁਤ ਪਰ ਵਡਿਆਈ ਉਹ ਖਲਨਾਇਕਾਂ ਦੀ ਹੀ ਕਰਦੇ ਹਨ। ਗੱਲ ਸ਼ੁਰੂ ਕਰਦੇ ਹਾਂ ਪਿਛਲੇ ਦਿਨੀ ਵਿਵਾਦਾਂ ਵਿਚ ਰਹੇ ਗਾਇਕ ਦਿਲਜੀਤ ਤੋਂ। ਕਦੇ "ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ" ਤੋਂ ਆਪਣੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਕਰਨ ਨਾਲ ਵੀ ਦਿਮਾਗੀ ਤੌਰ ਤੇ ਇਹ ਕਲਾਕਾਰ ਓਨਾ ਵਿਕਸਤ ਨਹੀਂ ਹੋ ਸਕਿਆ ਅਤੇ ਉਨ੍ਹਾਂ ਹੀ ਧੀਆਂ ਧਰੇਕਾਂ ਦੇ ਲੱਕ ਫੀਤੇ ਨਾਲ ਮਿਣਨ ਤੁਰ ਪਿਆ। ਇਸ ਗਾਣੇ ਦਾ ਸੂਝਵਾਨ ਤਬਕੇ ਵੱਲੋਂ ਵਿਰੋਧ ਤਾਂ ਹੋਇਆ ਪਰ ਉਨਾਂ "ਅਗਾਂਹ-ਵਧੂ" ਲੋਕਾਂ ਦੀ ਵੀ ਗਿਣਤੀ ਬਥੇਰੀ ਸੀ ਜੋ ਇਸ ਗਾਣੇ ਨੂੰ ਅੱਜ ਦੀ ਪੀੜ੍ਹੀ ਦਾ ਗਾਣਾ ਕਰਾਰ ਦਿੰਦੇ ਨਹੀਂ ਸਨ ਥੱਕਦੇ ਅਤੇ ਵਿਰੋਧ ਕਰਨ ਵਾਲਿਆਂ ਨੂੰ ਪਿਛਾਂਹ-ਖਿੱਚੂ ਸੋਚ ਦੇ ਮਾਲਕ ਕਹਿ ਕੇ ਭੰਡਦੇ ਸਨ। ਨਿਊਜ਼ੀਲੈਂਡ ਵਿੱਚ ਰੇਡਿਓ ਤੇ ਚੱਲ ਰਹੀ ਗੱਲਬਾਤ ਦੌਰਾਨ ਏਸ ਤਰ੍ਹਾਂ ਦੇ ਹੀ ਇਕ 'ਅਗਾਂਹਵਧੂ' ਨੇ ਵੀ ਇਹੀ ਵਿਚਾਰ ਪੇਸ਼ ਕੀਤੇ ਕਿ ਤੁਸੀਂ ਲੋਕ ਜ਼ਮਾਨੇ ਨਾਲ ਕਦਮ ਮਿਲਾਉਣ ਵਿੱਚ ਨਾਕਾਮ ਹੋਏ ਹੋ, ਤਾਂ ਅਸੀਂ ਕਿਹਾ ਕਿ ਫੇਰ ਬੱਗੇ ਸਫਰੀ ਨੂੰ ਵੀ ਪਰਿਵਾਰ ਵਿਚ ਬੈਠ ਕੇ ਸੁਣ ਲਿਆ ਕਰੋ, ਹੋ ਸਕਦਾ ਹੈ ਘਰਦਿਆਂ ਤੋਂ ਹੋਰ ਵੱਡੀ ਸ਼ਾਬਾਸ਼ ਮਿਲੇ ਅਤੇ ਜਨਾਬ ਹੋਰੀਂ ਫੋਨ ਕੱਟ ਕੇ ਤੁਰਦੇ ਬਣੇ। ਮੁਕਦੀ ਗੱਲ ਹੱਲਾਸ਼ੇਰੀ ਮਿਲਦੀ ਵੇਖ ਕੇ ਇਹ ਗਾਇਕ ਇਕ ਕਦਮ ਹੋਰ ਅੱਗੇ ਹੋ ਗਿਆ ਅਤੇ ਬੱਚੀਆਂ ਤੱਕ ਜਾ ਪਹੁੰਚਿਆ,"ਤੂੰ ਪੰਦਰਾਂ ਸਾਲ ਤੋਂ ਘੱਟ ਸੋਹਣੀਏ, ਕਿਵੇਂ ਸਹਿ ਲੇਂਗੀ ਦਿਲ ਉਤੇ ਸੱਟ ਸੋਹਣੀਏ"। ਹੁਣ 'ਅਗਾਂਹ-ਵਧੂ' ਸੋਚ ਵਾਲੇ ਲੋਕਾਂ ਨੇ ਤਾਂ ਪਤਾ ਨਹੀਂ ਇਸ ਗੀਤ ਨੂੰ ਕਿਸ ਸ਼੍ਰੇਣੀ ਵਿਚ ਰੱਖਿਆ ਹੋਵੇਗਾ ਪਰ ਇਕ ਸੰਸਥਾ 'ਇਸਤਰੀ ਜਾਗਰਿਤੀ ਮੰਚ' ਨੇ ਅਜਿਹੇ ਗਾਇਕਾਂ ਖਿਲਾਫ਼ ਝੰਡਾ ਚੁੱਕਿਆ ਅਤੇ ਦਿਲਜੀਤ ਦੇ ਘਰ ਮੂਹਰੇ ਧਰਨਾ ਲਾ ਕੇ ਚੰਗਾ ਜਲੂਸ ਕੱਢਿਆ ਅਤੇ ਹੁਣ 'ਗਾਇਕ ਸਾਹਿਬ' ਮੁਆਫੀਆਂ ਮੰਗਦੇ ਫਿਰਦੇ ਹਨ। ਇਸ ਮੰਚ ਨੇ ਐਲਾਨ ਕੀਤਾ ਹੈ ਕਿ ਕੁੜੀਆਂ ਨੂੰ ਕੰਜ਼ਰੀਆਂ ਬਣਾ ਕੇ ਪੇਸ਼ ਕਰਨ ਵਾਲੇ ਗੀਤਾ ਜ਼ੈਲਦਾਰ ਅਤੇ ਗਿੱਪੀ ਗਰੇਵਾਲ ਵਰਗੇ ਸਭ ਇਨ੍ਹਾਂ ਦੇ ਅਗਲੇ ਨਿਸ਼ਾਨੇ ਹਨ। ਗੀਤਾ ਜ਼ੈਲਦਾਰ ਤਾਂ ਹੁਣ ਮੁੰਡਿਆਂ ਨੂੰ ਸੱਦਾ ਦਿੰਦਾ ਫਿਰਦਾ ਹੈ ਕਿ ਉਸ ਨੇ ਤਾਂ ਉਨਾਂ ਦੇ 'ਟਾਈਪ' ਦੇ ਹੀ ਗਾਣੇ ਗਾਏ ਹਨ। ਹੁਣ ਇਸ 'ਔਖੀ ਘੜੀ' ਵਿਚ ਉਹ ਉਸ ਦਾ ਸਾਥ ਦੇਣ। ਯਾਦ ਕਰਾ ਦਈਏ ਕਿ ਇਹ ਉਹੀ ਗੀਤਾ ਜੈਲਦਾਰ ਹੈ ਜੋ ਕਦੇ ਕੁੜੀਆਂ ਨੂੰ ਕਦੇ ਸੈਰ ਦੇ ਬਹਾਨੇ ਅਤੇ ਕਦੇ ਸਾਰੇ ਟੱਬਰ ਨੂੰ ਨੀਂਦ ਦੀਆਂ ਗੋਲੀਆਂ ਦੇ ਕੇ ਯਾਰਾਂ ਨੂੰ ਮਿਲਣ ਜਾਣ ਵਾਲੀਆਂ ਮੱਤਾਂ ਦਿੰਦਾ ਹੈ। ਸੋ ਇਸ ਤਰ੍ਹਾਂ ਦੀ ਬਦਬੂਦਾਰ ਗਾਇਕੀ ਦਾ ਦੌਰ ਲਗਾਤਾਰ ਚੱਲ ਰਿਹਾ ਹੈ। ਰੋਕਣ ਵਾਲਾ ਕੋਈ ਨਹੀਂ। ਖੇਹ ਸਵਾਹ ਗੌਣ ਵਾਲੇ ਤਾਂ ਹੋਰ ਵੀ ਜਣੇ-ਖਣੇ ਬਥੇਰੇ ਤੁਰੇ ਫਿਰਦੇ ਨੇ ਪਰ ਮਕਬੂਲ ਗਾਇਕਾਂ ਦੀ ਗੱਲ ਇਸ ਕਰਕੇ ਕਰਦੇ ਹਾਂ ਕਿ ਜੇ ਲੋਕ ਉਨਾਂ ਨੂੰ ਪਸੰਦ ਕਰਦੇ ਹਨ ਤਾਂ ਗਾਇਕਾਂ ਦੀ ਵੀ ਕੋਈ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਨਹੀਂ? ਕਸੂਰ ਇਕੱਲੇ ਗਾਇਕਾਂ ਦਾ ਹੀ ਨਹੀਂ ਇਸ ਤਰ੍ਹਾਂ ਦੇ ਗੀਤ ਲਿਖਣ ਵਾਲੇ ਵੀ ਬਰਾਬਰ ਦੀ ਧਿਰ ਹਨ। 'ਲੱਕ 28 ਕੁੜੀ ਦਾ 47 ਵੇਟ ਕੁੜੀ ਦਾ' ਲਿਖਣ ਵਾਲੇ ਬਚਨ ਬੇਦਿਲ ਅਤੇ 'ਤੂੰ ਪੰਦਰਾਂ ਸਾਲ ਤੋਂ ਘੱਟ ਸੋਹਣੀਏ' ਲਿਖਣ ਵਾਲੇ ਵੀਟ ਬਲਜੀਤ ਅਤੇ 'ਯਾਰੋ ਆਉਦੀਆਂ ਹੀ ਰਹਿਣੀਆਂ ਕੁੜੀਆਂ ਤੇ ਬੱਸਾਂ' ਦੇ ਗਾਇਕ ਸ਼ੈਰੀ ਮਾਨ ਨੂੰ ਕਿਵੇਂ ਮੁਆਫ ਕੀਤਾ ਜਾ ਸਕਦਾ ਹੈ? ਕੀ ਉਹ ਪਰਿਵਾਰਾਂ ਵਾਲੇ ਨਹੀਂ? ਕੀ ਉਨ੍ਹਾਂ ਨੂੰ ਘਰ ਵਿੱਚ ਕੋਈ ਸਵਾਲ ਨਹੀਂ ਕਰਦਾ? ਇਕ ਹੋਰ 'ਮੋਟਰ ਟਾਈਪ ਗੀਤਕਾਰ' ਨੇ 'ਜਿਹੜੀ ਕੁੜੀ ਕੋਲ ਨੈਟ (ਇੰਟਰਨੈਟ) ਆ, ਸਮਝੋ ਉਹ ਸੈਟ ਆ' ਲਿਖ ਮਾਰਿਆ। ਹੁਣ ਇਹ ਗੀਤ ਲੋਕਾਂ ਦੀਆਂ ਧੀਆਂ ਭੈਣਾਂ ਲਈ ਸੀ ਜਾਂ ਵਿਚਾਰੇ ਨੇ ਆਪਣੇ ਘਰ ਦੀ ਹੀ ਕੋਈ ਮਜ਼ਬੂਰੀ ਬਿਆਨੀ ਇਹ ਤਾਂ ਉਹੀ ਜਾਣੇ। ਪਰ ਸਾਡੀ ਸਲਾਹ ਇਹੀ ਹੈ ਕਿ ਅਰਬਾਂ ਕਰੋੜਾਂ ਦੇ ਕਾਰੋਬਾਰ ਜਿੱਥੇ ਇੰਟਰਨੈਟ ਤੇ ਹੋਈ ਜਾ ਰਹੇ ਨੇ ਤਾਂ ਤੂੰ ਵੀ ਆਪਣਾ ਕੁੱਤਾ ਭੂੰਡ ਆਸ਼ਕੀ ਤੋਂ ਟਪਾ ਲੈ। ਹੋਰ ਵੀ ਬਥੇਰੇ ਇਸ ਤਰ੍ਹਾਂ ਦੇ ਗੀਤ ਚੱਲੀ ਜਾ ਰਹੇ ਨੇ। ਜਿੰਨ੍ਹਾ ਨੂੰ ਸੁਣ ਕੇ ਹਾਸਾ ਵੀ ਆਉਂਦੈ, ਗੁੱਸਾ ਵੀ ਅਤੇ ਉਨਾਂ ਦੀ ਸੋਚ ਤੇ ਤਰਸ ਵੀ; 'ਸੱਪ ਕੌਡੀਆਂ ਵਾਲਾ ਕਹਿੰਦੇ ਤੇਰੇ ਯਾਰ ਪਤੰਦਰ ਨੂੰ', 'ਮਿੱਤਰਾਂ ਦੀ ਵਾਰੀ ਕਿੱਥੇ ਆਉਣ ਦਿੰਦੇ ਆ ਜਿਹੜੇ ਪੰਜ ਸੱਤ ਤੇਰੇ ਨਾਲ ਨੱਚਦੇ', 'ਚਾਹ ਦਾ ਕੱਪ ਪਿਲਾ ਦੇ ਨੀ ਕਦੇ ਘਰੇ ਬੁਲਾ ਕੇ', 'ਹਿਟਲਰ ਬਣ ਗਿਆ ਸੋਹਣੀਏ ਤੇਰੀ ਰਾਖੀ ਕਰਦਾ' ਅਤੇ ਜੁਆਬ ਵਿਚ 'ਹਿਲਟਰ ਕੁਟਣਾ ਸੋਹਣੀਏ ਨੀ ਤੇਰੀ ਰਾਖੀ ਕਰਦਾ'। ਹੁਣ ਤੁਸੀਂ ਆਪ ਹੀ ਸੋਚੋ ਕਿ ਇਸ ਤਰ੍ਹਾਂ ਦੇ ਗਾਣੇ ਕਦੋਂ ਨਾਮ ਕਮਾ ਸਕਣਗੇ। ਜੇ ਇਨਾਂ ਗਾਇਕਾਂ ਨੂੰ ਪੁਛੀਏ ਤਾਂ ਉਹੋ 'ਪੈਟਰੋਲ ਟਾਈਪ' ਦੇ 'ਚੱਲੇ' ਹੋਏ ਗਾਣੇ ਗਿਣਾਉਣ ਲੱਗਦੇ ਨੇ। ਹਾਂ ਇਹ ਗੱਲ ਵੀ ਮੰਨਣਯੋਗ ਹੈ ਕਿ ਕਿਸੇ ਨੇ ਚਾਰ ਦਿਨ ਦੀ ਚਾਂਦਨੀ ਮਾਣ ਲਈ ਹੋਵੇ ਪਰ ਬਾਅਦ ਵਿਚ ਸਮਝ ਇਹੋ ਲੱਗੀ ਕਿ ਇਹ ਗਾਣੇ ਜ਼ਮੀਨਾਂ ਜ਼ਰੂਰ ਵਿਕਾ ਸਕਦੇ ਨੇ ਪਰ ਕੈਸਿਟਾਂ ਨਹੀਂ। ਹੁਣ ਊਟ ਪਟਾਂਗ ਦੋ-ਗਾਣੇ ਗਾਉਣ ਵਾਲੇ ਗਾਇਕਾਂ ਵਿਚੋਂ ਕੋਈ ਨਜ਼ਰ ਨਹੀਂ ਪੈਂਦਾ। ਸਭ ਮਿਸ ਪੂਜਾ ਨੂੰ ਕਰੋੜਪਤੀ ਬਣਾ ਕੇ ਆਪ ਕੰਗਾਲ ਹੋਈ ਘਰੀਂ ਬੈਠੇ ਨੇ।



ਦਿਲਜੀਤ

ਲੋਕ ਵੀ ਅੱਜ ਬੀਟ ਨੂੰ ਹੀ ਪਹਿਲ ਦਿੰਦੇ ਨੇ ਸ਼ਬਦਾਂ ਨੂੰ ਕੋਈ ਨਹੀਂ ਪੁੱਛਦਾ। ਤਾਂ ਹੀ ਤੇ ਹਨੀ ਸਿੰਘ ਵਰਗੇ ਰੈਪ ਦੇ ਨਾਮ ਪੰਜਾਬੀ ਬੋਲੀ ਦਾ ਸ਼ਰੇਆਮ ਚਿੱਟੇ ਦਿਨ ਬਲਾਤਕਾਰ ਕਰੀ ਜਾਂਦੇ ਨੇ ਅਤੇ ਅਸੀਂ ਉਸ ਨੂੰ ਵੀ ਸ਼ਬਾਸ਼ ਦੇ ਦਿੱਤੀ। ਰਾਜ ਕਾਕੜੇ ਦੇ ਕਹਿਣ ਮੁਤਾਬਕ 'ਸਾਡੇ ਲੋਕਾਂ ਨੂੰ ਚੰਗਾ ਸੁਣਨ ਦੀ ਆਦਤ ਨਹੀਂ ਰਹੀ। ਆਸ਼ਕੀ-ਮਸ਼ੂਕੀ ਵਾਲੀ ਲੇਖਣੀ ਨੂੰ ਪੈਸਾ ਵੀ ਮਿਲਦੈ ਅਤੇ ਸ਼ਾਬਾਸ਼ ਵੀ। ਜਦੋਂ ਕਿ 'ਪੰਜਾਬੀਓ ਚਿੜੀ ਬਣਨਾ ਕਿ ਬਾਜ਼' ਦੀ ਵੰਗਾਰ ਨੂੰ ਕੋਈ ਹੁੰਗਾਰਾ ਹੀ ਨਹੀਂ। ਲੋਕਾਂ ਪੱਖੀ ਕਹਾਉਣ ਵਾਲੀਆਂ ਸੰਸਥਾਵਾਂ ਵੀ ਕੰਨਾਂ ਚ' ਕੌੜਾ ਤੇਲ ਪਾਈ ਬੈਠੀਆਂ ਨੇ ਜੇ ਕਦੀ ਬਹੁਤੀ ਗੱਲ ਹੋਵੇ ਤੇ ਇੱਕ ਅੱਧਾ ਅਖਬਾਰੀ ਬਿਆਨ ਦੇ ਕੇ ਕੰਮ ਚਲਾ ਲੈਂਦੀਆਂ ਨੇ।

ਸੋਚਣ ਦੀ ਗੱਲ ਹੈ ਕਿ ਮਾੜੀ ਗਾਇਕੀ ਰਾਹੀਂ ਸਫਲਤਾ ਦੀ ਚਾਹ ਰੱਖਣ ਵਾਲਿਆਂ ਨੂੰ ਸਾਫ਼ ਸੁਥਰੀ ਗਾਇਕੀ ਵਾਲੇ ਸਫਲ ਗਾਇਕਾਂ ਦੀ ਕਤਾਰ ਕਿਉਂ ਨਹੀਂ ਦਿਖ ਰਹੀ। ਚੰਗਾ ਗਾ ਕੇ ਭਾਵੇਂ ਵਕਤੀ ਤੌਰ ਤੇ ਘੱਟ ਸਫਲਤਾ ਮਿਲਦੀ ਹੋਵੇ ਪਰ ਇੱਜ਼ਤ ਪੂਰੀ ਮਿਲਦੀ ਹੈ। ਫੇਰ ਮਾੜਾ ਗੌਣ ਨਾਲੋਂ ਤਾਂ ਇਹ ਫਾਇਦੇ ਦਾ ਸੌਦਾ ਹੀ ਹੈ। ਸਰੋਤਿਆਂ ਨੂੰ ਵੀ ਆਪਣੀ ਸੋਚ ਬਦਲਣੀ ਪਏਗੀ ਅਤੇ ਉਨਾਂ ਵੀ ਇਹ ਤੈਅ ਕਰਨਾ ਪਵੇਗਾ ਕਿ ਉਨ੍ਹਾਂ ਨੇ ਕੀ ਸੁਣਨਾ ਹੈ ਅਤੇ ਅਗਲੀ ਪੀੜ੍ਹੀ ਨੂੰ ਕੀ ਸੁਣਾਉਣਾ ਹੈ। ਹਾਂ ਯਾਦ ਰੱਖਣਾ ਸੋਚ ਉਹੋ ਜਿਹੀ ਹੀ ਬਣੇਗੀ ਜਿਹਾ ਕੰਨ ਸੁਣਨਗੇ। ਜੇ ਹਲਕੀ ਗਾਇਕੀ ਹੀ ਪਸੰਦ ਹੈ ਤਾਂ ਸਿਰ੍ਹਾਣੇ ਹੇਠ ਬਾਂਹ ਦੇ ਸੁੱਤੇ ਰਹੋ ਜੇ ਨਹੀਂ ਤਾਂ ਫੇਰ ਕੰਨੋ ਫੜ ਕੇ ਇਹੋ ਜਿਹੋ ਗਾਇਕਾਂ, ਗੀਤਕਾਰਾਂ ਅਤੇ ਸੰਗੀਤਕਾਰਾਂ ਨੂੰ ਜ਼ਰੂਰ ਪੁਛੋ ਕਿ ਜੋ ਲਿਖਦੇ ਗਾਉਂਦੇ ਹੋ ਕੀ ਇਹ ਆਪਣੇ ਘਰ ਪ੍ਰਵਾਰ ਵਿਚ ਵੀ ਸੁਣ ਸਕਦੇ ਹੋ?

ਜਾਗੋ.. ਨਹੀਂ ਤਾਂ ਹਨੇਰਾ ਹੋਰ ਗੂੜ੍ਹਾ ਹੁੰਦਾ ਜਾਵੇਗਾ।

# ਟਿੱਪ 'ਤੇ ਬਤੀਤ ਹੁੰਦਾ ਜੀਵਨ

ਜੈਪ੍ਰਕਾਸ਼ ਚੌਕਸੇ

ਮੁੰਬਈ ਦੇ ਇਕ ਪ੍ਰਸਿੱਧ ਪੰਜ ਸਿਤਾਰਾ ਹੋਟਲ ਵਿਚ 14 ਫਰਵਰੀ ਨੂੰ ਵੈਲੇਂਟਾਈਨ ਦਿਵਸ ਦੇ ਮੌਕੇ ਪਹਿਲਾਂ ਹੀ ਬੁੱਕ ਕਰਨ ਉਤੇ ਇਕ ਜੋੜੇ ਲਈ ਰਾਤ ਦਾ ਵਿਸ਼ੇਸ਼ ਖਾਣਾ ਸਾਢੇ ਤਿੰਨ ਲੱਖ ਰੁਪਏ ਵਿਚ ਪਰੋਸਿਆ ਜਾਵੇਗਾ। ਹੋਟਲ ਪ੍ਰਬੰਧਕਾਂ ਨੂੰ ਭਰੋਸਾ ਹੈ ਕਿ ਕਈ ਰਈਸ ਇਸ ਤਰ੍ਹਾਂ ਦੇ ਇੰਨੇ ਮਹਿੰਗੇ ਭੋਜਨ ਦਾ ਆਰਡਰ ਦੇਣਗੇ। ਉਨ੍ਹਾਂ ਦੇ ਭੋਜਨ ਪਕਾਉਣ ਵਾਲਿਆਂ ਨੂੰ ਇਸ ਲਈ ਘੱਟੋਂ ਘੱਟ ਤਿੰਨ ਦਿਨ ਪਹਿਲਾਂ ਕਿਹਾ ਜਾਣਾ ਜ਼ਰੂਰੀ ਹੋਵੇਗਾ। ਭੋਜਨ ਵਿਚ ਕੈਵਿਅਰ ਵੀ ਹੋਵੇਗਾ। ਦੱਸਣਯੋਗ ਹੈ ਕਿ ਸਟਰੂਟਜੇਨ ਨਾਮਕ ਮੱਛੀ ਦੇ ਅੰਡਿਆਂ ਨੂੰ ਕੈਵਿਅਰ ਕਹਿੰਦੇ ਹਨ। ਇਹ ਮੱਛੀ ਇਰਾਨ ਅਤੇ ਰੂਸ ਦੇ ਨੇੜੇ ਸਮੁੰਦਰ ਵਿਚ ਹੁੰਦੀ ਹੈ। ਇਸ ਦੇ ਨਾਲ ਡਕ ਦੇ ਮਾਸ ਨਾਲ ਬਣਿਆ ਫੁਈ ਗ੍ਰਾਸ ਨਾਮਕ ਖਾਣਾ ਵੀ ਪਰੋਸਿਆ ਜਾਵੇਗਾ। ਇਸ ਭੋਜਨ ਦੇ ਸਮੇਂ ਫਰਾਂਸ ਤੋਂ ਆਯਾਤ ਕੀਤੀ ਗਈ ਚੋਣਵੀਂ ਵਾਈਨ ਵੀ ਪਿਲਾਈ ਜਾਵੇਗੀ। ਇਕ ਪਲੇਟ ਕੈਵਿਅਰ 12 ਹਜ਼ਾਰ ਰੁਪਏ ਵਿਚ ਪਰੋਸਿਆ ਜਾਂਦਾ ਹੈ। ਉਚ ਵਰਗ ਦੇ ਜੋ ਲੋਕ ਆਮ ਤੌਰ 'ਤੇ ਵਿਦੇਸ਼ ਜਾਂਦੇ ਹਨ, ਉਨ੍ਹਾਂ ਨੂੰ ਇਨ੍ਹਾਂ ਮਹਿੰਗੇ ਭੋਜਨਾਂ ਦੀ ਕਦਰ ਹੁੰਦੀ ਹੈ। ਇਹ ਸਿਰਫ ਉਚ ਵਰਗਾਂ ਦੀ ਚਟੋਰੀ ਜੀਭ ਦੇ ਜ਼ਾਇਕੇ ਦਾ ਮਾਮਲਾ ਹੈ। ਜੇਕਰ ਕਿਸੇ ਆਮ ਆਦਮੀ ਨੂੰ ਕੈਵਿਅਰ ਦਿੱਤਾ ਜਾਵੇ ਤਾਂ ਉਹ ਇਸ ਨੂੰ ਉਸ ਡੋਸੇ ਵਾਂਗ ਖਾਵੇਗਾ, ਜੋ ਠੀਕ ਤਰ੍ਹਾਂ ਪਕਾਇਆ ਨਾ ਗਿਆ ਹੋਵੇ। ਦਰਅਸਲ ਭੋਜਨ ਤੋਂ ਜ਼ਿਆਦਾ ਸਵਾਦ ਪਕਾਇਆ ਜਾਂਦਾ ਹੈ ਅਤੇ ਉਸਨੂੰ ਹਰਮਨ ਪਿਆਰਾ ਬਣਾਉਣਾ ਵੀ ਇਕ ਕਲਾ ਹੈ। ਪੰਜ ਸਿਤਾਰਾ ਹੋਟਲਾਂ ਵਿਚ ਪ੍ਰਮੁੱਖ ਸ਼ੈੱਫ ਦੀ ਤਨਖਾਹ ਲੱਖਾਂ ਵਿਚ ਹੁੰਦੀ ਹੈ। ਇਹ ਤਾਂ ਭਾਰਤੀ ਸੁਆਣੀਆਂ ਹੀ ਹਨ, ਜੋ ਸਦੀਆਂ ਤੋਂ ਮੁਫ਼ਤ ਵਿਚ ਸਵਾਦੀ ਭੋਜਨ ਪੂਰੇ ਪਰਿਵਾਰ ਲਈ ਪਕਾਉਂਦੀਆਂ ਆ ਰਹੀਆਂ ਹਨ। ਉਨ੍ਹਾਂ ਦਾ ਅੱਜ ਤੱਕ ਧੰਨਵਾਦ ਵੀ ਨਹੀਂ ਕੀਤਾ ਗਿਆ।

ਫਿਲਹਾਲ, ਅਜਬ-ਗਜਬ ਭਾਰਤ ਦੀ ਵੱਡੀ ਆਰਥਿਕ ਖਾਈ ਦਾ ਇਸ ਤੋਂ ਵੱਡੀ ਕੀ ਮਿਸਾਲ ਹੋ ਸਕਦੀ ਹੈ ਕਿ ਇਕ ਸਮੇਂ ਦੇ ਭੋਜਨ ਦੀ ਕੀਮਤ ਜ਼ਿਆਦਾਤਰ ਲੋਕਾਂ ਦੀ ਸਾਲਾਨਾ ਆਮਦਨ ਤੋਂ ਜ਼ਿਆਦਾ ਹੈ ਅਤੇ ਜੇਕਰ ਅਸੀਂ ਆਦੀਵਾਸੀ ਖੇਤਰਾਂ ਦੀ ਗੱਲ ਕਰੀਏ ਤਾਂ ਪੂਰੇ ਖੇਤਰ ਦੇ ਵਾਸੀਆਂ ਨੂੰ ਇਹ ਵੀ ਨਹੀਂ ਪਤਾ ਕਿ ਸਾਢੇ ਤਿੰਨ ਲੱਖ ਲਿਖਣ ਵਿਚ ਕਿੰਨੀਆਂ ਸਿਫ਼ਰਾਂ ਲਗਾਉਣੀਆਂ ਪੈਂਦੀਆਂ ਹਨ। ਇਸ ਮਾਮਲੇ ਦਾ ਇਕ ਪੱਖ ਇਹ ਵੀ ਹੈ ਕਿ ਜਿਹੜੇ ਲੋਕਾਂ ਨੇ ਆਪਣੀ ਮਿਹਨਤ ਅਤੇ ਦਿਮਾਗ ਨਾਲ ਬੇਹਿਸਾਬ ਪੈਸਾ ਕਮਾਇਆ ਹੈ, ਉਨ੍ਹਾਂ ਨੂੰ ਸਾਢੇ ਤਿੰਨ ਲੱਖ ਰੁਪਏ ਦਾ ਭੋਜਨ ਕਰਨ ਦਾ ਅਧਿਕਾਰ ਵੀ ਹੈ ਅਤੇ ਆਜ਼ਾਦੀ ਵੀ। ਇਹ ਗੱਲ ਵੱਖਰੀ ਹੈ ਕਿ ਬਰਾਬਰ ਮੌਕੇ ਇਕ ਆਦਰਸ਼ ਸੁਪਨੇ ਹਨ, ਪ੍ਰੰਤੂ ਦੋ ਜੂਨ ਘੱਟੋ ਘੱਟ ਅੱਧਾ ਢਿੱਡ ਖਾਣ ਦਾ ਪੈਦਾਇਸ਼ੀ ਹੱਕ ਸਾਰਿਆਂ ਨੂੰ ਹੋਣਾ ਚਾਹੀਦਾ ਹੈ। ਇਸ ਦੇਸ਼ ਵਿਚ ਪਤਾ ਨਹੀਂ ਕਿੰਨੇ ਲੋਕ ਅਜਿਹੇ ਹਨ, ਜਿਨ੍ਹਾਂ ਨੇ ਪੂਰੀ ਉਮਰ ਵਿਚ ਇਕ ਵਾਰ ਵੀ ਸੰਪੂਰਨ ਭੋਜਨ ਨਹੀਂ ਖਾਇਆ ਹੈ। ਸੰਪੂਰਨ ਭੋਜਨ ਭਾਵ ਕੈਵਿਅਰ ਨਹੀਂ, ਕੇਵਲ ਦੋ ਰੋਟੀਆਂ, ਦਾਲ ਅਤੇ ਸਬਜ਼ੀ ਹਨ। ਬੱਸ ਇੰਨੀ ਹੀ ਆਜ਼ਾਦੀ ਹੈ ਕਿ ਇਕ ਹੀ ਸਬਜ਼ੀ ਨੂੰ ਤਿੰਨ ਕਟੋਰੀਆਂ ਵਿਚ ਪਰੋਸ ਕੇ ਆਪਣੀ ਕਲਪਨਾ ਨਾਲ ਤਿੰਨ ਸਵਾਦਾਂ ਨੂੰ ਜਨਮ ਦੇਈਏ।

ਦਰਅਸਲ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਹਮੇਸ਼ਾਂ ਤੋਂ ਹੀ ਮਨੁੱਖ ਦਾ ਆਦਰਸ਼ ਸੁਪਨਾ ਰਿਹਾ ਹੈ ਅਤੇ ਇਸ ਨੂੰ ਮੁਹੱਈਆ ਕਰਾਉਣ ਲਈ ਕਈ ਸਿਆਸੀ ਨਿਜ਼ਲਮਾਂ ਨੂੰ ਬਣਾਇਆ ਅਤੇ ਅਜ਼ਮਾਇਆ ਗਿਆ ਹੈ। ਅੱਜ ਸਾਡੇ ਦੇਸ਼ ਵਿਚ ਕਿਸੇ ਵੀ ਰਾਜਨੀਤਿਕ ਪਾਰਟੀ ਕੋਲ ਸਿਧਾਂਤ ਨਹੀਂ ਹੈ। ਸਾਰੇ ਸੱਤਾ ਦੇ ਲਾਲਚੀ ਹਨ। ਇਨ੍ਹਾਂ ਸਾਰਿਆਂ ਨੂੰ ਸੱਤਾ ਅਤੇ ਤਾਕਤ ਅਸੀਂ ਤਮਾਸ਼ਬੀਨਾਂ ਨੇ ਹੀ ਦਿੱਤੀ ਹੈ। ਕਦੇ ਭੀੜ ਬਣਕੇ, ਕਦੇ ਤਾੜੀਆਂ ਵਜਾ ਕੇ ਅਤੇ ਕਦੇ ਨਾਅਰੇ ਲਗਾ ਕੇ। ਦਰਅਸਲ ਕਿਸੇ ਵੀ ਵਿਵਸਥਾ ਜਾਂ ਰਾਜਨੀਤਿਕ ਵਿਚਾਰਧਾਰਾ ਦੀ ਸਫ਼ਲਤਾ ਲਈ ਹਰ ਆਦਮੀ ਕੋਲ ਸੁਤੰਤਰ ਤੇ ਨਿਰਪੱਖ ਸੋਚ ਹੋਣੀ ਜ਼ਰੂਰੀ ਹੈ ਅਤੇ ਸਾਡੀਆਂ ਸਿੱਖਿਆ ਸੰਸਥਾਵਾਂ ਕੇਵਲ ਪ੍ਰੀਖਿਆਵਾਂ ਪਾਸ ਕਰਨਾ, ਕਿਸੇ ਵੀ ਕੀਮਤ ਉਤੇ ਸਫ਼ਲਤਾ ਪਾਉਣਾ ਸਿਖਾਉਂਦੀਆਂ ਹਨ। ਜਿਥੇ ਸਿੱਖਿਆ ਸੰਸਥਾਵਾਂ ਪੂਰੀ ਤਰ੍ਹਾਂ ਨਾਲ ਕੇਵਲ ਵਪਾਰਕ ਹੋ ਜਾਣ ਤਾਂ ਜੀਵਨ ਦੀ ਮੁਢਲੀ ਪਾਠਸ਼ਾਲਾ ਭਾਵ ਪਰਿਵਾਰ ਤੋਂ ਹੀ ਸਹੀ ਮੁੱਲਾਂ ਦੇ ਹਾਸਿਲ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ, ਪ੍ਰੰਤੂ ਜੀਵਨ ਦੀ ਜੱਦੋ-ਜਹਿਦ ਅਤੇ ਦੌੜ-ਭੱਜ ਕੁਝ ਇੰਨੀ ਜ਼ਿਆਦਾ ਹੋ ਗਈ ਹੈ ਕਿ ਵਰਤਮਾਨ ਪੀੜ੍ਹੀ ਦੇ ਕੋਲ ਭਵਿਖੀ ਪੀੜ੍ਹੀ ਸਿੰਝਣ ਦਾ ਸਮਾਂ ਹੀ ਨਹੀਂ ਹੈ। ਖੈਰ, ਸਾਢੇ ਤਿੰਨ ਲੱਖ ਰੁਪਏ ਦਾ ਭੋਜਨ ਕਰਨ ਵਾਲਾ ਪੈਂਤੀ ਹਜ਼ਾਰ ਦੀ ਟਿੱਪ ਵੀ ਦਿੰਦਾ ਹੋਵੇਗਾ ਕਿਉਂਕਿ ਉਚ ਵਰਗ ਦੇ ਸਮਾਜਿਕ ਜੀਵਨ ਦਾ ਅਲਿਖਿਤ ਨਿਯਮ ਦਸ ਫੀਸਦੀ ਟਿੱਪ ਦੇਣ ਦਾ ਹੈ। ਇਸ ਤੋਂ ਘੱਟ ਦੇਣ 'ਤੇ ਉਸ ਚਿੱਟੇ ਕੱਪੜੇ ਵਾਲੇ ਵੇਟਰ ਦੇ ਮੱਥੇ ਉਤੇ ਤਿਊੜੀ ਆ ਜਾਂਦੀ ਹੈ। ਅਸੀਂ ਖੁਦ ਆਪਣੀ ਅਣਗਹਿਲੀ ਅਤੇ ਆਪਣੀ ਕੰਮਚੋਰੀ ਨਾਲ ਜੀਵਨ ਦਾ ਅਜਿਹਾ ਭੋਜ ਰਚਿਆ ਹੈ ਕਿ ਟਿੱਪ ਹੀ ਸਾਡੀ ਇਕਮਾਤਰ ਉਮੀਦ ਰਹਿ ਗਈ ਹੈ। ਰਹਿਮ-ਦਿਲੀ ਦੀ ਕੋਈ ਸੀਮਾ ਨਹੀਂ।



# Royal

Royal Executive Homes

# Town Houses in Wildwood

Hurry 70% Sold





Available from **1232 sq** ft. to **1589 sq** ft. with attached Single and Double Garage. Starting price: **$ 299,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud &
- Anthony Henday

**NOW UNDER CONSTRUCTION**

**SHOW HOME OPENING SOON.**







Wild Wood TOWN HOUSES
1820, 34th Ave
Edmonton.

**780-965-7390**
**780-906-4497**
royalexecutivehomes@hotmail.com


Jessy Parihar


Ranjit Deol


Rob Gill

Sales Contact :
Rob Gill : 780-297-1198

ਅਲਬਰਟਾ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਜਿਤਾਉਣ ਲਈ ਹਲਕਾ ਵਾਸੀਆਂ,ਸਮੂਹ ਭਾਈਚਾਰਿਆਂ ਅਤੇ ਸ਼ੁਭਚਿੰਤਕਾਂ ਦਾ ਤਹਿ ਦਿਲੋਂ ਧੰਨਵਾਦ

Sohail
QUADRI
Thanks

Millwoods Constituents, All Communities,
Friends & Well-Wishers For Supporting
his Candidature For P.C. Party Of Alberta
In Millwoods Constituency

Proven Track Record
in Leadership & Entrepreneurship

To share your views and concerns
please call me at 780.850.4080
squadri@shaw.ca

Righteous • Responsible • Reliable



BRIDGEPORT
HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ ਗੱਲਬਾਤ ਕਰੋ
780-935-7718



Lots available for bi-Level
homes in Silverberry Area



For more information call: Dolly Chauhan @ 780-935-7718